# ਕੂਕ ਸਰਹੱਦੋਂ ਪਾਰ ਦੀ

ਮੂਲ ਲੇਖਕ
ਸ.ਗੀਰ ਤਬੱਸੁਮ

ਲਿਪੀਅੰਤਰਨ ਕਰਤਾ
ਸੁਖਮੰਦਰ ਕੌਰ ਮੋਗਾ



# ਕੂਕ ਸਰਹੱਦੋਂ ਪਾਰ ਦੀ

ਮੂਲ ਲੇਖਕ
**ਸ.ਗੀਰ ਤਬੱਸੁਮ**

ਲਿਪੀਅੰਤਰਨ ਕਰਤਾ
**ਸੁਖਮੰਦਰ ਕੌਰ ਮੋਗਾ**

**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

# Kook Sarhaddon Paar Di

by

**Saghir Tabessum**
Madina Town, Near Allied School,
Bahawalnagar, (Pakistan)
Mob.: +9230079-22071

Translator
**Sukhmander Kaur Moga**
Mob.: 70870-86575

**ISBN: 978-93-48639-45-5**

**Edition 2025**

**© Author**

Published by
**Saptrishi Publication**
Plot No. 25/6, Industrial Area, Phase-2,
Near Tribune Chowk, Chandigarh.
E-mail-: sapatrishi94@gmail.com
**Visit us at : www.saptrishipublication.com**
94638-36591, 77174-65715
*All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Publisher and Author.*

**Printed at Saptrishi Printers**

# ਤਤਕਰਾ


- ਲਹਿੰਦੇ ਪੰਜਾਬ ਦਾ ਚੜ੍ਹਦੇ ਪੰਜਾਬ ਨੂੰ ਇਕ ਨਾਯਾਬ ਤੋਹਫ਼ਾ ਕੂਕ ਸਰਹੱਦੋਂ ਪਾਰ ਦੀ 6
  **ਕੁਲਦੀਪ ਸਿੰਘ ਦੀਪ** (**ਡਾ.**)
- ਦੋ ਸ਼ਬਦ 12
  **ਸੁਖਮੰਦਰ ਕੌਰ ਮੋਗਾ**
- ਰੇਸ਼ਮੀ ਧਾਗਿਆਂ 'ਚ ਮੁਹੱਬਤਾਂ ਦੇ ਮੋਤੀ ਪਰੋਂਦਾ ਸ਼ਾਇਰ ਆਮਿਰ ਸੁਹੇਲ 14
- ਰੋਹੀ ਦਾ ਨੁਮਾਇੰਦਾ ਸ਼ਾਇਰ ਪੀਰ ਬਖ਼ਸ਼ ਰੁਹੇਲਾ 19
- ਅਦਬ ਲਈ ਹਯਾਤੀ ਵਕਫ਼ ਕਰ ਦੇਣ ਵਾਲਾ ਗੁਲਜ਼ੇਬ ਅੱਬਾਸੀ 21
- ਮੇਰੀ ਧਰਤੀ ਦਾ ਮਾਣ ਤੇ ਮਹਾਨ ਖੋਜਕਾਰ ਫ਼ਜ਼ਲ ਫ਼ਰੀਦ ਲਾਲੇ ਕਾ 24
- ਇਕ ਹੋਰ ਸਿਤਾਰਾ ਡੁੱਬ ਗਿਆ ਡੂੰਘੀਆਂ ਰਮਜ਼ਾਂ ਦਾ ਸ਼ਾਇਰ ਸਲੀਮ ਨਜ਼ਰ 28
- ਆਜਜ਼ੀ ਤੇ ਇੰਕਸਾਰੀ ਦੀਆਂ ਜ਼ੰਜੀਰਾਂ 'ਚ ਜਕੜਿਆ ਸ਼ਾਇਰ – ਖ਼ਾਵਰ ਵਹੀਦ 34
- ਨਵੇਕਲੇ ਡਿਕਸ਼ਨ ਦਾ ਸ਼ਾਇਰ ਇਮਤਿਆਜ਼ ਸਰਵਰ 40
- ਹਿਜਰ ਤੇ ਇਕਲਾਪੇ ਕੱਟਦੀਆਂ ਨਜ਼ਮਾਂ ਦਾ ਸ਼ਾਇਰ ਅਜਮਲ ਖ਼ਿਆਲ 45
- ਗਵਾਚੇ ਸਿਰਨਾਵਿਆਂ ਦਾ ਗਵਾਚਿਆ ਸ਼ਾਇਰ ਅਹਿਮਦ ਰਸ਼ੀਦ ਭੱਟੀ 49
- ਚੰਨ ਦੇ ਨਾਲ਼ ਸਟਾਪੂ ਖੇਡਦਾ ਸ਼ਾਇਰ ਹਸਨ ਇਰਸ਼ਾਦ 54
- ਦਿਲਾਂ ਦੇ ਤਾਰ ਹਿਲਾ ਦੇਣ ਵਾਲ਼ਾ ਸ਼ਾਇਰ ਅਫ਼ਜ਼ਲ ਰਾਜਪੂਤ 57
- ਅਦਬ ਦੇ ਸਮੁੰਦਰਾਂ ਦਾ ਤਾਰੂ ਫ਼ਾਰੂਕ ਨਦੀਮ 63
- ਹਨੇਰਿਆਂ ਵਿਚ ਦੀਵੇ ਬਾਲਦਾ ਸ਼ਾਇਰ – ਕੈਫ਼ੀ 69
- ਚਿਸ਼ਤੀਆਂ ਦਾ ਦਰਵੇਸ਼ ਸ਼ਾਇਰ – ਆਸ਼ਿਕ–ਅਲੀ–ਅੰਜੁਮ 73
- ਕਣਕਾਂ 'ਚ ਖਲੋਤਾ ਰੰਗਲਾ ਮੋਰ ਸ਼ਹਿਜ਼ਾਦ ਜੋਈਆ ਦੀ ਵੇਲ 77
- ਬੰਦ ਗਲੀ ਦੇ ਆਖ਼ਰੀ ਮਕਾਨ ਦਾ ਵਾਸੀ ਇਮਰਾਨ ਨਕਵੀ 82
- ਅਸਾਂ ਪੰਛੀ ਥਲ ਦਿਆਂ ਟਿੱਬਿਆਂ ਦੇ ਅਲੀ ਅਰਸ਼ਦ ਮੀਰ ਦੀ ਸ਼ਾਇਰੀ 87
- ਹੁੰਮਸ ਭਰੇ ਮੌਸਮਾਂ 'ਚ ਤਾਜ਼ਾ ਹਵਾ ਦਾ ਬੁੱਲਾ ਤਲਹਾ ਬਿਨ ਸੁਹੇਲ 92

- ਸੜਦੇ ਥਲ ਵਿੱਚ ਮੀਂਹ ਦਾ ਬੱਦਲ ਨਸੀਮ ਗੁਲਫ਼ਾਮ 97
- ਪੈਂਡੇ ਚੱਟਣ ਤਲੀਆਂ ਮੁਸ਼ਤਾਕ ਕਮਰ ਦੀ ਸ਼ਾਇਰੀ 102
- ਡੂੰਘੀਆਂ ਰਮਜ਼ਾਂ ਦਾ ਮਹਾਨ ਸ਼ਾਇਰ ਸਲੀਮ ਸ਼ਹਿਜ਼ਾਦ 106
- ਲੋਕਾਈ ਨਾਲ ਜੁੜਿਆ ਅਣਮੁੱਲਾ ਸ਼ਾਇਰ ਇਸਹਾਕ ਸਹੋਤਾ 115
- ਪੀੜਾਂ ਭਰੀ ਹਯਾਤੀ 'ਚ ਮੁਹੱਬਤਾਂ ਦੇ ਗੀਤ ਗਾਉਂਦਾ ਸ਼ਾਇਰ – ਰਸ਼ੀਦ ਫੱਟੜ 120
- ਸੋਚਾਂ ਉੱਤੇ ਕੱਲਰ ਤੇ ਸੱਧਰਾਂ ਉੱਤੇ ਸੇਮ ਰਾਓ ਇਨਾਮ ਉਲਾ ਖ਼ਾਨ 123
- ਰੋਹੀ ਵਿਚ ਬਹਾਰ ਸਾਦ–ਉੱਲਾ–ਸ਼ਾਹ ਦਾ ਸ਼ੇਅਰੀ ਸਫ਼ਰ 127
- ਉਰਦੂ ਸ਼ਬਦਾਂ ਦੇ ਪੰਜਾਬੀ ਅਰਥ 131

# ਲਹਿੰਦੇ ਪੰਜਾਬ ਦਾ ਚੜ੍ਹਦੇ ਪੰਜਾਬ ਨੂੰ ਇਕ ਨਾਯਾਬ ਤੋਹਫ਼ਾ
# ਕੂਕ ਸਰਹੱਦੋਂ ਪਾਰ ਦੀ

ਸ਼ਗੀਰ ਤਬੱਸੁਮ ਦੁਆਰਾ ਲਿਖੀ ਵਾਰਤਕ ਦੀ ਪੁਸਤਕ 'ਕੂਕ ਸਰਹੱਦੋਂ ਪਾਰ ਦੀ' ਲਹਿੰਦੇ ਪੰਜਾਬ ਵੱਲੋਂ ਚੜ੍ਹਦੇ ਪੰਜਾਬ ਨੂੰ ਦਿੱਤਾ ਗਿਆ ਨਾਯਾਬ ਤੋਹਫ਼ਾ ਹੈ ਅਤੇ ਇਸ ਤੋਹਫ਼ੇ ਦਾ ਮਾਧਿਅਮ ਬਣੀ ਹੈ–ਸੁਖਮੰਦਰ ਕੌਰ। ਸ਼ਗੀਰ ਤਬੱਸੁਮ ਦਾ ਸਬੰਧ ਪੰਜਾਬ ਦੇ ਵੱਡੇ ਜ਼ਿਲ੍ਹੇ ਬਹਾਵਲਨਗਰ ਨਾਲ ਹੈ। ਇਸ ਖੇਤਰ ਦੇ ਅਦਬ ਦੀ ਇਕ ਆਪਣੀ ਵਿਰਾਸਤ ਹੈ। ਇਸ ਖੇਤਰ ਦਾ ਸਬੰਧ ਚਿਸਤੀ ਸੰਪਰਦਾਇ ਨਾਲ ਸਬੰਧਤ ਸੂਫੀ ਸ਼ੇਖ ਖਵਾਜਾ ਤਾਜੁਦੀਨ ਚਿਸ਼ਤੀ ਨਾਲ ਹੈ ਜੋ ਪੰਜਾਬੀ ਅਦਬ ਦੇ ਪਿਤਾਮਾ ਦੇ ਤੌਰ 'ਤੇ ਜਾਣੇ ਜਾਂਦੇ ਸ਼ੇਖ ਫਰੀਦ–ਉਦ–ਦੀਨ ਗੰਜਸ਼ਕਰ ਦਾ ਪੋਤਾ ਸੀ। ਸਦੀਆਂ ਤੋਂ ਪੰਜਾਬੀ ਅਦਬ ਨਾਲ ਸਿੰਜੀ ਇਸ ਵਿਰਾਸਤੀ ਧਰਤੀ ਦਾ ਵਸਨੀਕ ਸ਼ਗੀਰ ਤਬੱਸੁਮ ਲਹਿੰਦੇ ਪੰਜਾਬ ਦਾ ਮਕਬੂਲ ਸ਼ਾਇਰ ਹੈ। ਉਹ ਪੰਜਾਬੀ ਮਾਂ ਬੋਲੀ ਨਾਲ ਜਨੂੰਨ ਦੀ ਹੱਦ ਤਕ ਪਿਆਰ ਕਰਨ ਵਾਲਾ ਪੰਜਾਬੀ ਜੀਉੜਾ ਹੈ। ਇਸ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਪੰਜਾਬੀ ਰਹਿਤਲ ਨੂੰ ਆਪਣੀ ਮਾਂ ਬੋਲੀ ਵਿਚ ਹੀ ਪ੍ਰਗਟਾਇਆ ਜਾ ਸਕਦਾ ਹੈ, ਕਿਸੇ ਹੋਰ ਬੋਲੀ ਵਿਚ ਨਹੀਂ। ਉਹ ਆਪਣੀ ਇਕ ਕਵਿਤਾ 'ਉਰਦੂ ਬੋਲਣ ਵਾਲੀਏ ਕੁੜੀਏ' ਵਿਚ ਕੁਝ ਅਜਿਹੇ ਹੀ ਖ਼ਿਆਲ ਵਿਅਕਤ ਕਰਦਾ ਹੈ:

ਉਰਦੂ ਬੋਲਣ ਵਾਲੀਏ ਕੁੜੀਏ
ਤੂੰ ਕੀ ਜਾਣੇ
ਪਿੰਡ ਦੀ ਜੱਟੀ
ਦੁੱਲਾ ਭੱਟੀ
ਜੰਗਲਾਂ ਅੰਦਰ ਅੱਗ ਵਿਖਾਈ
ਦੁਲੇ ਕਿਸ ਤਰ੍ਹਾਂ ਧੀ ਵਿਆਹੀ
ਹਿੰਦੂ ਮੁਸਲਿਮ ਸਿੱਖ ਇਸਾਈ
ਲੋਹੜੀ ਦੇ ਦਿਨ ਖਾਣ ਮਿਠਾਈ
ਤੂੰ ਕੀ ਜਾਣੇ ਸ਼ੱਕਰ ਵੰਡ ਕੇ
ਧੀ ਵਿਆਹੁਣਾ
ਅੱਗ ਧੁਖਾਣਾ
ਦਰਦ ਘਟਾਣਾ...

ਉਰਦੂ ਬੋਲਣ ਵਾਲੀਏ ਕੁੜੀਏ
ਤੂੰ ਕੀ ਜਾਣੇ
ਠੰਡੀ ਸੀਤ ਹਵਾ ਦੇ ਅੰਦਰ
ਬਾਲਣ ਬਾਲ ਕੇ ਅੱਗ ਭਖਾਣਾ
ਲੋੜ੍ਹੀ ਮੰਗਣਾ
ਢੋਲ ਵਜਾਣਾ
ਹੱਥਾਂ ਦੇ ਵਿੱਚ ਹੱਥ ਫੜਾ ਕੇ
ਲੁੱਡੀਆਂ ਪਾਣਾ
ਲੱਡੂ ਖਾਣਾ
ਅੱਖਾਂ ਮੀਟ ਕੇ ਦੁਲਾ ਲੱਭਣਾ
ਦੇਸ ਪੰਜਾਬ ਦਾ ਬੁੱਲ੍ਹਾ ਲੱਭਣਾ

ਇਸ ਪੁਸਤਕ ਤੋਂ ਪਹਿਲਾਂ ਵੀ ਉਸ ਦੀ ਸ਼ਾਇਰੀ ਦੀ ਇਕ ਪੁਸਤਕ 'ਹੋਰ ਮੁਹੱਬਤ ਨਈਂ ਕਰਨੀ' ਸ਼ਾਹਮੁਖੀ ਤੋਂ ਗੁਰਮੁਖੀ ਵਿਚ ਲਿਪੀਆਂਤਰਿਤ ਹੋ ਚੁੱਕੀ ਹੈ। ਉਸ ਦੀ ਸ਼ਾਇਰੀ ਦੇ ਬਹੁਤ ਸਾਰੇ ਰੰਗ ਹਨ। ਉਸ ਦਾ ਸਿਰਜਿਆ ਟੱਪਾ ਉਸ ਦੀ ਸਾਦਗੀ ਅਤੇ ਗਹਿਰਾਈ ਦਾ ਪ੍ਰਮਾਣ ਹੈ:

ਬੰਦ ਕਮਰੇ ਦੀ ਵਾਰੀ ਏ
ਅੱਜ ਤੇਰੇ ਰੂਪ ਵਰਗੀ
ਰੱਬ ਗ਼ਜ਼ਲ ਉਤਾਰੀ ਏ

ਹਥਲੀ ਪੁਸਤਕ ਉਸ ਦੀ ਵਾਰਤਕ ਦੀ ਪੁਸਤਕ ਹੈ, ਜਿਸ ਵਿਚ ਉਸ ਨੇ ਬਹਾਵਲਪੁਰ ਇਲਾਕੇ ਦੇ 25 ਦੇ ਕਰੀਬ ਸ਼ਾਇਰਾਂ ਦੇ ਸ਼ਬਦ ਚਿਤਰ ਲਿਖੇ ਹਨ। ਲਹਿੰਦੇ ਪੰਜਾਬ ਦੀ ਠੇਠ ਪੰਜਾਬੀ ਨੂੰ ਸੂਫੀ ਦਰਸ਼ਨ ਦੀਆਂ ਛੋਹਾਂ ਦੇ ਕੇ ਜਿਸ ਰੌਚਕ ਅਤੇ ਲਿਸ਼ਕਵੇਂ-ਪੁਸ਼ਕਵੇਂ ਅੰਦਾਜ਼ ਵਿਚ ਉਸ ਨੇ ਪੇਸ਼ ਕੀਤਾ ਹੈ, ਉਹ ਬਾਕਮਾਲ ਹੈ। ਉਹ ਪਾਠਕ ਨੂੰ ਉਂਗਲ ਫੜ ਕੇ ਨਾਲ ਤੋਰ ਲੈਂਦਾ ਹੈ ਅਤੇ ਫਿਰ ਏਨਾ ਕੁ ਰਵਾਂ ਕਰ ਲੈਂਦਾ ਹੈ ਕਿ ਉਹ ਉਂਗਲ ਅਖੀਰ ਤੀਕ ਛੁਟਦੀ ਨਹੀਂ। ਵਧੀਆ ਸ਼ਬਦ ਚਿਤਰਕਾਰ ਉਹ ਹੁੰਦਾ ਹੈ ਜਿਸ ਦੁਆਰਾ ਚਿਤਰੇ ਵਿਅਕਤੀ ਬਾਰੇ ਹੋਰ ਜਾਣਨ ਅਤੇ ਪੜ੍ਹਨ ਦੀ ਲਾਲਸਾ ਪੈਦਾ ਹੋਵੇ ਤੇ ਸ.ਗੀਰ ਤਬੱਸੁਮ ਆਪਣੇ ਪਾਠਕ ਅੰਦਰ ਉਹ ਲਾਲਸਾ ਪੈਦਾ ਕਰਦਾ ਹੈ। ਉਸ ਦੀ ਸ਼ਬਦ ਜੜ੍ਹਤ ਅਤੇ ਮੈਟਾਫਰੀ ਕਮਾਲ ਦਾ ਕ੍ਰਿਸ਼ਮਾ ਉਸ ਦੇ ਸ਼ਬਦ ਚਿਤਰਾਂ ਦੇ ਸਿਰਲੇਖਾਂ ਤੋਂ ਹੀ ਬਾਖ਼ੂਬੀ ਲੱਗ ਜਾਂਦਾ ਹੈ:

- ਰੇਸ਼ਮੀ ਧਾਗਿਆਂ 'ਚ ਮੁਹੱਬਤਾਂ ਦੇ ਮੋਤੀ ਪਰੋਂਦਾ ਸ਼ਾਇਰ ਆਮਿਰ ਸੁਹੇਲ
- ਅਦਬ ਲਈ ਹਯਾਤੀ ਵਕਫ਼ ਕਰ ਦੇਣ ਵਾਲਾ ਗੁਲਜ਼ੇਬ ਅੱਬਾਸੀ

- ਆਜਜ਼ੀ ਤੇ ਇੰਕਸਾਰੀ ਦੀਆਂ ਜ਼ੰਜੀਰਾਂ 'ਚ ਜਕੜਿਆ ਸ਼ਾਇਰ ਖ਼ਾਵਰ ਵਹੀਦ
- ਨਵੇਕਲੇ ਡਿਕਸ਼ਨ ਦਾ ਸ਼ਾਇਰ ਇਮਤਿਆਜ਼ ਸਰਵਰ
- ਹਿਜਰ ਤੇ ਇਕਲਾਪੇ ਕੱਟਦੀਆਂ ਨਜ਼ਮਾਂ ਦਾ ਸ਼ਾਇਰ ਅਜਮਲ ਖ਼ਿਆਲ
- ਗਵਾਚੇ ਸਿਰਨਾਵਿਆਂ ਦਾ ਗਵਾਚਿਆ ਸ਼ਾਇਰ ਅਹਿਮਦ ਰਸ਼ੀਦ ਭੱਟੀ
- ਚੰਨ ਦੇ ਨਾਲ ਸਟਾਪੂ ਖੇਡਦਾ ਸ਼ਾਇਰ ਹਸਨ ਇਰਸ਼ਾਦ
- ਕਣਕਾਂ 'ਚ ਖਲੋਤਾ ਰੰਗਲਾ ਮੋਰ ਸ਼ਹਿਜ਼ਾਦ ਜੋਈਆ ਦੀ ਵੇਲ
- ਬੰਦ ਗਲੀ ਦੇ ਆਖ਼ਰੀ ਮਕਾਨ ਦਾ ਵਾਸੀ ਇਮਰਾਨ ਨਕਵੀ
- ਹੁੰਮਸ ਭਰੇ ਮੌਸਮਾਂ 'ਚ ਤਾਜ਼ਾ ਹਵਾ ਦਾ ਬੁੱਲਾ ਤਲਹਾ ਬਿਨ ਸੁਹੇਲ
- ਸੜਦੇ ਥਲ ਵਿੱਚ ਮੀਂਹ ਦਾ ਬੱਦਲ ਨਸੀਮ ਗੁਲਫ਼ਾਮ
- ਪੀੜਾਂ ਭਰੀ ਹਯਾਤੀ 'ਚ ਮੁਹੱਬਤਾਂ ਦੇ ਗੀਤ ਗਾਉਂਦਾ ਸ਼ਾਇਰ – ਰਸ਼ੀਦ ਫੱਟੜ
- ਸੋਚਾਂ ਉੱਤੇ ਕੱਲਰ ਤੇ ਸੱਧਰਾਂ ਉੱਤੇ ਸੇਮ ਰਾਓ ਇਨਾਮ ਉਲਾ ਖ਼ਾਨ

ਉਸ ਨੇ ਜਿਨ੍ਹਾਂ ਸ਼ਾਇਰਾਂ ਬਾਰੇ ਲਿਖਿਆ ਹੈ, ਪਹਿਲਾਂ ਉਹਨਾਂ ਨੂੰ ਚੰਗੀ ਤਰ੍ਹਾਂ ਸਮਝਿਆ ਅਤੇ ਮਾਣਿਆ ਹੈ, ਉਹਨਾਂ ਦੀ ਸ਼ਾਇਰਾਨਾ ਕੈਫ਼ੀਅਤ ਦੇ ਰੰਗਾਂ ਤੇ ਪਰਤਾਂ ਨੂੰ ਨੀਝ ਨਾਲ ਤੱਕਿਆ ਹੈ ਅਤੇ ਫਿਰ ਉਸ ਦੇ ਹਾਣ ਦੇ ਸ਼ਬਦਾਂ ਰਾਹੀਂ ਪ੍ਰਗਟਾਇਆ ਹੈ। ਜਿਵੇਂ ਪਹਿਲੇ ਸ਼ਬਦ ਚਿਤਰ 'ਰੇਸ਼ਮੀ ਧਾਗਿਆਂ 'ਚ ਮੁਹੱਬਤਾਂ ਦੇ ਮੋਤੀ ਪਰੋਂਦਾ ਸ਼ਾਇਰ ਆਮਿਰ ਸੁਹੇਲ' ਵਿਚ ਉਸ ਨੇ ਆਮਿਲ ਸੁਹੇਲ ਦੀ ਸ਼ਾਇਰੀ ਦੀ ਕੈਫ਼ੀਅਤ ਨੂੰ ਸ਼ਾਇਰਾਨਾ ਰੰਗਤ ਵਿਚ ਹੀ ਪ੍ਰਗਟਾਇਆ ਹੈ:

ਆਮਿਰ ਸੁਹੇਲ ਦੇ ਸ਼ੇਅਰਾਂ ਦਾ ਰੰਗ ਸੱਜਰੇ ਗੁਲਾਬਾਂ ਦੀ ਤਰ੍ਹਾਂ ਦੂਰੋਂ ਹੀ ਨਜ਼ਰ ਆ ਜਾਂਦਾ ਹੈ, ਜਦੋਂ ਉਹ ਮੁਹੱਬਤਾਂ ਦੀ ਗੱਲ ਕਰਦਾ ਹੈ ਤੇ ਬਾਗਾਂ ਵਿੱਚ ਰੰਗ-ਬਿਰੰਗੀਆਂ ਤਿਤਲੀਆਂ ਕਿੱਕਲੀਆਂ ਪਾਉਂਦੀਆਂ ਤੇ ਕੋਇਲਾਂ ਰਾਗ ਏਮਨ ਕਲਿਆਣ ਵਿੱਚ ਗੀਤ ਗਾਉਂਦੀਆਂ ਵਖਾਲੀ ਦਿੰਦੀਆਂ ਨੇ। ਆਮਿਰ ਸੁਹੇਲ ਦੇ ਸ਼ੇਅਰਾਂ ਵਿੱਚ ਸੱਜਰੇ ਗੁਲਾਬਾਂ ਵਰਗੀ ਤਾਜ਼ਗੀ ਹੈ, ਜਿਹੜੀ ਹਯਾਤੀ ਦੇ ਵਿਰਾਨ ਖੰਡਰਾਂ 'ਚ ਰਾਹ ਲੱਭਦੀਆਂ ਰੂਹਾਂ ਨੂੰ ਸਕੂਨ ਬਖ਼ਸ਼ਦੀ ਹੈ। ਆਪਣੇ ਸੀਨੇ ਅੰਦਰ ਜਹਾਨ ਭਰ ਦਾ ਦਰਦ ਸਾਂਭ ਕੇ ਰੱਖਣ ਵਾਲਾ ਆਮਿਰ ਸੁਹੇਲ ਜਦੋਂ ਮੁਹੱਬਤਾਂ ਦੇ ਮੱਥੇ 'ਤੇ ਗੁੰਝਲਾਂ ਮਾਰਦੀ ਹਯਾਤੀ ਦੇ ਫ਼ਿਕਰ ਦੀ ਕਾਲੀ ਲਕੀਰ ਵੇਖਦਾ ਹੈ ਤਾਂ ਇਕਦਮ ਖੜ੍ਹੋ ਜਾਂਦਾ ਹੈ ਤੇ ਮੁਹੱਬਤਾਂ ਦੇ ਹੱਥ ਵਿਚ ਹੱਥ ਪਾ ਕੇ ਛੇਤੀ ਜਿਹੀ ਆਖਦਾ ਹੈ ਕਿ:

ਤੂੰ ਸਿੱਧੀ ਤੇ ਸਿੱਧਾ ਮੈਂ
ਬਾਕੀ ਸਾਰੀ ਦੁਨੀਆਂ ਗੋਲ਼।
ਮੈਨੂੰ ਆਪਣੇ ਨਾਮ ਲਵਾ
ਚੱਲ ਚੱਲੀਏ ਪਟਵਾਰੀ ਕੋਲ਼।

ਇਸੇ ਤਰ੍ਹਾਂ ਉਹ ਆਪਣੇ ਖਿੱਤੇ ਦੇ ਇਕ ਹੋਰ ਸ਼ਾਇਰ ਗੁਲਜ਼ੇਬ ਅੱਬਾਸੀ ਬਾਰੇ ਆਪਣੇ ਖ਼ੂਬਸੂਰਤ ਅੰਦਾਜ਼ ਵਿਚ ਲਿਖਦਾ ਹੈ:

ਸ਼ਹਿਰ ਦੀਆਂ ਪੱਕੀਆਂ ਸੜਕਾਂ 'ਤੇ ਚੰਘਾੜਦੀਆਂ ਮੋਟਰਾਂ ਦੇ ਸ਼ੋਰ ਅੰਦਰ ਲੁਕੀ ਹਯਾਤੀ ਦੀਆਂ ਪੀੜਾਂ ਨੂੰ ਦੂਰ ਪਿੰਡ ਦੀਆਂ ਟਾਹਲੀਆਂ ਦੀਆਂ ਠੰਡੀਆਂ ਛਾਵਾਂ ਹੇਠਾਂ ਬੈਠ ਕੇ ਉਲੀਕਣਾ ਥੋੜ੍ਹਾ ਮੁਸ਼ਕਿਲ ਕੰਮ ਹੈ ਪਰ ਗੁਲਜ਼ੇਬ ਅੱਬਾਸੀ ਦਾ ਕਮਾਲ ਇਹ ਹੈ ਕਿ ਉਹ ਦੂਰ ਖਲੋਤੇ ਕਿੱਕਰਾਂ 'ਤੇ ਬੈਠੇ ਪੱਖੂਆਂ ਦੀਆਂ ਦੱਸੀਆਂ ਅੱਖਾਂ ਵੇਖ ਕੇ ਉਹਨਾਂ ਦਾ ਦਰਦ ਪਛਾਣ ਲੈਂਦਾ ਹੈ। ਉਹ ਪੈਰਾਂ ਹੇਠ ਵਿਛੇ ਸਰ-ਸਬਜ਼ ਖੇਤਾਂ ਨੂੰ ਦੂਰ ਬੰਜਰ ਧਰਤੀ ਦੇ ਪੀਲੇ ਮੁੱਖ ਦੀਆਂ ਤਰੇੜਾਂ ਵੇਖ ਕੇ ਤੜਫ਼ ਜਾਂਦਾ ਹੈ, ਉਹਦਾ ਵਜੂਦ ਕੰਬ ਜਾਂਦਾ ਹੈ ਤੇ ਧਰਤੀ ਮਾਂ ਦਾ ਇਹ ਹਾਲ ਵੇਖ ਕੇ ਖੇਤਾਂ ਦੇ ਬੰਨਿਆਂ 'ਤੇ ਬਹਿ ਕੇ ਚੀਖ-ਚੀਖ ਕੇ ਆਖਦਾ ਹੈ ਕਿ:

ਹਾਸਿਆਂ ਦੇ ਵਿਚ ਚੀਕਾਂ ਯਾਰੋ
ਚੀਕਾਂ ਵਿੱਚ ਕੁਰਲਾਟ
ਕਿਹੜਾ ਖੇਡੇ ਲੁਕਣ ਮੀਟੀਆਂ
ਕਿਹੜਾ ਗਿੱਧੇ ਪਾਵੇ
ਸਾਹ ਸਾਹ ਕੰਬੇ ਦਿਲੜੀ
ਕੀ ਮੈਂ ਗੀਤ ਸਹੇੜਾਂ
ਧਰਤੀ ਮੁੱਖ ਤਰੇੜਾਂ।

ਉਹ ਬੰਦੇ ਨੂੰ ਅੰਦਰੋਂ ਫੜਨ ਦਾ ਮਾਹਿਰ ਹੈ। ਉਸ ਦੀ ਡੂੰਘੀ ਨੀਝ ਬੰਦੇ ਦੀਆਂ ਦਸਾਂ ਦੇਹੀਆਂ ਦੇ ਦੀਦਾਰ ਕਰਦੀ ਵੀ ਹੈ ਅਤੇ ਕਰਵਾਉਂਦੀ ਵੀ ਹੈ। ਕਿਸੇ ਬੰਦੇ ਦੀ ਸਿਰਜਣ ਪ੍ਰਕਿਰਿਆ ਅਤੇ ਉਸ ਪ੍ਰਕਿਰਿਆ ਦੇ ਪਿਛੋਕੜ ਵਿਚ ਪਏ ਭੂਚਾਲਾਂ-ਤੂਫਾਨਾਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਉਹ ਉਹਨਾਂ ਦਾ ਤੁਆਰਫ਼ ਪਾਠਕਾਂ ਨਾਲ ਕਰਵਾਉਂਦਾ ਹੈ। ਇਮਰਾਨ ਨਕਵੀ ਬਾਰੇ ਲਿਖੇ ਸ਼ਬਦ ਚਿਤਰ 'ਬੰਦ ਗਲੀ ਦੇ ਆਖ਼ਰੀ ਮਕਾਨ ਦਾ ਵਾਸੀ ਇਮਰਾਨ ਨਕਵੀ' ਵਿਚ ਉਹ ਇਸੇ ਤਰ੍ਹਾਂ ਦੀ ਤਸਵੀਰਕਸ਼ੀ ਕਰਦਾ ਹੈ:

ਹਨੇਰੇ ਸੁੱਟਦੀ ਰਾਤ ਤੇ ਬੰਦ ਗਲੀ ਦੇ ਆਖ਼ਰੀ ਮਕਾਨ ਵਿਚ ਕੰਡਿਆਲੇ ਬਿਸਤਰ 'ਤੇ ਪਾਸੇ ਬਦਲਦਾ ਇੱਕ ਜਣਾ ਆਪਣੇ ਸੱਜੇ ਖੱਬੇ ਤੇ ਕਦੇ ਸਾਹਵੇਂ ਖਲੋਤੀ ਕੰਧ ਨੂੰ ਘੂਰ ਰਿਹਾ, ਹਰ ਕੰਧ ਦਾ ਵੱਖਰਾ ਰੰਗ ਹੈ, ਲਾਲ, ਕਾਲਾ, ਪੀਲਾ ਤੇ ਨੀਲਾ। ਡਰਦੇ ਮਾਰਿਆਂ ਅੱਖਾਂ ਨੂਟਦਾ ਹੈ ਤੇ ਨਚਦੇ ਪਰਛਾਵੇਂ ਸਾਹਵੇਂ ਆਣ ਖਲੋਂਦੇ ਨੇ। ਰਾਤਾਂ ਦੇ ਪਰਛਾਵੇਂ, ਅੱਗਾਂ ਦੇ ਪਰਛਾਵੇਂ, ਪਾਣੀ ਦੇ ਪਰਛਾਵੇਂ, ਉੱਚੇ-ਨੀਵੇਂ, ਵੱਡੇ ਤੇ ਛੋਟੇ ਪਰਛਾਵਿਆਂ ਦੀਆਂ ਡਰਾ ਦੇਣ ਵਾਲੀਆਂ ਚੀਕਾਂ ਤੇ ਕੁਰਲਾਟਾਂ ਪੂਰੇ ਕਮਰੇ 'ਚ ਫੈਲ ਰਹੀਆਂ ਹਨ। ਅੱਖਾਂ ਮੀਟੀ ਜਣਾ ਇਕਦਮ ਘਬਰਾ ਕੇ ਅੱਖਾਂ ਖੋਲ੍ਹ ਲੈਂਦਾ ਹੈ

ਤੇ ਕੰਧਾਂ ਉੱਤੇ ਦੰਦੀਆਂ ਕੱਢ-ਕੱਢ ਨੱਚਣ ਵਾਲੇ ਕੁਝ ਪਰਛਾਵੇਂ ਤਾਂ ਛਲਾਵਿਆਂ ਵਾਂਗ ਗ਼ਾਇਬ ਹੋ ਜਾਂਦੇ ਨੇ ਤੇ ਕੋਈ ਛਾਲ ਮਾਰ ਕੇ ਮਕੜੀਆਂ ਦੇ ਜਾਲਿਆਂ 'ਚ ਲੁਕੀ ਛੱਤ ਉੱਤੇ ਚਾਮਚੜਿੱਕਾਂ ਵਾਂਗੂੰ ਪੁੱਠੇ ਲਮਕ ਜਾਂਦੇ ਹਨ। ਅੱਖਾਂ ਖੋਲ੍ਹਣ ਦੇ ਥੋੜ੍ਹੀ ਦੇਰ ਮਗਰੋਂ ਕਮਰੇ ਦਾ ਧੁੰਦਲਾ ਮੰਜ਼ਰ ਸਾਫ਼ ਹੋਣ ਲੱਗ ਪੈਂਦਾ ਹੈ। ਕੰਧਾਂ ਦੇ ਰੰਗ ਇਕਦਮ ਬਦਲ ਜਾਂਦੇ ਨੇ, ਕਮਰੇ 'ਚ ਥੋੜ੍ਹੀ ਦੇਰ ਲਈ ਚੁੱਪ ਦਾ ਚਾਨਣ ਫੈਲ ਜਾਂਦਾ ਹੈ। ਬੰਦ ਗਲੀ ਦੇ ਆਖ਼ਰੀ ਮਕਾਨ ਵਿਚ ਕੰਡਿਆਲੇ ਬਿਸਤਰ 'ਤੇ ਲੇਟਿਆ ਹੋਇਆ ਜਣਾ ਗ਼ਾਇਬ ਹੋਣ ਵਾਲੇ ਪਰਛਾਵਿਆਂ ਨੂੰ ਸੋਚਦਿਆਂ-ਸੋਚਦਿਆਂ ਹੌਲ਼ੀ ਜਿਹੀ ਨਾਲ਼ ਮੇਜ਼ 'ਤੇ ਪਏ ਗੁਲਦਸਤੇ ਦੇ ਕੰਨਾਂ 'ਚ ਆਖਦਾ ਹੈ ਕਿ:

ਇੱਕ ਪਰਛਾਵਾਂ ਮੇਰੇ ਹੱਥੀਂ ਪੈਰੀਂ ਬੰਨ੍ਹੇ ਰੱਸੇ
ਇੱਕ ਪਰਛਾਵਾਂ ਠੁੱਡੇ ਮਾਰੇ ਇਕ ਪਰਛਾਵਾਂ ਹੱਸੇ
ਇੱਕ ਪਰਛਾਵਾਂ ਕੰਧੋਂ ਲਹਿ ਕੇ ਮਾਰੇ ਹਿੱਕ 'ਤੇ ਮੁੱਕਾ
ਇੱਕ ਪਰਛਾਵਾਂ ਆ ਕੇ ਮੇਰੇ ਅੱਗੇ ਪਿੱਛੇ ਨੱਸੇ
ਇੱਕ ਪਰਛਾਵਾਂ ਸੂਰਜ ਬਣ ਕੇ ਸੁੱਟੇ ਭੜਕੀ ਅੱਗ 'ਚ
ਇੱਕ ਪਰਛਾਵਾਂ ਮੀਹ ਵਿੱਚ ਬੱਦਲ ਲੈ ਕੇ ਛਮ-ਛਮ ਵੱਸੇ।
ਇੱਕ ਪਰਛਾਵਾਂ ਜ਼ਹਿਰ ਦਾ ਠੂਠਾ ਦੇ ਕੇ ਆਖੇ ਪੀ ਜਾ
ਇੱਕ ਪਰਛਾਵਾਂ ਚਾਨਣ ਦੇ ਕੇ ਜੀਣ ਦਾ ਕਾਰਨ ਦੱਸੇ।

ਇਸ ਤਰ੍ਹਾਂ ਇਹ ਪੁਸਤਕ ਤਿੰਨ ਪੱਖਾਂ ਤੋਂ ਬਹੁਤ ਮਹੱਤਵਪੂਰਨ ਹੈ:

- ਲਹਿੰਦੇ ਪੰਜਾਬ ਵੱਲੋਂ ਪ੍ਰਾਪਤ ਤੋਹਫ਼ੇ ਦੇ ਰੂਪ ਵਿਚ
- ਇਸ ਪੁਸਤਕ ਰਾਹੀਂ ਪਹਿਲੀ ਵਾਰ ਸਾਮ੍ਹਣੇ ਆਏ ਸ਼ਾਇਰਾਂ ਦੀ ਇਧਰਲੇ ਪੰਜਾਬ ਨਾਲ ਜਾਣ-ਪਛਾਣ ਦੇ ਰੂਪ ਵਿਚ
- ਸਗ਼ੀਰ ਤਬੱਸੁਮ ਦੀ ਸ਼ਾਇਰੀ ਤੋਂ ਬਾਅਦ ਉਸ ਦੀ ਵਾਰਤਕ ਸ਼ੈਲੀ ਦੇ ਨਮੂਨੇ ਦੇ ਰੂਪ ਵਿਚ

ਇਸ ਪੁਸਤਕ ਦੀ ਲਿਪੀਆਂਤਰਕਾਰ ਸੁਖਮੰਦਰ ਕੌਰ ਦੀ ਸ਼ਖ਼ਸੀਅਤ ਵੀ ਬਹੁਤ ਅਲਬੇਲੀ ਹੈ। ਉਹ ਇਕ ਅਧਿਆਪਕਾ ਹੈ, ਉਹ ਇਕ ਕੈਲੀਗ੍ਰਾਫਰ ਹੈ, ਉਹ ਇਕ ਚਿਤਰਕਾਰ ਹੈ, ਉਹ ਇਕ ਵਾਰਤਕਕਾਰ ਹੈ ਅਤੇ ਇਸ ਪੁਸਤਕ ਦੇ ਰੂਪ ਵਿਚ ਉਹ ਇਕ ਲਿਪੀਆਂਤਰਕਾਰ ਵੀ ਹੈ। ਮੈਨੂੰ ਇਹ ਲਗਦਾ ਕਿ ਇਹਨਾਂ ਸਾਰਿਆਂ ਤੋਂ ਵੱਧ ਉਹ ਇਕ ਜਨੂੰਨੀ ਹੈ। ਕਿਉਂਕਿ ਬਗ਼ੈਰ ਜਨੂੰਨ ਦੇ ਕੋਈ ਬੰਦਾ ਇੱਕੋ ਵੇਲੇ ਏਨਾ ਕੁਝ ਨਾ ਸੋਚਦਾ ਹੈ ਤੇ ਨਾ ਕਰਦਾ ਹੈ। ਉਸ ਨੇ ਆਪਣੀਆਂ ਸ਼ਖ਼ਸੀਅਤ ਦੇ ਏਨੇ ਪਾਸਾਰ ਇੱਕੋ ਵੇਲੇ ਖੋਲ੍ਹੇ ਹਨ ਅਤੇ ਇਹਨਾਂ 'ਤੇ ਕੰਮ ਕਰ ਰਹੀ ਹੈ। ਕੈਲੀਗ੍ਰਾਫੀ ਉਸ ਦਾ ਸ਼ੌਕ ਹੈ, ਡਰਾਇੰਗ ਕਰਨਾ ਉਸ ਦਾ ਚਾਅ ਹੈ, ਵਾਰਤਕ

ਦੇ ਨਿੱਕੇ ਨਿੱਕੇ ਪੀਸ ਲਿਖਣਾ ਉਸ ਦਾ ਸਵੈ ਪ੍ਰਗਟਾਵਾ ਹੈ, ਨਿਆਣਿਆਂ ਨੂੰ ਪੜ੍ਹਾਉਣਾ ਤੇ ਪੜ੍ਹਾਉਂਦੇ ਹੋਏ ਮਾਨਣਾ ਉਸ ਦਾ ਜਜ਼ਬਾ ਹੈ।

ਮੈਂ ਉਸ ਨੂੰ ਬਚਪਨ ਤੋਂ ਜਾਣਦਾ ਹੈ। ਉਸ ਦੇ ਗੁਆਂਢ ਵਿਚ ਮੇਰਾ ਬਹੁਤ ਪਿਆਰਾ ਕਲਾਕਾਰ ਜਤਿੰਦਰ ਬਾਹਲਾ ਰਹਿੰਦਾ ਸੀ ਅਤੇ ਸੁਖਮੰਦਰ ਦਾ ਭਰਾ ਸ਼ਿੰਦੀ ਵੀ ਬੋਹਾ (ਮਾਨਸਾ) ਵਿਚ ਮੇਰੇ ਨਾਟਕਾਂ ਦਾ ਆਰਟਿਸਟ ਰਿਹਾ ਹੈ। ਬਦਕਿਸਮਤੀ ਨਾਲ ਇਹ ਦੋਵੇਂ ਕਲਾਕਾਰ (ਜਤਿੰਦਰ ਅਤੇ ਸ਼ਿੰਦੀ) ਹੁਣ ਇਸ ਦੁਨੀਆ ਵਿਚ ਨਹੀਂ ਹਨ। ਸੁਖਮੰਦਰ ਵਿਆਹ ਤੋਂ ਬਾਅਦ ਮੋਗੇ ਚਲੀ ਗਈ ਤੇ ਬਹੁਤ ਦੇਰ ਮੇਰੇ ਨਾਲ ਰਾਬਤਾ ਨਾ ਹੋਇਆ। ਫੇਰ ਬਹੁਤ ਸਾਲਾਂ ਬਾਅਦ ਸੁਖਮੰਦਰ ਮੈਨੂੰ ਪੀ.ਜੀ.ਆਈ. ਚੰਡੀਗੜ੍ਹ ਮਿਲੀ... ਬਹੁਤ ਜ਼ਿਆਦਾ ਬਿਮਾਰ...ਡਾਕਟਰ ਨੇ ਇਲਾਜ ਕਰਨ ਤੋਂ ਸਿਰ ਹਿਲਾ ਦਿੱਤਾ ਤੇ ਸੁਖਮੰਦਰ ਦਾ ਪਤੀ ਟੁੱਟੇ ਮਨ ਨਾਲ ਉਸ ਨੂੰ ਸਮੇਟ ਕੇ ਘਰ ਲੈ ਗਿਆ। ਕ੍ਰਿਸ਼ਮਾ ਇਹ ਵਾਪਰਿਆ ਕਿ ਨਕੋਦਰ ਵਸਦੇ ਇਕ ਇਲੈਕਟਰੋਪੈਥੀ ਦੇ ਡਾਕਟਰ ਤਰਲੋਚਨ ਸਿੰਘ ਤੇਜੀ ਨੇ ਉਸ ਦਾ ਇਲਾਜ ਸ਼ੁਰੂ ਕਰ ਲਿਆ ਅਤੇ ਪੀ.ਜੀ.ਆਈ. ਤੋਂ ਜੀਵਨ ਦੀ ਆਸ ਗਵਾ ਕੇ ਵਾਪਿਸ ਮੁੜੀ ਸੁਖਮੰਦਰ ਦੀ ਸਾਹਾਂ ਦੀ ਡੋਰ ਮੁੜ ਜੁੜ ਗਈ। ਇਹ ਸ਼ਾਇਦ ਉਸ ਦੇ ਬੁਲੰਦ ਕਿਰਦਾਰ ਅਤੇ ਉਸ ਅੰਦਰ ਜ਼ਿੰਦਗੀ ਜਿਉਣ ਦੇ ਬੇਇੰਤਹਾ ਜਜ਼ਬੇ ਕਾਰਨ ਹੀ ਸੰਭਵ ਹੋ ਸਕਿਆ। ਫਿਰ ਜਦ ਉਹ ਫੇਸਬੁੱਕ 'ਤੇ ਬਣੇ 'ਸਿਰਜਣਾਤਮਕ ਸਿੱਖਿਆ ਸੰਸਾਰ' ਨਾਲ ਜੁੜੀ ਤਾਂ ਉਸ ਦੀ ਸ਼ਖ਼ਸੀਅਤ ਹੋਰ ਨਿੱਖਰਨੀ ਸ਼ੁਰੂ ਹੋਈ। ਮੈਂ ਉਸ ਨੂੰ ਇਕ ਕਾਲਮ ਅਲਾਟ ਕੀਤਾ-'ਬਚਪਨੀਆਂ'। ਇਸ ਕਾਲਮ ਦੇ ਤਹਿਤ ਉਹ ਇਸ ਗਰੁੱਪ ਵਿਚ ਹਰ ਹ਼ਫਤੇ ਬਚਪਨ ਦੀ ਇਕ ਯਾਦ ਸਾਂਝੀ ਕਰਦੀ ਹੁੰਦੀ ਸੀ। ਇਹ ਸਿਲਸਿਲਾ ਉਸ ਦਾ ਹੁਣ ਤੀਕ ਚਲ ਰਿਹਾ ਹੈ। ਉਹ ਏਨੀ ਕੁ ਉਤਸ਼ਾਹੀ ਹੈ ਕਿ ਉਸ ਦਾ ਜਦ ਵੀ ਫੋਨ ਆਉਂਦਾ ਹੈ ਉਸ ਕੋਲ ਕੋਈ ਨਵਾਂ ਸੁਪਨਾ ਹੁੰਦਾ ਹੈ - ਵੀਰ ਜੀ ਮੈਂ ਅਹੁ ਕਰਨੈ...ਵੀਰ ਜੀ ਮੈਂ ਆਹ ਕਰਨੈ। ਇੰਝ ਹੀ ਇਕ ਦਿਨ ਉਸ ਦਾ ਫੋਨ ਆਇਆ-ਵੀਰ ਜੀ ਮੈਂ ਲਹਿੰਦੇ ਪੰਜਾਬ ਦੀ ਕਿਤਾਬ ਦਾ ਲਿਪੀਆਂਤਰਨ ਕਰਨੈ। ਮੈਂ ਕਿਹਾ-ਕੁੜੀਏ! ਤੈਨੂੰ ਸ਼ਾਹਮੁਖੀ ਆਉਂਦੀ ਨੀ, ਤੂੰ ਲਿਪੀਆਂਤਰਨ ਕਿਵੇਂ ਕਰ ਲਵੇਂਗੀ। 'ਵੀਰ ਜੀ ਮੈਂ ਸਿੱਖ ਲਊਂਗੀ- ਉਸ ਨੇ ਜਿਵੇਂ ਕਿਹਾ ਮੈਨੂੰ ਉਸ ਦਾ ਇਹ 'ਬਚਪਨੀਆਂ' ਵਰਗਾ ਕਿਰਦਾਰ ਲੱਗਾ। ਪਰ ਕਮਾਲ ਹੋ ਗਈ। ਕਦੋਂ ਇਸ ਨੇ ਸ਼ਾਹਮੁਖੀ ਸਿੱਖੀ, ਕਦੋਂ ਉਸ ਦੀ ਉਰਦੂ ਸੁਭਾਅ ਵਾਲੀ ਸ਼ਬਦਾਵਲੀ ਬਾਰੇ ਸਮਝ ਬਣੀ...ਕਦੋਂ ਉਸ ਨੇ ਸ਼ਗੀਰ ਤਬੱਸੁਮ ਨੂੰ ਜਾਣਿਆ, ਪੜ੍ਹਿਆ, ਮਾਣਿਆ ਤੇ ਉਸ ਦਾ ਲਿਪੀਆਂਤਰਨ ਕੀਤਾ... ਕਦੋਂ ਉਸ ਨੇ ਸ਼ਗੀਰ ਨਾਲ ਕਈ ਬੈਠਕਾਂ ਕਰਕੇ ਇਸ ਨੂੰ ਸੋਧਿਆ ਅਤੇ ਖਰੜਾ ਮੈਨੂੰ ਸੌਂਪ ਦਿੱਤਾ... ਇਹ ਮੇਰੇ ਲਈ ਹੈਰਾਨੀ ਭਰਿਆ

ਕ੍ਰਿਸ਼ਮਾ ਸੀ। ਤਾਂ ਹੀ ਮੈਂ ਸੁਖਮੰਦਰ ਨੂੰ ਜਨੂੰਨੀ ਕੁੜੀ ਕਿਹਾ ਹੈ। ਜਨੂੰਨੀ ਇਹੋ ਜਿਹੇ ਹੀ ਤਾਂ ਹੁੰਦੇ ਹਨ।

ਸੋ ਆਓ ਸੁਖਮੰਦਰ ਕੌਰ ਰਾਹੀਂ ਲਿਪਿਆਂਤਰਿਤ ਸਗ਼ੀਰ ਤਬੱਸੁਮ ਦੀ ਇਸ ਪੁਸਤਕ ਦੇ ਬਹਾਨੇ ਲਹਿੰਦੇ ਪੰਜਾਬ ਦੇ ਆਪਣੇ ਹਮਥੋਲੀ ਸ਼ਾਇਰਾਂ ਨੂੰ ਜਾਣੀਏ ਅਤੇ ਉਸ ਇਸ਼ਕ ਦੇ ਸਮੁੰਦਰ ਵਿਚ ਤਾਰੀ ਲਾਈਏ ਜਿਸ ਬਾਰੇ ਸਗ਼ੀਰ ਕਹਿੰਦਾ ਹੈ:

ਇਹੋ ਸੋਚ ਕੇ ਇਸ਼ਕ ਸਮੁੰਦਰ ਡੁੱਬਿਆ ਸਾਂ,
ਉਸ ਦੀ ਬਸਤੀ ਨਾਲ ਕਿਨਾਰਾ ਲਗਦਾ ਹੈ...

ਇਸ ਪੁਸਤਕ ਨੂੰ ਪੜ੍ਹਦਿਆਂ ਅਸੀਂ ਮਾਣ ਨਾਲ ਕਹਿ ਸਕਦਾ ਹਾਂ ਕਿ ਸ਼ਾਇਰਾਂ ਦੀ ਜਿਸ ਬਸਤੀ ਨਾਲ ਸਗ਼ੀਰ ਨੇ ਸੁਖਮੰਦਰ ਰਾਹੀਂ ਸਾਡਾ ਤੁਆਰਫ਼ ਕਰਾਇਆ ਹੈ, ਹੁਣ ਉਸ ਦਾ ਕਿਨਾਰਾ ਸਾਡੇ ਨਾਲ ਵੀ ਲਗਦਾ ਹੈ। ਸ਼ਾਲਾ! ਇਹ ਬਸਤੀ ਹਮੇਸ਼ਾ ਆਬਾਦ ਰਹੇ।

**ਕੁਲਦੀਪ ਸਿੰਘ ਦੀਪ (ਡਾ.)**
ਮੋ.: 98768-20600
2891, ਫੇਸ 2, ਅਰਬਨ ਅਸਟੇਟ,
ਪਟਿਆਲਾ (ਪੰਜਾਬ)

# ਦੋ ਸ਼ਬਦ ਲਿਪੀਆਂਤਰਕਾਰ ਵੱਲੋਂ

ਸ.ਗੀਰ ਤਬੱਸੁਮ ਲਹਿੰਦੇ ਪੰਜਾਬ ਦਾ ਹੀ ਸ਼ਾਇਰ ਨਹੀਂ ਉਸ ਦੀ ਸ਼ਾਇਰੀ ਦੀ ਮਹਿਕ ਚੜ੍ਹਦੇ ਪੰਜਾਬ 'ਚ ਵੀ ਮਹਿਕਦੀ ਹੈ। ਉਹਨੂੰ ਦੋਵੇਂ ਪੰਜਾਬਾਂ 'ਚੋਂ ਢੇਰ ਪਿਆਰ ਸਤਿਕਾਰ ਮਿਲ ਰਿਹਾ ਹੈ। ਉਹ ਸਿਰਫ਼ ਤੇ ਸਿਰਫ਼ ਸ਼ਾਇਰ ਹੀ ਨਹੀਂ ਉਹ ਨਸਰ (ਵਾਰਤਕ) ਵੀ ਬਹੁਤ ਸੋਹਣੀ ਲਿਖਦਾ ਹੈ। ਹਥਲੀ ਕਿਤਾਬ "ਕੂਕ ਸਰਹੱਦੋਂ ਪਾਰ ਦੀ" ਵੀ ਉਸ ਦੀ ਲਿਖੀ ਵਾਰਤਕ ਦਾ ਸੋਹਣਾ ਰੂਪ ਹੈ। ਇਸ ਕਿਤਾਬ ਵਿਚ ਉਸ ਨੇ ਆਪਣੇ ਬਹਾਵਲਨਗਰ ਦੇ ਵੱਖ-ਵੱਖ ਕਵੀਆਂ ਦੀ ਜ਼ਿੰਦਗੀ ਬਾਰੇ ਅਤੇ ਉਹਨਾਂ ਦੀ ਕਵਿਤਾ ਵਿਚਲੇ ਦਰਦ ਚਾਹੇ ਉਹ ਮੁਹੱਬਤ 'ਚ ਕਿਸੇ ਟੁੱਟ ਚੁੱਕੇ ਦਿਲ ਦਾ ਦਰਦ ਹੈ...ਜ਼ਿੰਦਗੀ ਦੇ ਔਖੇ-ਸੌਖੇ ਰਾਹਵਾਂ 'ਤੇ ਪੈਂਡੇ ਕੱਟਦਿਆਂ ਮਿਲਿਆ ਦੁੱਖ ਹੋਵੇ ਜਾਂ ਫਿਰ ਸਮਾਜ ਵਿਚਲੇ ਦੁੱਖ ਹੋਣ... ਸ.ਗੀਰ ਸ਼ਬਦਾਂ ਦੀ ਅਜਿਹੀ ਲੜੀ ਪਰੋਂਦਾ ਹੈ ਕਿ ਪਾਠਕ ਪੂਰਾ ਮਜ਼ਮੂਨ ਦਿਲਚਸਪੀ ਨਾਲ਼ ਪੜ੍ਹਦਾ ਹੈ।

ਇਸ ਕਿਤਾਬ ਬਾਰੇ ਸੁਣ ਕੇ ਮੇਰਾ ਦਿਲ ਕੀਤਾ ਕਿ ਇਸ ਨੂੰ ਗੁਰਮੁਖੀ ਵਿਚ ਲਿਪੀਆਂਤਰ ਕੀਤਾ ਜਾਵੇ...ਇਹ ਕੰਮ ਮੇਰੇ ਲਈ ਮੁਸ਼ਕਿਲ ਜ਼ਰੂਰ ਸੀ ਪਰ ਨਾਮੁਮਕਿਨ ਨਹੀਂ ਸੀ। ਬਹੁਤ ਸਾਰੀਆਂ ਮੁਸ਼ਕਿਲਾਂ ਆਈਆਂ ਪਰ... ਇਸ ਨੂੰ ਪੂਰਾ ਕਰਨ ਲਈ ਦੋ ਸਾਲ ਦਾ ਵਕਤ ਲੱਗਾ। ਮੈਂ ਸ.ਗੀਰ ਤਬੱਸੁਮ ਵੀਰ ਦੀ ਬਹੁਤ ਸ਼ੁਕਰਗੁਜ਼ਾਰ ਹਾਂ ਜਿਸ ਨੇ ਮੈਨੂੰ ਇਸ ਪੁਸਤਕ ਦੇ ਲਿਪੀਆਂਤਰਨ ਦੇ ਲਾਇਕ ਸਮਝਿਆ ਅਤੇ ਮੈਨੂੰ ਇਸ ਪੁਸਤਕ ਦਾ ਲਿਪੀਆਂਤਰਨ ਕਰਨ ਦੇ ਅਧਿਕਾਰ ਦਿੱਤੇ।

ਇਹ ਕਾਰਜ ਕਦੇ ਨਾ ਨੇਪਰੇ ਚੜ੍ਹਦਾ ਜੇਕਰ ਇਸ ਪਿੱਛੇ ਮੇਰੇ ਵੱਡੇ ਵੀਰ ਡਾ. ਕੁਲਦੀਪ ਸਿੰਘ ਦੀਪ ਦੀ ਪ੍ਰੇਰਨਾ ਨਾ ਹੁੰਦੀ। ਉਸ ਨੇ ਮੈਨੂੰ ਲਿਖਣ ਲਾਇਆ ਅਤੇ ਸਿਰਜਣਾਤਮਕ ਸਿੱਖਿਆ ਸੰਸਾਰ ਵਿਚ ਮੇਰਾ ਕਾਲਮ 'ਬਚਪਨੀਆਂ' ਸ਼ੁਰੂ ਕਰ ਕੇ ਮੈਨੂੰ ਪਹਿਚਾਣ ਦੁਆਈ। ਇਹ ਪੁਸਤਕ ਵੀ ਉਹਨਾਂ ਦੀ ਹੱਲਾਸ਼ੇਰੀ ਨਾਲ ਹੀ ਲਿਖੀ ਗਈ ਅਤੇ ਉਹਨਾਂ ਦੇ ਸਹਿਯੋਗ ਨਾਲ ਹੀ ਛਪ ਕੇ ਤੁਹਾਡੇ ਹੱਥਾਂ ਵਿਚ ਪਹੁੰਚ ਸਕੀ ਹੈ। ਆਸ ਕਰਦੀ ਹਾਂ ਕਿ ਪਾਠਕ ਇਸ ਨੂੰ ਪਸੰਦ ਕਰਨਗੇ। ਮੈਂ ਸਪਤਰਿਸ਼ੀ ਪ੍ਰਕਾਸ਼ਨ ਵਾਲੇ ਬਲਦੇਵ ਵੀਰ ਜੀ ਦਾ ਵੀ ਬਹੁਤ ਧੰਨਵਾਦ ਕਰਦੀ ਹਾਂ ਜਿਨ੍ਹਾਂ ਦੀ ਬਦੌਲਤ ਇਹ ਕਿਤਾਬ ਪੁਸਤਕੀ ਜਾਮਾ ਪਹਿਨ ਸਕੀ ਹੈ।

ਅਖੀਰ 'ਤੇ ਮੈਂ ਆਸ ਕਰਦੀ ਹਾਂ ਕਿ ਚੜ੍ਹਦੇ ਪੰਜਾਬ ਦੇ ਪਾਠਕ ਲਹਿੰਦੇ ਪੰਜਾਬ ਦੇ ਸ਼ਾਇਰਾਂ ਦੇ ਇਹਨਾਂ ਸ਼ਬਦ ਚਿਤਰਾਂ ਨੂੰ ਜੀ ਆਇਆਂ ਆਖਣਗੇ ਅਤੇ ਇਸ ਦਾ ਸ਼ਬਦ ਸ਼ਬਦ ਮਾਣਨਗੇ। ਇਸੇ ਆਸ ਨਾਲ...

**ਸੁਖਮੰਦਰ ਕੌਰ ਮੋਗਾ**

# ਰੇਸ਼ਮੀ ਧਾਗਿਆਂ 'ਚ ਮੁਹੱਬਤਾਂ ਦੇ ਮੋਤੀ ਪਰੋਂਦਾ
# ਸ਼ਾਇਰ ਆਮਿਰ ਸੁਹੇਲ



ਉਹ ਅਕਸਰ ਕਹਿੰਦਾ ਹੈ ਕਿ ਹਰ ਉਹ ਬੰਦਾ ਜੋ ਸ਼ੇਅਰ ਕਹਿੰਦਾ ਹੈ ਸ਼ਾਇਰ ਨਹੀਂ ਬਲਕਿ ਸ਼ਾਇਰ ਉਹ ਹੈ ਜਿਹਨੂੰ ਸ਼ੇਅਰ ਕਹਿਣ ਦਾ ਚੱਜ ਹੋਵੇ। ਸ਼ਾਇਰ ਤਾਂ ਆਪਣੇ ਸ਼ੇਅਰਾਂ ਰਾਹੀਂ ਸਦੀਆਂ ਤੋਂ ਸੁੰਞੇ ਪਏ ਵਿਹੜੇ 'ਚ ਰੰਗਲੇ ਫੁੱਲ ਖਿੜਾ ਲੈਂਦਾ ਹੈ। ਇਕਲਾਪੇ ਦੇ ਸਮੁੰਦਰਾਂ 'ਚ ਡੁੱਬੀਆਂ ਉਦਾਸ ਸ਼ਾਮਾਂ 'ਚੋਂ ਕੋਹ ਕਾਫ਼ ਦੀਆਂ ਪਰੀਆਂ ਦੇ ਰੂਪ ਉਲੀਕ ਲੈਂਦਾ ਹੈ। ਜਦੋਂ ਚਾਹਵੇ ਸੱਪਾਂ ਦੇ ਪਰਛਾਵਿਆਂ ਵਾਂਗੂੰ ਡੋਲੇ ਖਾਂਦੀਆਂ ਕਾਲੀਆਂ ਰਾਤਾਂ 'ਚੋਂ ਲਿਸ਼ਕਾਰੇ ਮਾਰਦੇ ਚੰਨ ਤੇ ਤਾਰੇ ਕੱਢ ਲਿਆਂਦਾ ਹੈ। ਗੌਰ ਕਰੀਏ ਤਾਂ ਗੱਲ ਐਵੇਂ ਦੀ ਹੀ ਹੈ।

ਜੁਲਾਈ 1973 'ਚ ਬਹਾਵਲਨਗਰ ਦੀਆਂ ਗਰਮ ਹਵਾਵਾਂ 'ਚ ਅੱਖਾਂ ਖੋਲ੍ਹਣ ਵਾਲੇ ਆਮਿਰ ਸੁਹੇਲ ਵੱਲ ਝਾਤੀ ਪਾਈਏ ਤਾਂ ਇੰਝ ਲੱਗਦਾ ਹੈ, ਜਿਵੇਂ ਓਹ ਨਜ਼ਮਾਂ ਨਹੀਂ ਲਿਖ ਰਿਹਾ, ਸਗੋਂ ਨਜ਼ਮਾਂ ਓਹਨੂੰ ਉਲੀਕ ਰਹੀਆਂ ਨੇ। ਅਬਾਈ ਘਰ ਦੇ ਕਮਰੇ ਦੀਆਂ ਕੰਧਾਂ... ਕੰਧਾਂ ਦੇ ਵਿਚਕਾਰ ਪਿਆ ਹੋਇਆ ਲੱਕੜ ਦਾ ਮੇਜ਼ ਤੇ ਮੇਜ਼ 'ਤੇ ਪਏ ਹੋਏ ਪੁਰਾਣੀ ਕਾਪੀ ਦੇ ਪਾਟੇ ਕਾਗ਼ਤ ਬੜੀ ਹੈਰਾਨੀ ਨਾਲ਼ ਕਦੀ ਆਮਿਰ ਸੁਹੇਲ ਨੂੰ ਤੇ ਕਦੀ ਇਕ-ਦੂਜੇ ਵੱਲ ਵੇਖ ਆਖਦੇ ਨੇ ਕਿ ਰਾਤ ਭਰ ਜਾਗਣ ਵਾਲਾ ਆਮਿਰ ਸੁਹੇਲ ਸਮੁੰਦਰੋਂ ਡੂੰਘੀਆਂ ਸੋਚਾਂ ਵਿੱਚ ਡੁੱਬਿਆ ਇਕੋ ਨਸ਼ਿਸਤ 'ਚ ਲੰਮੀਆਂ ਲੰਮੀਆਂ ਨਜ਼ਮਾਂ ਤੇ ਦਰਜਨਾਂ ਸ਼ੇਅਰ ਕਿਵੇਂ ਕਹਿ ਲੈਂਦਾ ਹੈ?

ਇਹਦੇ ਹਰ ਸ਼ੇਅਰ ਵਿੱਚ ਇੱਕ ਸੱਜਰਾ ਖ਼ਿਆਲ ਹੁੰਦਾ ਹੈ, ਜਿਹੜਾ ਵਰ੍ਹਿਆਂ ਪੁਰਾਣੀ ਸ਼ਰਾਬ ਦੀ ਤਰ੍ਹਾਂ ਬੰਦੇ ਨੂੰ ਮਦਹੋਸ਼ ਕਰ ਦਿੰਦਾ ਹੈ। ਆਮਿਰ ਸੁਹੇਲ ਚੁੱਪ ਦੇ ਜੰਦਰੇ ਤੋੜ ਕੇ ਚਾਰ-ਚੁਫ਼ੇਰਾ ਵੇਖਦਾ ਹੈ ਤੇ ਹਲਕੀ ਜਿਹੀ ਮੁਸਕਾਨ ਹੋਂਠਾਂ 'ਤੇ ਧਰ ਆਖਦਾ ਹੈ:

ਅੰਦਰੋਂ ਲੀਰੋ ਲੀਰ ਫਕੀਰ,
ਸਾਹ ਲੈਂਦੇ ਹੈ ਫ਼ੱਟ ਦਾ ਚੀਰ।
ਮੈਂ ਤਖ਼ਤੀ 'ਤੇ ਲਿਖਿਆ ਮੈਂ
ਕਿਹੜਾ ਇਸ਼ਕ ਤੇ ਕਿਹੜਾ ਮੀਰ।

ਮਾਪਿਆਂ ਇਹਦਾ ਨਾਂ ਆਮਿਰ ਨਦੀਮ ਰੱਖਿਆ ਸੀ ਪਰ ਸੋਚਾਂ ਅੰਦਰ ਤਪਦੀ ਰੇਤ ਸਮੁੰਦਰ ਦੀਆਂ ਛੱਲਾਂ ਵਰਗੇ ਦੁੱਖਾਂ ਤੇ ਕਿਤਾਬਾਂ ਅੰਦਰ ਸਾਹ ਲੈਂਦੇ ਇਸ਼ਕ ਨੇ ਉਹਨੂੰ ਆਮਿਰ ਨਦੀਮ ਤੋਂ ਆਮਿਰ ਸੁਹੇਲ ਬਣਾ ਦਿੱਤਾ।

ਆਮਿਰ ਸੁਹੇਲ ਨੇ ਮੁਢਲੀ ਤਾਲੀਮ ਬਹਾਵਲਨਗਰ ਦੇ ਤਾਲੀਮੀ ਅਦਾਰਿਆਂ ਤੋਂ ਹਾਸਿਲ ਕੀਤੀ। ਗਰੈਜੂਏਸ਼ਨ ਦੇ ਬਾਅਦ ਇਹਦੇ ਅੰਦਰ ਬੇਪਨਾਹ ਸ਼ੇਅਰੀ ਸਲਾਹੀਅਤਾਂ ਵੇਖਦਿਆਂ ਹੋਇਆਂ ਵਕਤ ਦੇ ਡਿਪਟੀ ਕਮਿਸ਼ਨਰ ਨੇ ਇਹਨੂੰ ਡੀ.ਸੀ. ਆਫ਼ਿਸ ਵਿਚ ਮੁਲਾਜ਼ਮਤ ਦੇ ਦਿੱਤੀ।

ਆਮਿਰ ਸੁਹੇਲ ਨੇ ਸ਼ੇਅਰੋ ਅਦਬ ਨਾਲ਼ ਮੁਹੱਬਤ ਤੇ ਡੀਸੀ ਆਫ਼ਿਸ 'ਚ ਮੁਲਾਜ਼ਮਤ ਦੇ ਨਾਲ਼-ਨਾਲ਼ ਉਰਦੂ ਲਿਟਰੇਚਰ 'ਚ ਮਾਸਟਰ ਕਰ ਲਿਆ ਤੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦਾ ਇਮਤਿਹਾਨ ਪਾਸ ਕਰਕੇ 1997 'ਚ ਸਰਕਾਰੀ ਕਾਲਜ ਵਿਚ ਲੈਕਚਰਾਰ ਭਰਤੀ ਹੋ ਗਿਆ।

ਆਮਿਰ ਸੁਹੇਲ ਦੇ ਸ਼ੇਅਰਾਂ ਅੰਦਰ ਐਸੀ ਬਰਜਸਤਗੀ ਤੇ ਨਵਾਂਪਣ ਹੁੰਦਾ ਹੈ ਕਿ ਪੜ੍ਹਨ ਸੁਣਨ ਵਾਲਾ ਦੰਗ ਰਹਿ ਜਾਂਦਾ ਹੈ। ਕਈ ਕਈ ਸਾਲਾਂ ਤੋਂ ਸ਼ੇਅਰੀ ਮਸ਼ਕ ਕਰਨ ਵਾਲੇ ਤੇ ਦਰਜਨਾਂ ਕਿਤਾਬਾਂ ਦੇ ਖ਼ਾਲਿਕ ਆਮਿਰ ਸੁਹੇਲ ਦੇ ਸ਼ੇਅਰਾਂ ਦੀ ਬੇਸਾਖ਼ਤਗੀ ਤੇ ਤਾਜ਼ਗੀ ਨੂੰ ਬੜੀਆਂ ਰਸ਼ਕ ਭਰੀਆਂ ਨਿਗਾਹਾਂ ਨਾਲ਼ ਵੇਖ ਰਹੇ ਹੁੰਦੇ ਨੇ:

ਅੱਜ ਦੀ ਸ਼ਾਮ ਤੇ
ਅੱਜ ਦਾ ਰੋਜ਼ਾ
ਬੱਦਲਾਂ ਵਿਚ ਇਫ਼ਤਾਰ ਕਰਾਂਗੇ।
ਜਿਉਂਦੀਆਂ ਮਰਦੀਆਂ ਆਸਾਂ ਲੈ ਕੇ
ਸੂਰਜ ਵਿਚ ਵਿਚਕਾਰ ਕਰਾਂਗੇ।

ਆਮਿਰ ਸੁਹੇਲ ਦੇ ਸ਼ੇਅਰਾਂ ਦਾ ਰੰਗ ਸੱਜਰੇ ਗੁਲਾਬਾਂ ਦੀ ਤਰ੍ਹਾਂ ਦੂਰੋਂ ਹੀ ਨਜ਼ਰ ਆ ਜਾਂਦਾ ਹੈ, ਜਦੋਂ ਉਹ ਮੁਹੱਬਤਾਂ ਦੀ ਗੱਲ ਕਰਦਾ ਹੈ ਤੇ ਬਾਗਾਂ ਵਿੱਚ ਰੰਗ-ਬਿਰੰਗੀਆਂ ਤਿਤਲੀਆਂ ਕਿੱਕਲੀਆਂ ਪਾਉਂਦੀਆਂ ਤੇ ਕੋਇਲਾਂ ਰਾਗ ਏਮਨ ਕਲਿਆਣ ਵਿੱਚ ਗੀਤ ਗਾਉਂਦੀਆਂ ਵਖਾਲੀ ਦਿੰਦੀਆਂ ਨੇ।

ਆਮਿਰ ਸੁਹੇਲ ਦੇ ਸ਼ੇਅਰਾਂ ਵਿੱਚ ਸੱਜਰੇ ਗੁਲਾਬਾਂ ਵਰਗੀ ਤਾਜ਼ਗੀ ਹੈ, ਜਿਹੜੀ ਹਯਾਤੀ ਦੇ ਵਿਰਾਨ ਖੰਡਰਾਂ 'ਚ ਰਾਹ ਲੱਭਦੀਆਂ ਰੂਹਾਂ ਨੂੰ ਸਕੂਨ ਬਖ਼ਸ਼ਦੀ ਹੈ। ਆਪਣੇ ਸੀਨੇ ਅੰਦਰ ਜਹਾਨ ਭਰ ਦਾ ਦਰਦ ਸਾਂਭ ਕੇ ਰੱਖਣ ਵਾਲਾ ਆਮਿਰ ਸੁਹੇਲ ਜਦੋਂ ਮੁਹੱਬਤਾਂ ਦੇ ਮੱਥੇ 'ਤੇ ਗੁੰਝਲਾਂ ਮਾਰਦੀ ਹਯਾਤੀ ਦੇ ਫ਼ਿਕਰ ਦੀ ਕਾਲੀ ਲਕੀਰ ਵੇਖਦਾ ਹੈ ਤਾਂ ਇਕਦਮ ਖਲ਼ੋ ਜਾਂਦਾ ਹੈ ਤੇ ਮੁਹੱਬਤਾਂ ਦੇ ਹੱਥ ਵਿਚ ਹੱਥ ਪਾ ਕੇ ਛੇਤੀ ਜਿਹੀ ਆਖਦਾ ਹੈ ਕਿ:

ਤੂੰ ਸਿੱਧੀ ਤੇ ਸਿੱਧਾ ਮੈਂ,
ਬਾਕੀ ਸਾਰੀ ਦੁਨੀਆਂ ਗੋਲ਼।
ਮੈਨੂੰ ਆਪਣੇ ਨਾਮ ਲਵਾ,
ਚੱਲ ਚੱਲੀਏ ਪਟਵਾਰੀ ਕੋਲ਼।

ਮੁਹੱਬਤਾਂ ਦੀਆਂ ਖ਼ੂਬਸੂਰਤ ਵਾਦੀਆਂ ਦੇ ਤਖਤ 'ਤੇ ਬੈਠੇ ਆਮਿਰ ਸੁਹੇਲ ਦੇ ਬਗੀਚੇ ਅੰਦਰ ਸ਼ੇਅਰ ਇੰਝ ਉਤਰਦੇ ਨੇ ਜਿਵੇਂ ਸਾਉਣ ਭਾਦੋਂ ਵਿਚ ਕਾਲ਼ੇ ਬੱਦਲਾਂ 'ਚੋਂ ਰਹਿਮਤਾਂ ਦਾ ਮੀਂਹ ਵਸਦਾ ਹੈ। ਬਾਰਿਸ਼ਾਂ ਦੇ ਮੌਸਮ ਵਿਚ ਆਮਿਰ ਸੁਹੇਲ ਬੱਦਲਾਂ ਦੇ ਰੰਗ ਵੇਖਦਾ ਹੈ ਅੱਖਾਂ ਮੀਟ ਕੇ ਹੌਲੀ ਜਿਹੀ ਆਖਦਾ ਹੈ:

ਇਕ ਇਕ ਸਾਹ ਸਰੀਂਹ ਦੇ ਨਾਲ਼
ਜ਼ੁਲਫਾਂ ਡੰਗਣ ਮੀਂਹ ਦੇ ਨਾਲ਼।

ਉਸ ਵੇਲੇ ਮੈਂ ਸਖ਼ਤ ਮੁਸ਼ਕਿਲ ਵਿੱਚ ਆਣ ਖਲੋਨਾ ਵਾਂ ਜਦੋਂ ਮੈਨੂੰ ਇਹ ਫ਼ੈਸਲਾ ਕਰਨਾ ਪੈ ਜਾਵੇ ਕਿ ਆਮਿਰ ਸੁਹੇਲ ਪਾਕ ਬਰਤਨਾਂ 'ਚ ਭਰੇ ਹੋਏ ਮੁਹੱਬਤਾਂ ਦੇ ਸ਼ਰਬਤਾਂ ਦੀ ਗੱਲ ਸੋਹਣੇ ਢੰਗ ਨਾਲ਼ ਕਰਨ ਵਾਲਾ ਸ਼ਾਇਰ ਹੈ। ਸੱਤ ਸਮੁੰਦਰੋਂ ਪਾਰ ਲੋਭ ਦੀਆਂ ਮਾਰੀਆਂ ਹੋਈਆਂ ਸਾਜ਼ਿਸ਼ਾਂ ਨੂੰ ਬੇਨਕਾਬ ਕਰਨ ਵਾਲਾ ਮਹਾਨ ਸ਼ਾਇਰ ਹੈ। ਧਰਤੀ ਦੇ ਕਾਗ਼ਤਾਂ ਵਾਂਗੂੰ ਖਿਲਰੇ ਦੁੱਖਾਂ ਨੂੰ ਉਲੀਕਣ ਵਾਲਾ ਸ਼ਾਇਰ ਹੈ। ਨੀਲੀਆਂ, ਪੀਲੀਆਂ ਤੇ ਕਾਲੀਆਂ ਅੱਖਾਂ ਵਿਚ ਸਾਹ ਲੈਂਦੇ ਖ਼ਾਬਾਂ ਦੀਆਂ ਤਾਬੀਰਾਂ ਲਿਖਣ ਵਾਲ਼ਾ ਸ਼ਾਇਰ ਹੈ ਜਾਂ ਬੁਲ੍ਹੇ ਸ਼ਾਹ, ਲਾਲ ਕਲੰਦਰ, ਸ਼ਾਹ ਹੁਸੈਨ ਤੇ ਸੁਲਤਾਨ ਬਾਹੂ ਦੀ ਲੀਹ 'ਤੇ ਤੁਰਨ ਵਾਲਾ ਇਕ ਮਹਾਨ ਸੂਫੀ ਸ਼ਾਇਰ ਹੈ ਕਿਉਂਕਿ ਆਮਿਰ ਸੁਹੇਲ ਅਕਸਰ ਕਹਿੰਦਾ ਹੈ ਕਿ ਮੈਂ ਦੁਨੀਆਂ ਛੱਡ ਸਕਨਾ ਵਾਂ ਪਰ ਤਸੱਵਫ਼ ਤੇ ਦਰਵੇਸ਼ੀ ਨਹੀਂ:

ਬਾਹੂ ਬਾਹੂ ਮੈਂ ਤੇਰੇ ਦਰਬਾਰ ਦਾ ਆਹੂ ਬਾਹੂ ਬਾਹੂ।
ਲਾਲ ਕਲੰਦਰ ਚੰਬਾ ਚੰਬਾ ਮਾਸ ਦੇ ਅੰਦਰ ਲਾਲ ਕਲੰਦਰ।
ਸ਼ਾਹ ਹੁਸੈਨਾ ਮੈਂ ਤੇਰੇ ਪਿੰਜਰੇ ਦੀ ਮੈਨਾ ਸ਼ਾਹ ਹੁਸੈਨਾ।

ਆਮਿਰ ਸੁਹੇਲ ਕਹਿੰਦਾ ਹੈ ਕਿ ਜਾਂ ਸ਼ਾਇਰ ਹੁੰਦਾ ਹੈ ਜਾਂ ਨਈਂ। ਇਹਦੇ ਵਿਚ ਵਿਚਕਾਰ ਦੀ ਕੋਈ ਕੈਫ਼ੀਅਤ ਨਹੀਂ ਹੁੰਦੀ। ਮੈਨੂੰ ਆਮਿਰ ਸੁਹੇਲ ਦੀ ਕਾਦੁਲ ਕਲਾਮੀ ਦੇ ਸਬੂਤ ਦੇਣ ਦੀ ਕੋਈ ਲੋੜ ਨਹੀਂ ਜਿੱਥੇ ਉਹਨੇ ਉਰਦੂ ਸ਼ਾਇਰੀ ਵਿਚ ਪੂਰੇ ਪਾਕਿਸਤਾਨ ਵਿੱਚ ਆਪਣਾ ਆਪ ਮਨਵਾਇਆ ਹੈ। ਸਿਦਾਰਤੀ ਐਵਾਰਡ ਆਪਣੇ ਨਾਂ ਕਰਵਾਇਆ ਹੈ। ਉਥੇ ਉਹਦੀ ਪੰਜਾਬੀ ਸ਼ਾਇਰੀ ਵੀ ਅਜੋਕੇ ਲਿਖਾਰੀਆਂ ਨੂੰ ਰਾਹਵਾਂ ਦਿਖਾਉਂਦੀ ਮਹਿਸੂਸ ਹੋ ਰਹੀ ਏ।

ਆਮਿਰ ਸੁਹੇਲ ਦੇ ਹਰ ਸ਼ੇਅਰ ਵਿੱਚ ਸਭ ਤੋਂ ਜ਼ਰੂਰੀ ਸ਼ੈਅ ਸ਼ੇਅਰੀਅਤ ਹੈ।

ਗੱਲ ਭਾਵੇਂ ਸਿੱਧੀ ਹੋਵੇ ਪਰ ਜੇ ਉਸ 'ਚ ਬਰਜਸਤਗੀ, ਸ਼ਾਇਸਤਗੀ, ਬੇਸਾਖ਼ਤਗੀ ਤੇ ਸ਼ੇਅਰੀਅਤ ਦੀ ਚਾਸ਼ਨੀ ਨਹੀਂ ਤੇ ਫੇਰ ਉਹ ਨਾਅਰਾ ਤੇ ਹੋ ਸਕਦਾ ਹੈ ਪਰ ਸ਼ੇਅਰ ਨਹੀਂ।

ਆਮਿਰ ਸੁਹੇਲ ਜਦੋਂ ਪੰਜਾਬ ਦੀ ਮਾਰੂਫ ਸਿਨਫ਼ ਬੋਲੀ ਲਿਖਦਾ ਹੈ ਤੇ ਉਹਦੇ ਵਿੱਚ ਵੀ ਉਹਦੇ ਖਿਆਲਾਂ ਦੀ ਉਡਾਨ ਚਿੱਟੇ ਦਿਨ ਤਰ੍ਹਾਂ ਸਾਫ਼ ਦਿਖਾਈ ਦਿੰਦੀ ਹੈ:

ਨੀ ਤੂੰ ਕੱਤਿਆ ਤਰੇਲ ਦਾ ਹਾਸਾ
ਤੇ ਫਜ਼ਰਾਂ 'ਚ ਰੱਬ ਖਿੜਿਆ।

ਨੀ ਤੂੰ ਨਾਰ ਮਸੀਤਾਂ ਵਰਗੀ
ਤੇ ਵੇਖ ਕੇ ਸਵਾਬ ਕਿਰਦਾ।

ਆਮਿਰ ਸੁਹੇਲ ਪੈਦਾਇਸ਼ੀ ਸ਼ਾਇਰ ਹੈ ਜਿਹਦਾ ਅਮਲੀ ਇਜ਼ਹਾਰ ਉਹਨੇ ਬਹੁਤ ਨਿੱਕੀ ਉਮਰੇ ਹੀ ਕਰ ਦਿੱਤਾ ਸੀ। ਉਹ ਸ਼ੇਅਰ ਕਹਿੰਦਾ ਸੀ ਤੇ ਉਹਦੇ ਇਸਾਦਜਾਹ/ਉਸਤਾਦ ਉਹਨੂੰ ਬੜੇ ਫ਼ਖਰ ਨਾਲ ਵੇਖ ਰਹੇ ਹੁੰਦੇ ਸਨ।

ਆਮਿਰ ਸੁਹੇਲ ਦੀ ਉਰਦੂ ਸ਼ਾਇਰੀ ਦੀ ਪਹਿਲੀ ਕਿਤਾਬ "ਲਿਬਾਦਾ" 1996 'ਚ ਛਾਪੇ ਚੜ੍ਹੀ ਜਿਹਨੇ ਪਾਕਿਸਤਾਨ ਦੇ ਵੱਡੇ-ਵੱਡੇ ਤੇ ਓਸ ਵਕਤ ਦੇ ਮਸ਼ਹੂਰ ਸ਼ਾਇਰਾਂ ਨੂੰ ਆਪਣੇ ਹਿਸਾਰ ਵਿੱਚ ਲੈ ਲਿਆ ਪਰ ਆਮਿਰ ਸੁਹੇਲ ਦੇ ਅੰਦਰ ਇਕਦਮ, ਉਹਦੇ ਅੰਦਰ ਦਾ ਕੋਈ ਸੁੱਤਾ ਪਿਆ ਦਰਵੇਸ਼ ਜਾਗ ਪਿਆ, ਜਿਹਨੇ ਉਹਨੂੰ ਦੁਨੀਆਂ ਤੋਂ ਬੇਜ਼ਾਰ ਕਰ ਦਿੱਤਾ ਤੇ ਉਹ ਸ਼ਾਇਰੀ ਛੱਡ ਕੇ ਤਸੱਵਫ਼ ਦੇ ਜਹਾਨਾਂ ਵਿਚ ਗਵਾਚ ਗਿਆ। ਆਮਿਰ ਸੁਹੇਲ ਕਈ ਸਾਲ ਸ਼ੇਅਰੋ-ਅਦਬ ਤੋਂ ਦੂਰ ਰਿਹਾ। ਇਸ ਦੌਰਾਨ ਉਹਨੇ ਕਿਤਾਬਾਂ ਤਾਂ ਪੜ੍ਹੀਆਂ ਪਰ ਕੋਈ ਸ਼ੇਅਰ ਨਹੀਂ ਕਿਹਾ। ਫੇਰ ਕੋਈ ਕਮੋਬੇਸ ਅੱਠ ਸਾਲਾਂ ਬਾਅਦ ਉਹਦੇ ਅੰਦਰ ਦੀ ਸ਼ਾਇਰੀ ਨੇ ਅੰਗੜਾਈ ਲਈ ਤੇ ਠਾਠਾਂ ਮਾਰਦੇ ਸ਼ੇਅਰਾਂ ਦਾ ਸਮੁੰਦਰ ਜਾਗ ਪਿਆ। ਬੱਸ ਫੇਰ ਕੀ ਸੀ? ਆਮਿਰ ਸੁਹੇਲ ਦੀਆਂ ਸ਼ਾਇਰੀ ਦੀਆਂ ਸੱਤ ਤੋਂ ਅੱਠ ਕਿਤਾਬਾਂ ਉੱਤੇ-ਥੱਲੇ ਪਬਲਿਸ਼ ਹੋਈਆਂ, ਜਿਹਨਾਂ ਵਿੱਚ "ਮਸ਼ਹਦੇ ਇਸ਼ਕ"," ਤਿਓਹਾਰ ਕਾ ਪਾਨੀ", "ਇਕ ਨਖਰਾ ਬਾਗ਼ ਸੇ ਚੁਨਤਾ ਹੂੰ", ਤੇ "ਪਹਿਨੋ ਚਾਂਦ ਕਲਾਈ ਮੇਂ" ਵਰਗੀਆਂ ਸ਼ਾਹਕਾਰ ਕਿਤਾਬਾਂ ਸ਼ਾਮਿਲ ਨੇ।

ਆਮਿਰ ਸੁਹੇਲ 'ਤੇ ਪੂਰੇ ਸ਼ਹਿਰ ਬਹਾਵਲਨਗਰ ਨੂੰ ਮਾਣ ਏਸ ਪਾਰੋਂ ਏ ਕਿ ਓਹ ਨਾ ਸਿਰਫ਼ ਇਕ ਮਹਾਨ ਸ਼ਾਇਰ ਏ ਸਗੋਂ ਬਹਾਵਲਨਗਰ ਦਾ ਪਹਿਲਾ ਸ਼ਾਇਰ ਆ ਜਿਹਦੇ ਸੀਨੇ 'ਤੇ ਸਰਕਾਰ ਵੱਲੋਂ ਸਿਧਾ ਸਦਾਰਤੀ ਐਵਾਰਡ ਦਾ ਤਮਗਾ ਸਜਾਇਆ ਗਿਆ ਏ।

ਪ੍ਰੋਫ਼ੈਸਰ ਆਮਿਰ ਸੁਹੇਲ ਨੂੰ ਉਰਦੂ ਸ਼ਾਇਰੀ 'ਚ ਸਦਾਰਤੀ ਐਵਾਰਡ ਦੇ

ਨਾਲ਼-ਨਾਲ਼ ਹੋਰ ਕਈ ਐਵਾਰਡ ਵੀ ਮਿਲ ਚੁੱਕੇ ਨੇ ਜਿਹਨਾਂ ਵਿੱਚ "ਪਰਵੀਨ ਸ਼ਾਕਿਰ ਐਵਾਰਡ", ਤੇ ਰਾਈਟਰਜ਼ ਗਿਲਡ ਐਵਾਰਡ ਵੀ ਸ਼ਾਮਿਲ ਨੇ। ਹਰ ਦੂਜੇ ਤੀਜੇ ਦਿਨ ਆਮਿਰ ਸੁਹੇਲ ਦੀਆਂ ਗ਼ਜ਼ਲਾਂ ਨਾਲ਼ ਆਪਣੇ ਕਾਲਮ ਨੂੰ ਸਜਾਉਣ ਵਾਲਾ ਅਜੋਕੇ ਸਮੇਂ ਦਾ ਮਹਾਨ ਸ਼ਾਇਰ ਸ਼ਫ਼ਰ ਇਕਬਾਲ ਖ਼ੁਦ ਆਖਦਾ ਹੈ ਕਿ ਮੇਰੇ ਤੋਂ ਅੱਗੇ ਵਧਣ ਵਾਲਿਆਂ 'ਚ ਇਕ ਨਾਮ ਆਮਿਰ ਸੁਹੇਲ ਦਾ ਹੈ।

ਆਮਿਰ ਸੁਹੇਲ ਦੀਆਂ ਆਉਣ ਵਾਲੀਆਂ ਕਿਤਾਬਾਂ 'ਚੋਂ ਦੋ ਪੰਜਾਬੀ ਨਾਵਲ ਇੱਕ ਪੰਜਾਬੀ ਕਹਾਣੀਆਂ ਤੇ ਪੰਜ ਪੰਜਾਬੀ ਸ਼ਾਇਰੀ ਦੀਆਂ ਕਿਤਾਬਾਂ ਸ਼ਾਮਿਲ ਹਨ।

ਮੇਰੇ ਲਈ ਬੜੀ ਇਹ ਮਾਣਯੋਗ ਗੱਲ ਹੈ ਕਿ ਓਹਦੀ ਪੰਜਾਬੀ ਕਿਤਾਬ ਦੀਆਂ ਸਿਰਫ਼ ਨਜ਼ਮਾਂ ਗ਼ਜ਼ਲਾਂ ਹੀ ਮੇਰੇ ਨਾਂ ਨਹੀਂ ਸਗੋਂ ਕਿਤਾਬ ਦਾ ਨਾਂ "ਪੰਧ ਹਿਰਨ ਦੀ ਚੌਂਕੜੀ" ਵੀ ਸਗ਼ੀਰ ਤਬੱਸੁਮ ਲਈ ਰੱਖਿਆ ਆ। ਓਸੇ ਕਿਤਾਬ ਲਈ ਲਿਖੇ ਗਏ ਕੁਝ ਸ਼ੇਅਰਾਂ ਵਿੱਚ ਆਮਿਰ ਸੁਹੇਲ ਕਹਿੰਦਾ ਹੈ ਕਿ:

ਅੰਦਰੋਂ ਲੀਰੋ ਲੀਰ ਫਕੀਰ,
ਸਾਹ ਲੈਂਦਾ ਹੈ ਫ਼ੱਟ ਦਾ ਚੀਰ।
ਬੱਦਲਾਂ ਅੰਦਰ ਆਪੇ ਮੈਂ,
ਗ਼ਜ਼ਲਾਂ ਅੰਦਰ ਯਾਰ ਸਗ਼ੀਰ।

ਇਸੇ ਕਿਤਾਬ ਵਿੱਚ ਇਕ ਹੋਰ ਨਜ਼ਮ ਵਿੱਚ ਆਮਿਰ ਸੁਹੇਲ ਆਖਦਾ ਹੈ:


ਸਨਤ ਕਬੀਰਾ ਯਾਰ ਸਗ਼ੀਰਾ,
ਇਹ ਯਾਕੂਤ ਦਾ ਹੁਜ਼ਰਾ ਤੇਰਾ,
ਬੁੱਲ੍ਹੇਸ਼ਾਹ ਦਾ ਮੁਜਰਾ ਤੇਰਾ।

ਪ੍ਰੋਫ਼ੈਸਰ ਆਮਿਰ ਸੁਹੇਲ ਅੱਜਕੱਲ੍ਹ ਗੌਰਮਿੰਟ ਕਾਲਜ ਬਹਾਵਲਨਗਰ 'ਚ ਬਤੌਰ ਅਸਿਸਟੈਂਟ ਪ੍ਰੋਫ਼ੈਸਰ ਆਪਣੀਆਂ ਖ਼ਿਦਮਾਤ ਸਰ ਅੰਜ਼ਾਮ ਦੇ ਰਿਹਾ ਹੈ। ਰੱਬ ਆਮਿਰ ਸੁਹੇਲ ਤੇ ਓਹਦੇ ਫ਼ਨ ਨੂੰ ਸਲਾਮਤ ਰੱਖੇ।

ਆਮੀਨ!

□□□

# ਰੋਹੀ ਦਾ ਨੁਮਾਇੰਦਾ
# ਸ਼ਾਇਰ ਪੀਰ ਬਖ਼ਸ਼ ਰੁਹੇਲਾ



ਰੋਹੀ ਦਾ ਨੁਮਾਇੰਦਾ ਸ਼ਾਇਰ ਪੀਰ ਬਖ਼ਸ਼ ਰੁਹੇਲਾ 1927 ਨੂੰ ਕਿਲ੍ਹਾ ਮੀਰਗੜ੍ਹ ਟੋਬਾ ਬਾਕਰਵਾਲੀ ਫੋਰਟ ਅੱਬਾਸ 'ਚ ਪੈਦਾ ਹੋਇਆ। ਪੀਰ ਬਖ਼ਸ਼ ਰੁਹੇਲਾ ਨੇ ਕੁਰਾਨ-ਏ-ਪਾਕ ਦੀ ਤਾਲੀਮ ਹਾਸਿਲ ਕੀਤੀ ਪਰ ਦੂਜੀਆਂ ਡਿਗਰੀਆਂ ਹਾਸਿਲ ਨਹੀਂ ਕਰ ਸਕੇ, ਇਹ ਉਹਨਾਂ ਦੀ ਇਲਮ-ਓ-ਅਦਬ ਨਾਲ ਮੁਹੱਬਤ ਸੀ ਕਿ ਬਕਾਇਦਾ ਪੜ੍ਹੇ ਲਿਖੇ ਨਾ ਹੋਣ ਦੇ ਬਾਵਜੂਦ ਉਹ ਲਿਖ ਪੜ੍ਹ ਲੈਂਦੇ ਸਨ।

ਪੀਰ ਬਖ਼ਸ਼ ਰੁਹੇਲਾ ਆਪਣੇ ਵਸੇਬ ਦੇ ਰਸਮੋਂ ਰਿਵਾਜ, ਰਹਿਣ-ਸਹਿਣ ਤੇ ਹਯਾਤੀ ਦੇ ਤੌਰ ਤਰੀਕੇ ਵੇਖਦਾ ਰਿਹਾ ਤੇ ਸ਼ੇਅਰ ਲਿਖਦਾ ਰਿਹਾ। ਸ਼ਾਇਰੀ ਕਰਨ ਲਈ ਉਹਨਾਂ ਆਪਣੀ ਮੁਕਾਮੀ ਜ਼ੁਬਾਨ ਪੰਜਾਬੀ ਨੂੰ ਚੁਣਿਆ ਜਿਹੜੀ ਕਿ ਸੂਫ਼ੀ ਸ਼ੋਰਾ ਦੇ ਨਾਲ਼ ਸਿਰ ਚੜ੍ਹ ਕੇ ਬੋਲੀ ਜਾਂਦੀ ਸੀ।

ਪੀਰ ਬਖ਼ਸ਼ ਰੁਹੇਲਾ ਨੇ ਆਪਣਾ ਸ਼ੇਅਰੀ ਮਜਮੂਆਂ 60 ਦੀ ਦਹਾਈ ਵਿੱਚ ਮੁਕੰਮਲ ਕਰ ਲਿਆ ਸੀ ਪਰ ਉਹਨਾਂ ਦਾ ਇਹ ਸ਼ੇਅਰੀ ਮਜਮੂਆਂ 'ਨਵਾਂ ਵਾਰਿਸ ਸ਼ਾਹ' 2004 'ਚ ਲਾਹੌਰ ਸ਼ਹਿਰ 'ਚੋਂ ਛਾਪੇ ਚੜ੍ਹਿਆ।

ਪੀਰ ਬਖ਼ਸ਼ ਰੁਹੇਲਾ ਨੇ ਇਸ ਕਿਤਾਬ ਵਿੱਚ ਕਿੱਸਾ 'ਆਸ਼ਿਕ ਦੀਵਾਨ' ਸ਼ਾਮਿਲ ਕੀਤਾ ਹੈ, ਇਸ ਕਿੱਸੇ ਦੀ ਇਹ ਖ਼ੂਬੀ ਹੈ ਕਿ ਕਲਾਸੀਕਲ ਹੋਣ ਦੇ ਨਾਲ਼-ਨਾਲ਼ ਇਹਨੂੰ ਮੁਸੱਦਸ ਤਰਕੀਬ ਵਿੱਚ ਲਿਖਿਆ ਗਿਆ ਹੈ ਯਾਨਿ ਇਸ ਦੇ ਹਰ ਬੰਦ ਦੇ ਆਖ਼ਰੀ ਮਿਸਰੇ ਵਿੱਚ ਪੀਰ ਬਖ਼ਸ਼ ਨੇ ਆਪਣਾ ਨਾਂ ਪੀਰ ਬਖ਼ਸ਼ਾ ਵਰਤਿਆ ਹੈ।

ਪੀਰ ਬਖ਼ਸ਼ ਦਾ ਇਹ ਕਿੱਸਾ ਜ਼ਖਾਮਤ ਦੇ ਹਿਸਾਬ ਨਾਲ ਵੀ ਬਿਹਤਰ ਹੈ, ਇਸ ਕਿੱਸੇ ਦੇ 259 ਬੰਦ ਹਨ। ਪੀਰ ਬਖ਼ਸ਼ ਰੁਹੇਲਾ ਦਾ ਮੈਂ ਇਸ ਲਈ ਵੀ ਕਦਰਦਾਨ ਹਾਂ ਕਿ ਉਸ ਨੇ ਆਪਣੇ ਤੇ ਮੇਰੇ ਸ਼ਹਿਰ ਬਹਾਵਲਨਗਰ ਨੂੰ ਦੁਨੀਆਂ 'ਚ ਮੁਤਾਰਿਫ਼ ਕਰਵਾਉਣ ਦਾ ਆਹਰ ਕੀਤਾ ਹੈ ਤੇ ਕਿਸੇ ਕੰਮ ਦੀ ਨੀਅਤ ਕਰਕੇ ਉਹਦੇ ਲਈ ਤੁਰ ਪੈਣਾ ਹੀ ਉਹਦੇ ਖ਼ਾਲਸ ਤੇ ਸੱਚੇ ਹੋਣ ਦੀ ਨਿਸ਼ਾਨੀ ਹੈ।

ਬਹਾਵਲਨਗਰ ਤੇ ਇਹਦੀ ਤਹਿਸੀਲ ਫੋਰਟ ਅੱਬਾਸ ਦਾ ਕਲਚਰ ਕੀ ਹੈ ?

ਥਲ ਤੇ ਰੋਹੀ ਵਿੱਚ ਵਸਣ ਵਾਲੇ ਕਿੰਝ ਹਯਾਤੀ ਗੁਜ਼ਾਰਦੇ ਨੇ? ਉਨ੍ਹਾਂ ਆਪਣੀ ਸ਼ਾਇਰੀ 'ਚ ਬੜੇ ਸੋਹਣੇ ਤੇ ਮੰਝੇ ਹੋਏ ਢੰਗ ਨਾਲ਼ ਪੇਸ਼ ਕੀਤਾ ਹੈ।

ਜ਼ਿਲ੍ਹਾ ਬਹਾਵਲਨਗਰ ਦਾ ਜਨੂਬ ਇਲਾਕਾ
ਜਿਹਨੂੰ ਆਖਦੇ ਚੋਲਿਸਤਾਨ ਮੀਆਂ
ਗਾਈਂ ਮੱਝੀਂ ਤੇ ਬੱਕਰੀਆਂ ਉੱਠ ਡਾਚੀ
ਰੰਗੋ ਰੰਗ ਹੈ ਰੱਬ ਦੀ ਸ਼ਾਨ ਮੀਆਂ
ਫੋਰਟ ਅੱਬਾਸ, ਬਰੋਟ ਤੇ ਥਲਮਾਰੂ
ਰੁਹੇਲਿਆਂ ਦੀ ਜ਼ਿੰਦਜਾਨ ਮੀਆਂ
ਨਹਿਰ ਹਾਕੜਾ ਘਾਗਰਾ ਵਗਦੀ ਏ
ਰੁਹੇਲਿਆਂ ਦਾ ਮਾਣ ਤਰਾਣ ਮੀਆਂ।
ਕਈ ਕੌਮਾਂ ਦਾ ਓਹਨੂੰ ਗੜ੍ਹ ਆਖੋ
ਜਿਥੇ ਵਸਦੇ ਨਗਰ ਜਵਾਨ ਮੀਆਂ
ਪੀਰ ਬਖ਼ਸ਼ ਇਲਾਕਾ ਏ ਥਲ ਮਾਰੂ
ਕੀਤਾ ਰੱਬ ਸੱਚੇ ਇਹ ਦਾਨ ਮੀਆਂ।

ਪੀਰ ਬਖ਼ਸ਼ ਰੁਹੇਲਾ ਹੋਰਾਂ ਕਲਾਸੀਕਲ ਸ਼ਾਇਰਾਂ ਦੀ ਤਰ੍ਹਾਂ ਆਪਣੀ ਕਿਤਾਬ ਵਿੱਚ ਹਮਦ, ਦੋਹੜੇ, ਕਾਫ਼ੀਆਂ, ਨਜ਼ਮਾਂ ਤੇ ਵਸੀਅਤ ਵੀ ਸ਼ਾਮਿਲ ਕੀਤੀ ਹੈ। ਰੱਬ ਉਹਨਾਂ ਦੇ ਦਰਜਾਤ ਬੁਲੰਦ ਫਰਮਾਵੇ ਤੇ ਜੰਨਤ 'ਚ ਘਰ ਦੇਵੇ।

ਆਮੀਨ!

□□□

# ਅਦਬ ਲਈ ਹਯਾਤੀ ਵਕਫ਼ ਕਰ ਦੇਣ ਵਾਲਾ
# ਗੁਲਜ਼ੇਬ ਅੱਬਾਸੀ



ਬਹਾਵਲਨਗਰ 'ਚ ਅਦਬ ਲਈ ਪੂਰੀ ਹਯਾਤੀ ਵਕਫ਼ ਕਰ ਦੇਣ ਵਾਲੇ ਗਿਣਤੀ ਦੇ ਨਾਂਵਾਂ 'ਚੋਂ ਇਕ ਨਾਂ ਗੁਲਜ਼ੇਬ ਅੱਬਾਸੀ ਹੋਰਾਂ ਦਾ ਵੀ ਹੈ। ਗੁਲਜ਼ੇਬ ਅੱਬਾਸੀ 17 ਅਕਤੂਬਰ 1966 ਨੂੰ ਬਹਾਵਲਨਗਰ ਦੀ ਤਹਿਸੀਲ ਹਰੂਨਾਬਾਦ ਦੇ ਇਕ ਪਿੰਡ 'ਚ ਪੈਦਾ ਹੋਇਆ। ਉਰਦੂ ਲਿਟਰੇਚਰ 'ਚ ਮਾਸਟਰਜ਼ ਕੀਤਾ ਤੇ ਸਰਕਾਰੀ ਸਕੂਲ 'ਚ ਮੁਲਾਜ਼ਮਤ ਕਰ ਲਈ। ਸ਼ਹਿਰ ਦੀਆਂ ਪੱਕੀਆਂ ਸੜਕਾਂ 'ਤੇ ਚੰਘਾੜਦੀਆਂ ਮੋਟਰਾਂ ਦੇ ਸ਼ੋਰ ਅੰਦਰ ਲੁਕੀ ਹਯਾਤੀ ਦੀਆਂ ਪੀੜਾਂ ਨੂੰ ਦੂਰ ਪਿੰਡ ਦੀਆਂ ਟਾਹਲੀਆਂ ਦੀਆਂ ਠੰਡੀਆਂ ਛਾਵਾਂ ਹੇਠਾਂ ਬੈਠ ਕੇ ਉਲੀਕਣਾ ਥੋੜ੍ਹਾ ਮੁਸ਼ਕਿਲ ਕੰਮ ਹੈ ਪਰ ਗੁਲਜ਼ੇਬ ਅੱਬਾਸੀ ਦਾ ਕਮਾਲ ਇਹ ਹੈ ਕਿ ਉਹ ਦੂਰ ਖਲੋਤੇ ਕਿੱਕਰਾਂ 'ਤੇ ਬੈਠੇ ਪੱਖੂਆਂ ਦੀਆਂ ਤੱਸੀਆਂ ਅੱਖਾਂ ਵੇਖ ਕੇ ਉਹਨਾਂ ਦਾ ਦਰਦ ਪਛਾਣ ਲੈਂਦਾ ਹੈ। ਉਹ ਪੈਰਾਂ ਹੇਠ ਵਿਛੇ ਸਰ-ਸਬਜ਼ ਖੇਤਾਂ ਨੂੰ ਦੂਰ ਬੰਜਰ ਧਰਤੀ ਦੇ ਪੀਲੇ ਮੁੱਖ ਦੀਆਂ ਤਰੇੜਾਂ ਵੇਖ ਕੇ ਤੜਫ਼ ਜਾਂਦਾ ਹੈ, ਉਹਦਾ ਵਜੂਦ ਕੰਬ ਜਾਂਦਾ ਹੈ ਤੇ ਧਰਤੀ ਮਾਂ ਦਾ ਇਹ ਹਾਲ ਵੇਖ ਕੇ ਖੇਤਾਂ ਦੇ ਬੰਨਿਆਂ 'ਤੇ ਬਹਿ ਕੇ ਚੀਖ-ਚੀਖ ਕੇ ਆਖਦਾ ਹੈ:

ਹਾਸਿਆਂ ਦੇ ਵਿਚ ਚੀਕਾਂ ਯਾਰੋ
ਚੀਕਾਂ ਵਿੱਚ ਕੁਰਲਾ'ਟ
ਕਿਹੜਾ ਖੇਡੇ ਲੁਕਣ ਮੀਟੀਆਂ
ਕਿਹੜਾ ਗਿੱਧੇ ਪਾਵੇ
ਸਾਹ ਸਾਹ ਕੰਬੇ ਦਿਲੜੀ
ਕੀ ਮੈਂ ਗੀਤ ਸਹੇੜਾਂ
ਧਰਤੀ ਮੁੱਖ ਤਰੇੜਾਂ।

ਗੁਲਜ਼ੇਬ ਅੱਬਾਸੀ ਕਦੀ ਸ਼ਹਿਰਾਂ ਦੀਆਂ ਉੱਚੀਆਂ ਤੇ ਵੱਡੀਆਂ ਇਮਾਰਤਾਂ ਦੇ ਅੰਦਰਾਂ ਦੇ ਹਾਲ ਵੇਖ ਕੇ ਘਬਰਾ ਜਾਂਦਾ ਹੈ ਤੇ ਕਦੀ ਪਿੰਡਾਂ ਦੀਆਂ ਮਸਤ ਹਵਾਵਾਂ 'ਚ ਗਵਾਚ ਜਾਂਦਾ ਹੈ। ਗੁਲਜ਼ੇਬ ਅੱਬਾਸੀ ਕਦੀ ਕੋਲ ਖਲੋਤੇ ਟਾਹਲੀ ਦੇ ਰੁੱਖ ਦੀ ਜਵਾਨੀ ਵੇਖਦਾ ਹੈ ਜਿਹਦੀਆਂ ਟਾਹਣੀਆਂ 'ਤੇ ਬੈਠੀਆਂ ਰੰਗ-ਬਰੰਗੀਆਂ

ਚਿੜੀਆਂ ਹੁਲਾਰੇ ਖਾਂਦੀਆਂ, ਮੁਹੱਬਤਾਂ ਤੇ ਸੁਹਾਣੀਆਂ ਰੁੱਤਾਂ ਦੇ ਗੀਤ ਗਾ ਰਹੀਆਂ ਹੁੰਦੀਆਂ ਨੇ ਤੇ ਕਦੀ ਉਹ ਥੋੜ੍ਹੀ ਹੀ ਦੂਰ ਧੁੱਪਾਂ ਵਿੱਚ ਸੜਦੇ ਕਿੱਕਰਾਂ ਦੀਆਂ ਸੁੱਕੀਆਂ ਟਾਹਣੀਆਂ 'ਤੇ ਬੈਠੇ ਇਕਲਾਪਿਆਂ ਤੇ ਭੁੱਖਾਂ ਦੇ ਮਾਰੇ ਪੰਛੀਆਂ ਨੂੰ ਵੇਖਦਾ ਹੈ ਜਿਹੜੇ ਖ਼ਿਜ਼ਾਵਾਂ 'ਚ ਡਿੱਗੇ ਪੱਤਰਾਂ ਦੇ ਨੋਹੇ ਗਾ ਰਹੇ ਹੁੰਦੇ ਨੇ ਤੇ ਗੁਲਜ਼ੇਬ ਅੱਬਾਸੀ ਦੀ ਕਲਮ 'ਚੋਂ ਬੇਸਾਖ਼ਤਾ ਨਿਕਲਦਾ ਹੈ:

ਇਕ ਦਾ ਮੁੱਖੜਾ ਹਾਸੇ ਵੰਡੇ
ਇਕ ਦਾ ਗਲਮਾ ਲੀਰਾਂ
ਇਕ ਦੇ ਸਾਹ ਨੇ ਫੁੱਲਾਂ ਵਰਗੇ
ਇਕ ਦੀਆਂ ਅੱਖਾਂ ਨੀਰਾਂ।

ਜਦੋਂ ਸੁਰਖ਼ ਗੁਲਾਬਾਂ ਦੇ ਮੁੱਖ 'ਤੇ ਹਿਜਰ ਦੇ ਪੀਲ਼ੇ ਪੱਤਿਆਂ ਦੇ ਪਰਛਾਵੇਂ ਮੰਡਲਾਉਣ ਲੱਗ ਪੈਣ ਤਾਂ ਰੇਸ਼ਮੀ ਪਿੰਡੇ ਪਥਰਾਅ ਜਾਂਦੇ ਨੇ, ਦੁੱਖਾਂ ਤੇ ਹਾਵਾਂ ਭਰੇ ਵਸੇਬ ਵਿੱਚ ਚਾਰੇ ਪਾਸੇ ਕੁਰਲਾ'ਟਾਂ ਹੀ ਕੁਰਲਾ'ਟਾਂ ਸੁਣਾਈ ਦਿੰਦੀਆਂ ਨੇ। ਮਾਸੂਮ ਅੱਖਾਂ ਵਿੱਚ ਹੰਝੂ ਪਹਿਲੇ ਪਿਆਰ ਦੇ ਪਹਿਲੇ ਵਿਛੋੜੇ ਤਰ੍ਹਾਂ ਰੜਕਾਂ ਮਾਰਨ ਲੱਗ ਪੈਂਦੇ ਨੇ ਤੇ ਗੁਲਜ਼ੇਬ ਅੱਬਾਸੀ ਨੂੰ ਇਕ ਵਾਰ ਫਿਰ ਕਹਿਣਾ ਪੈਂਦਾ ਹੈ:

ਅੱਖਾਂ ਦੇ ਵਿਚ ਰੜਕਣ ਪੀੜਾਂ
ਪਿੰਡੇ ਦੇ ਵਿਚ ਲਾਂਬੂ
ਆਸਾਂ ਵਾਲੇ ਸ਼ਗਨ ਉਲ੍ਹਾਮੇ
ਸੁਰਖ਼ੀ ਦੀ ਥਾਂ ਹਾਵਾਂ।

ਅਫ਼ਸਾਨਾ, ਨਾਵਲ, ਡਰਾਮਾ, ਖੋਜ, ਤਨਕੀਦ, ਕਾਲਮ ਨਿਗਾਰੀ ਤੇ ਸ਼ੇਅਰ ਕਹਿਣ ਵਾਲਾ ਗੁਲਜ਼ੇਬ ਅੱਬਾਸੀ ਅਦਬ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ। ਉਹਦੀਆਂ ਹੁਣ ਤੱਕ 22 ਕਿਤਾਬਾਂ ਛਾਪੇ ਚੜ੍ਹ ਚੁੱਕੀਆਂ ਨੇ ਜਿਨ੍ਹਾਂ ਵਿੱਚ ਮਾਂ ਬੋਲੀ 'ਚ ਛਪਣ ਵਾਲੀਆਂ ਕਿਤਾਬਾਂ "ਹੰਝੂਆਂ ਦੇ ਫੁੱਲ", "ਪੀੜਾਂ ਦਾ ਛਿੱਟਾ", "ਇਸ਼ਕ ਪਰੀੜ੍ਹਾਂ", "ਅੱਖਰ ਪਏ ਬਨੇਰੇ", "ਨਿੰਮਾਂ ਦੇ ਰੁੱਖ" ਤੇ "ਭੜਾਸ" ਸ਼ਾਮਿਲ ਨੇ।

ਗੁਲਜ਼ੇਬ ਅੱਬਾਸੀ ਦਾ ਅਦਬੀ ਸਫ਼ਰ ਘੱਟ ਨਹੀਂ ਹੈ, ਬਹਾਵਲਨਗਰ ਦੇ ਨਿੱਕੇ ਜਿਹੇ ਪਿੰਡ 'ਚ ਰਹਿ ਕੇ ਉਹਦੇ ਸ਼ੇਅਰਾਂ ਤੇ ਕਹਾਣੀਆਂ ਦੀ ਅਵਾਜ਼ ਕਈ ਸ਼ਹਿਰਾਂ ਤੇ ਸ਼ਹਿਰਾਂ ਦੀਆਂ ਯੂਨੀਵਰਸਿਟੀਆਂ ਤੱਕ ਅੱਪੜਨਾ ਨਿੱਕੀ ਗੱਲ ਨਹੀਂ ਹੈ।

ਉਹਦੀਆਂ ਕਹਾਣੀਆਂ "ਸਰ੍ਹੋਂ ਦਾ ਸਾਗ", "ਭੜਾਸ","ਉਲ੍ਹਾਮਾ", "ਗਹਿਣੇ ਤੇ ਜਾਮਣੀ ਸੂਟ" ਪੰਜਾਬੀ ਅਦਬ ਵਿੱਚ ਇੱਕ ਖ਼ੂਬਸੂਰਤ ਵਾਧਾ ਹੈ।

ਸ਼ਾਇਦ ਇਹ ਉਹਦੀ ਪੰਜਾਬੀ ਅਦਬ ਨਾਲ਼ ਬੇਪਨਾਹ ਮੁਹੱਬਤ ਤੇ ਜੁੜਤ ਦਾ ਨਤੀਜਾ ਹੀ ਹੈ ਕਿ ਉਹਦੀਆਂ ਨਜ਼ਮਾਂ ਤੇ ਕਹਾਣੀਆਂ 'ਤੇ ਹੁਣ ਤੀਕ 14 ਦੇ ਕਰੀਬ

ਐੱਮ.ਫਿਲ. ਤੇ ਪੀਐੱਚ.ਡੀ. ਸਤ੍ਹਾ ਦੇ ਤਹਿਕੀਕੀ ਮੁਕਾਲੇ ਲਿਖੇ ਜਾ ਚੁੱਕੇ ਨੇ।

ਸੱਜਰੀ ਹਵਾ ਤੇ ਮਸਤ ਫਿਜ਼ਾਵਾਂ 'ਚ ਬੈਠੇ ਗੁਲਜ਼ੇਬ ਅੱਬਾਸੀ ਦੇ ਦਿਲ ਦੀ ਧੜਕਣ ਵੀ ਕਦੀ-ਕਦੀ ਕਿਸੇ ਪਿੰਡ ਦੀ ਅੱਲ੍ਹੜ ਮੁਟਿਆਰ ਦੀ ਉਡੀਕ ਵਿੱਚ ਬੇਕਾਬੂ ਹੋ ਜਾਂਦੀ ਹੈ ਤੇ ਉਹ ਹੌਲੀ ਜਿਹੀ ਹਵਾ ਦੇ ਕੰਨਾਂ ਵਿੱਚ ਆਖਦਾ ਹੈ ਕਿ:

ਕਿੱਥੋਂ ਖਾਈਏ ਮਾਸ ਨੂੰ
ਪੀੜਾਂ ਕਰਨ ਸਵਾਲ
ਇੱਕ ਅੱਲ੍ਹੜ ਮੁਟਿਆਰ ਦੇ
ਡੰਗੀ ਜਾਣ ਸੁਆਲ।

ਇਹ ਨਹੀਂ ਕਿਹਾ ਜਾ ਸਕਦਾ ਕਿ ਮੁਆਸ਼ਰੇ ਦੇ ਦੁੱਖ ਉਲੀਕਣ ਵਾਲੇ ਨੂੰ ਹਵਾਵਾਂ 'ਚ ਕਲਾਬਾਜ਼ੀਆਂ ਖਾਂਦੇ ਕਬੂਤਰ ਦਿਖਾਈ ਨਹੀਂ ਦਿੰਦੇ, ਜੰਗਲਾਂ 'ਚ ਨੱਚਦੇ ਮੋਰ ਨਜ਼ਰ ਨਹੀਂ ਆਉਂਦੇ, ਸਗੋਂ ਦੁੱਖ ਦੇ ਹੰਝੂ ਉਲੀਕਣ ਵਾਲਾ ਵੀ ਪਿਆਰ ਦੇ ਅੰਨ੍ਹੇ ਜਾਲ਼ 'ਚ ਫਸ ਸਕਦਾ ਹੈ। ਉਹਦੀਆਂ ਅੱਖਾਂ 'ਚ ਵੀ ਕੋਹ ਕਾਫ਼ ਦੀਆਂ ਪਰੀਆਂ ਦੇ ਰੇਸ਼ਮੀ ਖ਼ੁਆਬ ਉਤਰ ਸਕਦੇ ਨੇ, ਉਹਦੀਆਂ ਧੜਕਣਾਂ ਵੀ ਤੇਜ਼ ਹੋ ਸਕਦੀਆਂ ਨੇ, ਉਹ ਵੀ ਹਯਾਤੀ ਦੇ ਦੁੱਖਾਂ ਤੋਂ ਨੱਸਦਿਆਂ-ਨੱਸਦਿਆਂ ਸ਼ਿਕਾਰੀ ਨੈਣਾਂ ਦਾ ਸ਼ਿਕਾਰ ਹੋ ਸਕਦਾ ਹੈ। ਐਸੇ ਪਾਰੋਂ ਗੁਲਜ਼ੇਬ ਅੱਬਾਸੀ ਆਖਦਾ ਹੈ ਕਿ:

ਪੀੜਾਂ ਬੁੱਕਲ ਪਾ ਬੈਠਾ ਏਂ
ਚੰਗੇ ਨੈਣ ਮਿਲਾ ਬੈਠਾ ਏਂ
ਸਾਡੇ ਸੁੱਖ ਉਜਾੜ ਕੇ ਸੋਹਣਾ
ਕਿਹੜੀ ਝੋਕ ਵਸਾ ਬੈਠਾ ਏਂ।

ਗੁਲਜ਼ੇਬ ਅੱਬਾਸੀ ਇਕ ਜ਼ਰਖ਼ੇਜ਼ ਧਰਤੀ ਦਾ ਨਾਂ ਹੈ, ਮਹਿਕਦੇ ਫੁੱਲਾਂ ਦੀ ਖ਼ੁਸ਼ਬੂ ਉਹਦੀਆਂ ਨਜ਼ਮਾਂ ਤੇ ਕਹਾਣੀਆਂ 'ਚੋਂ ਮਹਿਸੂਸ ਕੀਤੀ ਜਾ ਸਕਦੀ ਹੈ। ਗੁਲਜ਼ੇਬ ਅੱਬਾਸੀ ਅੱਜਕੱਲ੍ਹ ਹਰੂਨਾਬਾਦ ਦੇ ਮਾਡਲ ਹਾਈ ਸਕੂਲ 'ਚ ਤਦਰੀਸੀ ਫਰਾਇਜ਼ ਸਰ ਅੰਜਾਮ ਦੇ ਰਿਹਾ ਹੈ, ਪਰ ਉਹ ਅੱਜ ਵੀ ਇਕ ਗੱਲ ਬੰਦੇ-ਬੰਦੇ ਨੂੰ ਰੋਕ ਕੇ ਦੱਸ ਰਿਹਾ ਹੈ:

ਲੋਕਾਂ ਅੱਗੇ ਕੇਰ ਕੇ ਅੱਥਰੂ
ਸਾਰੇ ਭਰਮ ਗਵਾ ਬੈਠਾ ਏਂ।

ਗੁਲਜ਼ੇਬ ਅੱਬਾਸੀ ਤੇ ਉਹਦੀ ਅਦਬੀ ਖ਼ਿਦਮਾਤ ਲਈ ਢੇਰ ਦੁਆਵਾਂ।

□□□

# ਮੇਰੀ ਧਰਤੀ ਦਾ ਮਾਣ ਤੇ ਮਹਾਨ ਖੋਜਕਾਰ
# ਫ਼ਜ਼ਲ ਫ਼ਰੀਦ ਲਾਲੇ ਕਾ



ਕਿਸੇ ਵੀ ਸ਼ੈਅ ਨੂੰ ਤਖ਼ਲੀਕ ਕਰਨ ਦਾ ਮਰਹਲਾ ਬੜਾ ਹੀ ਤਕਲੀਫ਼ਦੇਹ ਹੁੰਦਾ ਹੈ, ਜਿਗਰ ਦਾ ਲਹੂ ਸਾੜਨਾ ਪੈਂਦਾ ਹੈ, ਅੱਖਾਂ ਦਾ ਚਾਨਣ ਗਵਾਣਾ ਪੈਂਦਾ ਹੈ ਤੇ ਸੋਚਾਂ ਦੀ ਭੱਠੀ ਅੰਦਰ ਦਿਨ-ਰਾਤ ਕੋਲਿਆਂ ਵਾਂਗਰ ਧੁਖਣਾ ਪੈਂਦਾ ਹੈ।

ਤਖ਼ਲੀਕਕਾਰ ਕਦੇ ਭਖਦੇ ਸੂਰਜ ਦੀ ਛਾਤੀ 'ਤੇ ਟੁਰਦਿਆਂ-ਟੁਰਦਿਆਂ ਆਪਣੀਆਂ ਰਗਾਂ ਦਾ ਖ਼ੂਨ ਉਬਾਲ ਰਿਹਾ ਹੁੰਦਾ ਹੈ ਤੇ ਕਦੀ ਪੋਹ-ਮਾਘ ਦੀਆਂ ਰਾਤਾਂ ਅੰਦਰ ਬਰਫਾਂ ਵਿਚ ਠਰਦੀ ਧਰਤੀ ਦੇ ਸੀਨੇ ਲੱਗ ਕੇ ਬੱਦਲਾਂ ਵਿੱਚ ਗਵਾਚੇ ਚੰਨ ਤਾਰਿਆਂ ਦੀਆਂ ਰਾਵਾਂ ਖੋਜ ਰਿਹਾ ਹੁੰਦਾ ਹੈ। ਜਿਥੇ ਇਕ ਸ਼ੇਅਰ ਕਹਿਣ ਲਈ ਰਾਤਾਂ ਦੇ ਜਗਰਾਤੇ, ਸਮੁੰਦਰਾਂ ਦੀ ਡੂੰਘਿਆਈ, ਜੰਗਲਾਂ ਤੇ ਸਹਿਰਾਵਾਂ ਦੀ ਖ਼ਾਕ ਛਾਣਨੀ ਪੈਂਦੀ ਹੈ, ਉਥੇ ਹੀ ਸ਼ਾਇਰ ਨੂੰ ਅਗਰ ਧਰਤੀ ਦੇ ਸੀਨੇ ਅੰਦਰ ਲੁਕੇ ਭੇਦ ਗੌਲ੍ਹਣੇ ਪੈ ਜਾਣ ਤਾਂ ਹਿਚਕੀਆਂ ਲੈਂਦੀ ਜਾਨ ਬੁੱਲ੍ਹਾਂ 'ਤੇ ਆਣ ਖਲੋਂਦੀ ਹੈ।

ਫਜ਼ਲ ਫ਼ਰੀਦ ਲਾਲੇ ਕਾ 1939 ਦੀ ਪਹਿਲੀ ਜਨਵਰੀ ਨੂੰ ਬਹਾਵਲਨਗਰ ਦੇ ਚੱਕ ਲਾਲੇ ਕਾ 'ਚ ਪੈਦਾ ਹੋਇਆ। ਮੁਢਲੀ ਤਾਲੀਮ ਬਹਾਵਲਨਗਰ 'ਚ ਹੀ ਹਾਸਿਲ ਕੀਤੀ। ਸ਼ੇਅਰ-ਓ-ਅਦਬ ਨਾਲ ਮੁਹੱਬਤ ਆਪ ਜੀ ਆਪਣੇ ਨੂੰ ਵਾਲਿਦ-ਏ-ਮੋਹਤਰਮ ਤੋਂ ਵਿਰਾਸਤ 'ਚ ਮਿਲੀ। ਉਹਨਾਂ ਦੀ ਕਿਤਾਬ "ਛੱਛਪੱਤਰ" ਖੋਜਕਾਰੀ ਦੀ ਅਣਮੁੱਲੀ ਤੇ ਸ਼ਾਹਕਾਰ ਕਿਤਾਬ ਹੈ, ਜਿਸ ਵਿੱਚ ਆਪ ਨੇ ਬਾਬਾ ਬੁੱਲੇਸ਼ਾਹ ਤੇ ਹੋਰ ਕਈ ਸ਼ਖ਼ਸੀਆਤ ਤੇ ਉਹਨਾਂ ਦੇ ਫ਼ਨ ਬਾਰੇ ਖੋਜ ਕੀਤੀ ਹੈ। ਇਹੋ ਵਜ੍ਹਾ ਹੈ ਕਿ ਆਪ ਜੀ ਦੇ ਕੰਮ ਨੂੰ ਪੰਜਾਬੀ ਅਦਬ ਵਿੱਚ ਬੜੀ ਇੱਜ਼ਤ ਤੇ ਤਕਰੀਮ ਦਿੱਤੀ ਜਾਂਦੀ ਹੈ।

ਫ਼ਜ਼ਲ ਫ਼ਰੀਦ ਲਾਲੇ ਕਾ ਦਾ ਰਿਸਰਚ ਵਰਕ ਕਈ ਮੋਹਤਬਰ ਰਸਾਲਿਆਂ 'ਚ ਛਪ ਚੁੱਕਾ ਹੈ। ਇਹਨਾਂ ਦੇ ਮਸ਼ਹੂਰ ਮਜ਼ਾਮੀਨ 'ਚੋਂ "ਬਾਬਾ ਬੁੱਲੇਸ਼ਾਹ ਦਾ ਅਸਲੀ ਨਾਂ", "ਤਾਰੀਖ ਆਖਣ ਦਾ ਅਸਲੀ ਫ਼ਨ", "ਮਿਰਜ਼ਾ-ਸਾਹਿਬਾਂ" ਤੇ "ਖਵਾਜਾ ਗੁਲਾਮ ਫ਼ਰੀਦ" ਦੀ ਹਯਾਤੀ 'ਤੇ ਛਪੇ ਉਹਨਾਂ ਦੇ ਪਹਿਲੇ ਦੀਵਾਨ 'ਤੇ ਲਿਖਿਆ

"ਮਸਨਬੀ ਮਾਦਨ-ਏ-ਇਸ਼ਕ" ਸ਼ਾਮਿਲ ਨੇ।

ਫ਼ਜ਼ਲ ਫ਼ਰੀਦ ਲਾਲੇ ਕਾ ਖੋਜਕਾਰੀ ਦੇ ਨਾਲ਼-ਨਾਲ਼ ਆਪਣੇ ਅੰਦਰ ਦੇ ਸ਼ਾਇਰ ਨੂੰ ਨਹੀਂ ਡੱਕ ਸਕੇ, ਸਗੋਂ ਜਦੋਂ ਉਹ ਆਪਣੇ ਆਲੇ-ਦੁਆਲੇ ਝਾਤੀ ਮਾਰਦਾ ਹੈ ਤੇ ਲੋਕਾਂ ਨੂੰ ਆਪਣੇ ਪਿਛੋਕੜ, ਆਪਣੀਆਂ ਰਸਮਾਂ ਤੇ ਆਪਣੇ ਰਿਵਾਜਾਂ ਤੋਂ ਦੂਰ ਜਾਂਦੇ ਵੇਖਦਾ ਹੈ ਤੇ ਇਕ ਲੰਮਾ ਹੌਕਾ ਭਰ ਕੇ ਆਖਦਾ ਹੈ ਕਿ:

ਢੋਲੇ, ਮਾਹੀਏ, ਕਿੱਕਲੀ ਮੁੱਕ ਗਈ,
ਆ ਗਏ ਨੇ ਹੁਣ ਫਿਲਮੀ ਗੀਤ
ਸੱਸੀ ਹੀਰ ਤੇ ਭੁੱਲਦੀ ਜਾਵੇ,
ਵੇਲਾ ਜਾਸੀ ਇਹ ਵੀ ਬੀਤ।

ਫ਼ਜ਼ਲ ਫ਼ਰੀਦ ਲਾਲੇ ਕਾ ਵੀ ਆਪਣੀ ਧਰਤੀ ਦੇ ਹਨੇਰਿਆਂ ਨੂੰ ਵੇਖ ਕੇ ਘਬਰਾ ਜਾਂਦਾ ਹੈ। ਉਹ ਸੋਚਦਾ ਹੈ ਕਿ ਕੱਲ੍ਹ ਤੀਕ ਤੇ ਰਾਤਾਂ ਚੌਦਵੀਂ ਦੇ ਚੰਨ ਵਾਂਗ ਚਮਕ ਰਹੀਆਂ ਸਨ, ਅੱਜ ਕੀ ਹੋਇਆ ? ਨਾ ਓਹ ਚੰਨ ਤਾਰਿਆਂ ਦਾ ਰੂਪ ਰਿਹਾ ਹੈ ਤੇ ਨਾ ਓਹ ਮੌਸਮਾਂ ਦੇ ਰੰਗ ਰਹੇ ਹਨ। ਰਾਤਾਂ ਦੇ ਹਨੇਰੇ ਜਰਦੀ ਹਯਾਤੀ ਔਖੇ-ਸੌਖੇ ਸਵੇਰ ਦੇ ਕਿਨਾਰਿਆਂ 'ਤੇ ਪਹੁੰਚ ਕੇ ਥੋੜ੍ਹਾ ਸਾਹ ਕੱਢਦੀ ਹੈ ਤੇ ਅੱਗਾਂ ਸੁੱਟਦਾ ਸੂਰਜ ਸਿਰ 'ਤੇ ਆਣ ਖਲੋਂਦਾ ਹੈ। ਹਯਾਤੀ ਕੀ ਹੋਈ ਦੁੱਖਾਂ ਦੀ ਪੰਡ ਹੋ ਗਈ:

ਅੱਤ ਹਨੇਰਾ ਕੁਝ ਨਾ ਦਿੱਸੇ ਅੱਖੀਆਂ ਨੂੰ
ਅੱਗ ਚੁਫੇਰੇ ਅੱਜ ਅਸਾਡੀਆਂ ਪੱਖੀਆਂ ਨੂੰ
ਚਿੱਟੇ ਹੱਥੀਂ ਜਾਸੋ ਰਾਂਝੇ ਲੱਭਣੇ ਨਈਂ
ਅੱਜ ਦੀਆਂ ਹੀਰਾਂ 'ਵਾਜਾਂ ਮਾਰਨ ਸਖੀਆਂ ਨੂੰ।

ਆਪਣੇ ਇਲਾਕੇ ਦੇ ਵੱਡੇ ਜ਼ਿਮੀਂਦਾਰ ਹੋਣ ਦੇ ਬਾਵਜੂਦ ਫ਼ਜ਼ਲ ਫ਼ਰੀਦ ਦੇ ਸੀਨੇ ਵਿਚ ਕਿਤਾਬ ਦੀ ਮੁਹੱਬਤ ਠਾਠਾਂ ਮਾਰਦੇ ਸਮੁੰਦਰ ਦੀ ਤਰ੍ਹਾਂ ਹੈ, ਇਹਦਾ ਸਬੂਤ ਫ਼ਜ਼ਲ ਫ਼ਰੀਦ ਲਾਲੇ ਕਾ ਦੇ ਘਰ ਬਣਾਈ ਬਹੁਤ ਵੱਡੀ ਲਾਇਬ੍ਰੇਰੀ ਹੈ, ਜਿਹਦੇ ਵਿੱਚ ਪੰਜਾਬੀ ਅਦਬ ਦੇ ਨਾਲ਼-ਨਾਲ਼ ਦੁਨੀਆਂ ਭਰ ਦਾ ਅਦਬ ਮੌਜੂਦ ਹੈ।

ਫ਼ਜ਼ਲ ਫ਼ਰੀਦ ਲਾਲੇ ਕਾ ਅਜਿਹਾ ਮਹਾਨ ਲਿਖਾਰੀ ਤੇ ਸੂਝਵਾਨ ਮਾਯੂਸੀ ਦੇ ਹਨੇਰੇ ਵੇਖਦਿਆਂ-ਵੇਖਦਿਆਂ ਆਪਣੀ ਇਕਦਮ ਡਾਵਾਂ-ਡੋਲ ਸੁਰਤ ਨੂੰ ਸੰਭਾਲਦਾ ਹੈ ਤੇ ਆਪਣੀ ਬਸਤੀ ਦੇ ਮਕਾਨਾਂ ਵੱਲ ਮੂੰਹ ਕਰਕੇ ਜ਼ੋਰ-ਜ਼ੋਰ ਦੀ 'ਵਾਜ ਲਾਉਂਦਾ ਹੈ ਕਿ:

ਕੋਈ ਤੇ ਆਵੇ, ਆ ਕੇ ਚੁੰਮੇ ਰੱਸੇ ਨੂੰ
ਵੇਲੇ ਬੀਤੇ ਜ਼ਹਿਰ ਪਿਆਲਾ ਚੱਖਿਆਂ ਨੂੰ
ਅੱਗੇ ਵਧ ਕੇ ਸੰਘੀ ਘੋਟੋ ਲੂੰਆਂ ਦੀ

ਕਦ ਤਾਂਈਂ ਸੱਜਣੋ ਇਥੇ ਝੱਲਸੋ ਪੱਖੀਆਂ ਨੂੰ
ਫ਼ਜ਼ਲਾਂ ਦੀ ਹੈ ਆਸ ਫ਼ਜ਼ਲ ਨੂੰ ਤੱਕਣਾ ਵਾਂ
ਕੋਈ ਤੇ ਆਣ ਬੁਝਾਸੀ ਅੱਗਾਂ ਭੱਖੀਆਂ ਨੂੰ।

ਫ਼ਜ਼ਲ ਫ਼ਰੀਦ ਲਾਲੇ ਕਾ ਦਾ ਕਲਾਮ ਉਹਦੇ ਦਿਲ ਤਰ੍ਹਾਂ ਖਰਾ ਤੇ ਸਾਫ਼ ਹੈ। ਓਹ ਕੌਹੜ ਵਾਂਗੂੰ ਖਿਲਰੇ ਮੁਨਾਫ਼ਕਤ ਦੇ ਕਿਰਦਾਰਾਂ ਨੂੰ ਆਪਣੇ ਆਲੇ-ਦੁਆਲੇ ਮੰਡਲਾਉਂਦੇ ਵੇਖਦਾ ਤੇ ਬੇਚੈਨ ਹੋ ਜਾਂਦਾ ਹੈ। ਕਿਰਦਾਰਾਂ ਦੇ ਸੱਪਾਂ ਵਰਗੇ ਰੰਗ ਵੇਖਦਾ ਹੈ, ਆਪਣਾ ਪਿੰਡ ਵੇਖਦਾ ਹੈ, ਆਪਣਾ ਘਰ ਵੇਖਦਾ ਹੈ ਤੇ ਇਹ ਆਪਣੇ ਆਪ ਨੂੰ ਰੋਕ ਨੀਂ ਸਕਦਾ। ਓਹ ਆਪਣੀ ਕਲਮ ਚੁੱਕਦਾ ਹੈ ਤੇ ਆਪਣੇ ਦਰਦ, ਆਪਣੇ ਅੰਦਰ ਦੀ ਕੈਫ਼ੀਅਤ ਤੇ ਆਪਣੇ ਵਸੇਬ ਦੇ ਸਾਰੇ ਗੁਨਾਹਾਂ ਦਾ ਕਾਰਨ ਆਪਣੇ ਆਪ ਨੂੰ ਮਿਥ ਕੇ ਅੰਬਰਾਂ ਦਾ ਤਾਰਾ ਬਣ ਜਾਂਦਾ ਹੈ:

ਤੂੰ ਨੱਚੇਂ ਬਦਨਾਮ ਸਦਾਵੇਂ ਮੈਂ ਵੇਖਾਂ ਮੈਂ ਵੱਡਾ ਬੰਦਾ
ਤੂੰ ਤੇ ਅੰਦਰੋਂ ਬਾਹਰੋਂ ਹਿਕੋ ਮੈਂ ਮੁਨਾਫ਼ਿਕ, ਗੰਦਾ, ਗੰਦਾ।

ਫ਼ਜ਼ਲ ਫ਼ਰੀਦ ਲਾਲੇ ਕਾ ਹਯਾਤੀ ਦੇ ਔਖੇ ਪੈਂਡਿਆਂ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਹੈ ਤੇ ਓਹ ਇਹ ਵੀ ਜਾਣਦੈ ਕਿ ਹਯਾਤੀ ਦੇ ਐਸ ਸਫ਼ਰ 'ਚ ਸਾਹ ਮੁੱਕ ਜਾਂਦੇ ਨੇ ਪਰ ਪੈਂਡੇ ਨਈਂ ਮੁੱਕਦੇ, ਸਫ਼ਰ ਜਾਰੀ ਰਹਿੰਦਾ ਹੈ ਤੇ ਕੁਝ ਲੋਕ ਆਉਂਦੇ ਨੇ ਤੇ ਆ ਕੇ ਗੁੰਮਨਾਮ ਹਯਾਤੀ ਦੇ ਨਾਲ਼ ਗੁੰਮਨਾਮੀ ਦੀ ਮੌਤ ਗਲ਼ ਵਿੱਚ ਪਾ ਕੇ ਗਵਾਚ ਜਾਂਦੇ ਨੇ, ਪਰ ਫ਼ਜ਼ਲ ਫ਼ਰੀਦ ਲਾਲੇ ਕਾ ਚਾਹੁੰਦਾ ਹੈ ਕਿ ਹਯਾਤੀ ਇਕੋ ਵਾਰੀ ਮਿਲਦੀ ਹੈ, ਇਹਦੇ ਸਫ਼ਰ ਦੀਆਂ ਔਖਤਾਂ ਨੂੰ ਵੇਖ ਕੇ, ਡਰ ਕੇ, ਘਬਰਾ ਕੇ ਤੇ ਹੌਂਸਲਾ ਛੱਡ ਕੇ ਇੱਕੋ ਥਾਵੇਂ ਬਹਿ ਜਾਣਾ ਨਈਂ ਸਗੋਂ ਹਨੇਰੀਆਂ ਰਾਤਾਂ ਵਿਚ ਅੰਬਰਾਂ ਦੇ ਤਾਰੇ ਵਾਂਗੂੰ ਜਾਂ ਦਰਵੇਸ਼ ਦੀ ਕੁੱਲੀ 'ਚ ਬਲਦੇ ਦੀਵੇ ਵਾਂਗੂੰ ਆਪਣੀ ਲੋਕਾਈ ਨੂੰ ਚਾਨਣ ਵੰਡਣਾ ਹੈ ਤਾਂ ਕਿ ਹਯਾਤੀ ਮੁੱਕ ਵੀ ਜਾਵੇ ਪਰ ਆਸ ਤੇ ਉਮੀਦ ਦਾ ਦੀਵਾ ਹਮੇਸ਼ ਬਲਦਾ ਰਵ੍ਹੇ:

ਇੰਝ ਤੇ ਸੱਜਣੋ ਜਾਣੇ ਨਈਂ ਇਹ ਐਡ ਪੁਰਾਣੇ ਰੋਗ
ਮੰਜ਼ਿਲ ਤੋੜੀ ਅੱਪੜਨ ਕੀਤੇ ਕੱਟਣੇ ਪੈਂਦੇ ਜੋਗ
ਕੀ ਹੋਇਆ ਜੇ ਮਾੜੋ ਜੈਨਾ, ਵਿੱਸਣ ਦਾ ਵੱਲ ਸਿੱਖ ਲੈ।
ਨਾਲ਼ ਬਾਜਾਂ ਦੇ ਖਹਿ ਕੇ ਚਿੜੀਆਂ ਲੱਭਦੀਆਂ ਆਪਣਾ ਚੋਗ।

ਫ਼ਜ਼ਲ ਫ਼ਰੀਦ ਲਾਲੇ ਕਾ ਇਕ ਮਹਾਨ ਮੁਹੱਕਿਕ ਤੇ ਦਾਨਸ਼ਵਰ ਹੈ। ਤਹਿਕੀਕ ਸ਼ੇਅਰ-ਓ-ਅਦਬ ਦੇ ਮੁਤਾਲਾ ਦੇ ਨਾਲ਼-ਨਾਲ਼ ਉਹ ਲੋਕਾਈ ਦੀ ਖ਼ਿਦਮਤ ਲਈ 1989 ਤੋਂ 2019 ਤੱਕ ਵੋਕੇਸ਼ਨਲ ਟਰੇਨਿੰਗ ਇੰਸਟੀਚਿਊਟ ਬਹਾਵਲਨਗਰ ਦੇ ਡਿਸਟਰਿਕਟ ਬੋਰਡ ਆਫ਼ ਮੈਨੇਜਮੈਂਟ ਦੇ ਪਰੈਜ਼ੀਡੈਂਟ ਰਹੇ ਤੇ ਫੇਰ ਆਪਣੀ ਮਰਜ਼ੀ ਨਾਲ਼ ਹੀ ਵੀਹ ਸਾਲ ਬਾਅਦ ਜ਼ਿੰਮੇਦਾਰੀ ਤੋਂ ਦਸਤਬਰਦਾਰ ਹੋ ਗਏ।

ਫ਼ਜ਼ਲ ਫ਼ਰੀਦ ਲਾਲੇ ਕਾ ਅੱਜਕੱਲ੍ਹ ਬਹਾਵਲਨਗਰ ਦੇ ਡੀ.ਪੀ.ਐੱਸ. ਸਕੂਲ ਦੇ ਬੋਰਡ ਆਫ਼ ਗਵਰਨੈਂਸ ਦੇ ਸਕਰੇਟਰੀ ਦੇ ਫਰਾਇਜ਼ ਸਰ ਅੰਜਾਮ ਦੇ ਰਹੇ ਹਨ।

ਜਦੋਂ ਬੰਦਾ ਮਕਬੂਲੀਅਤ ਤੇ ਕਬੂਲੀਅਤ ਦੀਆਂ ਮੰਜ਼ਿਲਾਂ ਪਾਰ ਕਰ ਰਿਹਾ ਹੁੰਦਾ ਹੈ ਤੇ ਦੁਸ਼ਮਣ ਤੇ ਦੂਰ ਦੀ ਗੱਲ ਹੈ, ਬਹੁਤ ਸਾਰੇ ਕਰੀਬੀ ਯਾਰ ਵੀ ਬਗਲਾਂ ਹੇਠ ਛੁਰੀਆਂ ਦੱਬੀ ਮਗਰ ਲੱਗ ਜਾਂਦੇ ਨੇ, ਪਰ ਫ਼ਜ਼ਲ ਫ਼ਰੀਦ ਲਾਲੇ ਕਾ ਦਾ ਕਹਿਣਾ ਹੈ ਕਿ ਭਾਵੇਂ ਕੁਝ ਵੀ ਹੋ ਜਾਏ, ਅਸਾਂ ਆਪਣੀ ਰਾਹ 'ਤੇ ਚਲਦੇ ਰਹਿਣਾ ਤੇ ਲੋਕਾਂ ਆਪਣੀ ਰਾਹ 'ਤੇ। ਐਸੇ ਲਈ ਓਹਨਾਂ ਆਖਿਆ ਹੈ ਕਿ:

ਹੱਕ ਤੇ ਲੜਨਾ ਰੀਤ ਅਸਾਡੀ
ਅਸਾਂ ਤੇ ਲੜਦੇ ਰਹਿਣਾ
ਹੱਕ ਦਾ ਬੋਲ ਤੁਸਾਂ ਨਾ ਭਾਵੇਂ
ਤੁਸੀਂ ਤੇ ਹੜਦੇ ਰਹਿਣਾ।

ਫ਼ਜ਼ਲ ਫ਼ਰੀਦ ਲਾਲੇ ਕਾ ਨੇ ਮਾਰਚ 1969 'ਚ ਪੰਜਾਬੀ ਅਦਬ ਬਹਾਵਲਨਗਰ ਨੰਬਰ ਵਿੱਚ ਮਹਿਮਾਨ ਐਡੀਟਰ ਦੇ ਤੌਰ 'ਤੇ ਕੰਮ ਕਰਦੇ ਹੋਇਆਂ ਜ਼ਿਲ੍ਹਾ ਬਹਾਵਲਨਗਰ ਦੇ ਸ਼ਾਇਰਾਂ ਦਾ ਬੜੇ ਸੋਹਣੇ ਅੰਦਾਜ਼ ਵਿਚ ਤਾਅਰੁੱਫ਼ ਕਰਵਾਇਆ ਤੇ ਓਹਨਾਂ ਦੇ ਐਸੇ ਕੰਮ ਤੋਂ ਮੁਤਾਸਿਰ ਹੋ ਕੇ ਰਾਕਿਮ ਨੂੰ ਕਲਮ ਚੁੱਕਣ ਦਾ ਸੌਂਕ ਪੈਦਾ ਹੋਇਆ।

ਫ਼ਜ਼ਲ ਫ਼ਰੀਦ ਜਿੱਥੇ ਖੋਜ ਦੇ ਕੰਮ ਦਾ ਲੋਹਾ ਮਨਵਾ ਚੁੱਕਿਆ ਹੈ ਉਥੇ ਉਸ ਦੇ ਸ਼ੇਅਰਾਂ ਦੇ ਦਰਦ ਦੀ ਗੂੰਜ ਵੀ ਸਾਡੀ ਧਰਤੀ 'ਤੇ ਸੁਣੀ ਜਾ ਰਹੀ ਹੈ। ਓਹਨਾਂ ਦੀ ਸ਼ਾਇਰੀ ਦੀ ਕਿਤਾਬ ਤੇ ਜਦੋਂ ਵੀ ਛਾਪੇ ਚੜ੍ਹੀ ਸਾਹਵੇਂ ਆ ਹੀ ਜਾਵੇਗੀ, ਪਰ ਉਹ ਆਪਣੇ ਪਿਛੋਕੜ ਦੀ ਹਯਾਤੀ ਵੱਲ ਝਾਤੀ ਪਾਉਂਦਿਆਂ ਹੋਇਆਂ ਤੇ ਅੱਜ ਦੇ ਹਾਲਾਤ ਨੂੰ ਗੌਰ ਨਾਲ਼ ਵੇਖਦਿਆਂ ਹੋਇਆਂ ਆਖ ਰਹੇ ਨੇ ਕਿ:

ਹੜ੍ਹ ਦੁੱਖਾਂ ਦੇ ਠੱਲ੍ਹਦੀ ਠੱਲ੍ਹਦੀ,
ਜ਼ਿੰਦੜੀ ਲੁਕਦੀ ਲੁਕ ਗਈ ਏ
ਉਮਰਾਂ ਸ਼ੋਹਦੀ ਢਲਦੀ ਢਲਦੀ,
ਆਖ਼ਿਰ ਮੁੱਕਦੀ ਮੁੱਕ ਗਈ ਏ
ਠੁੱਡੇ ਠੇਡੇ ਝੱਲਦੀ ਝੱਲਦੀ,
ਓੜਕ ਝੁਕਦੀ ਝੁਕ ਗਈ ਏ
ਪੰਧ ਅੜਾਂਗੇ ਚੱਲਦੀ ਚੱਲਦੀ,
ਛੇਕੜ ਰੁਕਦੀ ਰੁਕ ਗਈ ਏ।

□□□

# ਇਕ ਹੋਰ ਸਿਤਾਰਾ ਡੁੱਬ ਗਿਆ ਡੂੰਘੀਆਂ ਰਮਜ਼ਾਂ ਦਾ ਸ਼ਾਇਰ ਸਲੀਮ ਨਜ਼ਰ



ਉਹਦੀਆਂ ਅੱਖਾਂ 'ਚ ਦਰਦ ਜਾਗਦਾ ਸੀ... ਤੜਪਦੀ ਤੇ ਬੇਚੈਨ ਹਯਾਤੀ ਦਾ ਦਰਦ... ਵਸੇਬ ਦੇ ਕਮਜ਼ੋਰ ਸੀਨੇ ਵਿਚ ਖੁੱਭੀ ਭੁੱਖ ਦਾ ਦਰਦ... ਪਿਆਸੇ ਖੇਤਾਂ ਦਾ ਦਰਦ... ਭਖਦੇ-ਸੜਦੇ ਥਲ ਦਾ ਦਰਦ... ਉਜੜੇ ਵਿਹੜੇ ਵਿੱਚ ਖਲੋਤੇ ਰੁੱਖ ਦੇ ਪੀਲੇ ਪੱਤਿਆਂ ਦਾ ਦਰਦ। ਉਹ ਦਰਦ ਮਹਿਸੂਸ ਕਰਦਾ ਸੀ ਤੇ ਦਰਦ ਵੰਡਾਂਦਾ ਸੀ। ਉਹ ਬੋਲਦਾ ਸੀ ਤੇ ਦਲੀਲ ਦੀਆਂ ਝਾਂਜਰਾਂ ਕੰਨਾਂ ਵਿੱਚ ਛਣ-ਛਣ-ਛਣ ਕਰਦੀਆਂ ਸਨ। ਉਹਦੀਆਂ ਗੱਲਾਂ ਵਿਚ ਕੋਈ ਗੱਲ ਹੁੰਦੀ ਸੀ.. ਕੋਈ ਫਿਲਾਸਫੀ ਹੁੰਦੀ ਸੀ... ਕੋਈ ਸੋਚ ਹੁੰਦੀ ਸੀ... ਕੋਈ ਫ਼ਿਕਰ ਹੁੰਦੀ ਸੀ। ਸੋਚ ਦੇ ਡੂੰਘੇ ਦਰਿਆ ਅੰਦਰ ਬੈਠ ਕੇ ਵੀ ਸੁਰਤ ਨਹੀਂ ਗਵਾਂਦਾ ਸੀ... ਗੱਲ ਮੂੰਹ 'ਚੋਂ ਨਿਕਲਦੀ ਤੇ ਦਿਲ 'ਤੇ ਅਸਰ ਕਰਦੀ ਸੀ। ਅੱਖਾਂ ਵਿੱਚ ਮਾਸੂਮ ਸੱਧਰਾਂ ਦੇ ਦੀਵੇ... ਮਾਯੂਸੀ ਦੇ ਹਨੇਰਿਆਂ ਨੂੰ ਚਾਨਣ ਵੰਡ ਰਹੇ ਹੁੰਦੇ ਸੀ ਤੇ ਬੁੱਲ੍ਹਾਂ 'ਤੇ ਹਰਦਮ ਮੁਹੱਬਤਾਂ ਦੇ ਫੁੱਲ ਖਿੜੇ ਹੁੰਦੇ ਸੀ। ਤਨਕੀਦ ਕੀ ਆ ? ਤਨਕੀਦ ਕਿਹਨੂੰ... ਕਦੋਂ ਤੇ ਕਿਉਂ ਕਰਨੀ ਚਾਹੀਦੀ ਆ ? ਤਨਕੀਦ ਕਰਦੇ ਹੋਏ ਕਿਹੜੀਆਂ ਪੌੜੀਆਂ ਤੋਂ ਚੜ੍ਹ ਕੇ ਆਣਾ ਜ਼ਰੂਰੀ ਹੁੰਦਾ ਹੈ ? ਉਹਦਾ ਫੇਵਰੇਟ ਮੌਜ਼ੂ ਹੁੰਦਾ ਸੀ।

ਪਤਾ ਨੀ ਉਹ ਆਪਣੇ ਲਈ ਵੀ ਕੁਝ ਪਲ ਜੀਆ ਏ ਜਾਂ ਹਮੇਸ਼... ਦੂਜਿਆਂ ਦੇ ਦਰਦਾਂ ਦੀ ਭੱਠੀ ਵਿੱਚ ਈ ਸੜਦਾ ਰਿਹਾ। ਲੋਕਾਈ ਦੇ ਦੁੱਖਾਂ ਵਿੱਚ... ਰਾਤਾਂ ਨੂੰ ਜਾਗਣਾ ਤਰੱਕੀਪਸੰਦ ਤਨਜ਼ੀਮਾਂ ਦਾ ਹਿੱਸਾ ਬਣਨਾ... ਕਾਮਰੇ ਕਹਿਲਵਾਣਾ... ਮਾੜੇ ਲਈ ਤਗੜੇ ਨਾਲ਼ ਲੜਨਾ... ਢਿੱਡ 'ਤੇ ਵੱਟੇ ਬੰਨ੍ਹ ਕੇ ਵੀ... ਸਿਰ ਚੁੱਕ ਕੇ ਜੀਣਾ ਤੇ ਓੜਕ ਕਾਲ ਕੋਠੜੀਆਂ 'ਚ ਬਹਿ ਕੇ ਨਜ਼ਮਾਂ ਕਹਿਣਾ... ਉਹਦੀ ਜ਼ਿੰਦਗੀ ਦਾ ਖ਼ਾਸਾ ਰਿਹਾ ਹੈ।

ਸਲੀਮ ਨਜ਼ਰ ਅਜੀਬ ਬੰਦਾ ਸੀ। ਸਾਰੀ ਹਯਾਤੀ... ਭੁੱਖ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਖਲੋਤਾ ਰਿਹਾ... ਪਹਾੜਾਂ ਵਰਗੇ ਜੁੱਸੇ ਪੀਹ ਦੇਣ ਵਾਲੇ ਦੁੱਖ ਜਰਦਾ ਰਿਹਾ... ਜੇਲ੍ਹਾਂ ਕੱਟਦਾ ਰਿਹਾ... ਨੌਕਰੀਆਂ ਗਵਾਉਂਦਾ ਰਿਹਾ ਤੇ ਰੋਜ਼ ਦਿਹਾੜੀ ਲੋਕਾਈ ਦੇ ਦੁੱਖਾਂ ਨਾਲ਼ ਲੜਦਿਆਂ-ਲੜਦਿਆਂ... ਅਮਰ ਹੁੰਦਾ ਗਿਆ:

ਰਿਜ਼ਕ ਦੀ ਅੰਨ੍ਹੀ ਭਾਜੜ ਪਿੱਛੇ
ਬੰਦਾ ਆਖ਼ਿਰ ਮੁੱਕ ਜਾਂਦਾ ਏ।

ਰਿਸ਼ਤੇ ਨਾਤੇ ਟੁੱਟ ਜਾਂਦੇ ਨੇ
ਵਾਂਗ ਗੁਲਾਬਾਂ ਸੁੱਕ ਜਾਂਦਾ ਏ।

ਸਲੀਮ ਨਜ਼ਰ ਦਾ ਸੀਨਾ... ਹਿਜਰ ਦੇ ਤਰਿੱਖੇ ਤੀਰ ਖਾ-ਖਾ ਛਲਨੀ ਹੋ ਗਿਆ ਸੀ ਤੇ ਜ਼ਮਾਨੇ ਵੱਲ ਝਾਤੀ ਮਾਰਦਾ ਸੀ ਤੇ ਉਹਨੂੰ ਡਰ ਲੱਗਦਾ ਸੀ। ਚਾਰ-ਚੁਫ਼ੇਰੇ ਜ਼ਹਿਰੀ ਅੱਖਾਂ... ਜ਼ਹਿਰੀ ਸੀਨੇ... ਜ਼ਹਿਰੀ ਸਾਵਾਂ... ਜ਼ਹਿਰੀ ਗੱਲਾਂ... ਜ਼ਹਿਰੀ ਹਾਸੇ... ਜ਼ਹਿਰੀ ਜੁੱਸੇ... ਅੰਦਰ-ਬਾਹਰ ਜ਼ਹਿਰ ਈ ਜ਼ਹਿਰ... ਬੰਦਾ ਜਾਵੇ ਤੇ ਕਿਹੜੇ ਪਾਸੇ ਜਾਵੇ ? ਅਖ਼ੀਰ ਉਹਦਾ ਜ਼ਬਤ... ਬਰਦਾਸ਼ਤ ਤੋਂ ਬਾਹਰ ਹੋ ਗਿਆ ਤੇ ਓਹਨੇ ਚੁੱਪ ਦੇ ਜਿੰਦਰੇ ਤੋੜ ਕੇ ਦਿਲ ਵਿਚੋਂ ਇਕ ਲੰਮੀ ਹੂਕ ਕੱਢੀ:

ਅੰਦਰ ਮੇਰੇ ਹਿਜਰ ਦਾ ਤੱਪ,
ਆਲ ਦਵਾਲੇ ਸੱਪ ਹੀ ਸੱਪ।
ਜ਼ਹਿਰੀ ਕਾਲੇ ਡੱਬ ਖੜੱਬੇ
ਲੁਕਣ ਦੀ ਹੁਣ ਵਾਹ ਨਾ ਕਾਈ।

ਅੰਦਰ ਤੇ ਬਾਹਰ ਨਾਲ਼... ਲੜਦਿਆਂ-ਲੜਦਿਆਂ ਸਲੀਮ ਨਜ਼ਰ ਇਕਦਮ ਕੰਬਦਾ ਹੈ ਤੇ ਆਪਣੇ ਆਪ ਨੂੰ ਟੋਹਦਿਆਂ ਹੋਇਆਂ ਆਖਦਾ ਹੈ ਕਿ ਇਹਨਾਂ ਸੱਪਾਂ ਤੇ ਕਦੋਂ ਤੀਕ ਵਲਾਂਦੇ ਰਵ੍ਹਾਂਗੇ... ਕਦੋਂ ਤੀਕ ਮੰਜ਼ਿਲਾਂ ਤੋਂ ਦੂਰ ਭਟਕਦੇ ਰਵ੍ਹਾਂਗੇ। ਉਹ ਇਕਦਮ ਉੱਠ ਖਲੋਂਦਾ ਹੈ ਤੇ ਡੱਬ-ਖੜੱਬੇ ਸੱਪਾਂ ਦੀਆਂ ਗਿੱਚੀਆਂ ਮਰੋੜਨ ਲਈ ਤਗੜਾ ਹੋ ਜਾਂਦਾ ਏ। ਓਹ ਇਕ ਨਵੀਂ ਦਿਸ਼ਾ ਵੱਲ ਤੁਰ ਪੈਂਦਾ ਹੈ... ਓਹ ਆਪਣੀਆਂ ਸੋਚਾਂ ਦੇ ਚਾਨਣ ਨਾਲ਼... ਲੋਕਾਈ ਦੇ ਲੇਖਾਂ ਦੇ ਹਨੇਰਿਆਂ ਨੂੰ ਮੁਕਾਉਣਾ ਚਾਹੁੰਦਾ ਹੈ ਤੇ ਆਪਣੇ ਨਾਲ਼ ਜੁੜੇ ਸਮਾਜ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਆਖਦਾ ਹੈ:

ਜਾਂਦੇ ਵਰ੍ਹੇ ਨੂੰ ਚੁੱਪ ਚੁਪੀਤਾ
ਟੋਰ ਦਿਆਂ ਤੇ ਚੰਗਾ ਨਈ।
ਸਹੁ ਦਰਿਆ ਵਿਚ ਜੀਵਨ ਆਪਣਾ
ਰੋੜ੍ਹ ਦਿਆਂ ਤੇ ਚੰਗਾ ਨਈ।
ਅੱਖਾਂ ਦੇ ਪਰਛਾਵੇਂ ਓਹਲੇ
ਚੁੱਪ-ਚੁਪੀਤੇ ਹੰਝੂਆਂ, ਨੂੰ ਪੀ ਲਵਾਂ
ਜਾਂ ਵਾਪਸ ਅੱਖੀਂ
ਮੋੜ ਦਿਆਂ ਤੇ ਚੰਗਾ ਨਈ।

ਕੋਈ ਇਕ ਦੁੱਖ ਹੋਵੇ... ਕੋਈ ਇਕ ਦਰਦ ਹੋਵੇ ਤੇ ਬੰਦਾ ਜਰ ਵੀ ਲੈਂਦਾ ਹੈ, ਪਰ ਸਲੀਮ ਨਜ਼ਰ ਤੇ... ਸਾਰੀ ਹਯਾਤੀ... ਦੁੱਖਾਂ ਦੀਆਂ ਪੰਡਾਂ ਚੁੱਕੀ... ਪੈਂਡੇ ਕੱਟਦਾ ਰਿਹਾ ਹੈ। ਥਲ ਦਿਆਂ ਟਿੱਬਿਆਂ ਦੀ ਅੱਗ ਦਾ ਦੁੱਖ... ਜਾਗਦੀਆਂ ਅੱਖਾਂ ਵਿੱਚ ਮਾਸੂਮ ਮੁਹੱਬਤਾਂ ਦੇ ਦੁੱਖ... ਆਣ ਵਾਲੇ ਕੱਲ੍ਹ ਦਾ ਦੁੱਖ... ਹਾੜ੍ਹ-ਜੇਠ ਦੇ

ਮੌਸਮਾਂ ਅੰਦਰ... ਪੋਹ-ਮਾਘ ਵਾਂਗਰ ਠਰਦੇ ਚੁੱਲ੍ਹੇ ਦਾ ਦੁੱਖ... ਨਿਆਣਿਆਂ ਦੀਆਂ ਅੱਖਾਂ ਵਿੱਚ... ਪਹਾੜਾਂ ਵਰਗੀਆਂ ਜ਼ਰੂਰਤਾਂ ਦੀ ਮੌਤ ਦਾ ਦੁੱਖ... ਚਾਰ ਚੁਫੇਰੇ ਦੁੱਖ ਹੀ ਦੁੱਖ। ਜਦੋਂ ਸਾਰੀ ਜ਼ਿੰਦਗੀ... ਦੁੱਖਾਂ ਦਾ ਮਜ਼ਮੂਆ ਬਣ ਜਾਵੇ... ਫੇਰ ਚੈਨ ਕਿੱਥੋਂ ਆਵੇਗਾ? ਫੇਰ ਸਲੀਮ ਨਜ਼ਰ ਦੀ ਆਸ ਦੇ ਪੰਛੀ... ਥਲ ਦੇ ਸੁੱਕੇ ਰੁੱਖ 'ਤੇ ਬਹਿ ਕੇ... ਇਕਦਮ ਕੂਕਦੇ ਤੇ ਕੁਰਲਾਉਂਦੇ ਨੇ ਤੇ ਆਪਣੀ ਦੁਖੀ ਅਵਾਜ਼ ਦੇ ਨਾਲ਼... ਸਾਰੇ ਵਸੇਬ ਨੂੰ ਦੁਖੀ ਕਰ ਛੋੜਦੇ ਨੇ:

ਦੂਰ-ਦੁਰਾਡੇ ਸੁੱਕੇ
ਵਣ ਦੇ ਟਾਹਣ ਉੱਤੇ,
ਮੇਰੀ ਆਸ ਦਾ ਪੰਛੀ
ਕੂਕੇ ਤੇ ਕੁਰਲਾਵੇ
ਮੈਨੂੰ ਚੈਨ ਨਾ ਆਵੇ।

ਜਿਹੜਾ ਬੰਦਾ... ਦੂਜਿਆਂ ਦੇ ਦੁੱਖਾਂ ਦੀ ਭੱਠੀ ਵਿਚ... ਸੜਦਾ ਪਿਆ ਹੋਵੇ। ਓਹਨੂੰ ਆਪਣੇ ਦੁੱਖਾਂ ਦੀ ਕੀ ਪਰਵਾਹ ਹੋਣੀ? ਜਦੋਂ ਬਸਤੀ ਦਾ ਹਰ ਵਸਨੀਕ... ਆਪਣੀ ਮਸਤੀ... ਆਪਣੇ ਨਸ਼ਿਆਂ ਅੰਦਰ ਡੁੱਬਿਆ ਹੋਵੇ ਤੇ ਉਦੋਂ ਕਿਸੇ ਨੂੰ ਕਿਸੇ ਦੀ ਫ਼ਿਕਰ ਨਹੀਂ ਹੁੰਦੀ... ਹਰ ਜਣਾ ਆਪਣੀ ਹਯਾਤੀ ਅੰਦਰ... ਮਸਤ ਹੁੰਦਾ... ਓਦੋਂ ਸਲੀਮ ਨਜ਼ਰ ਵਰਗਾ ਬੰਦਾ ਵੀ... ਅਜਿਹੇ ਸਮਾਜ ਨੂੰ ਵੇਖ ਕੇ ਪਰੇਸ਼ਾਨ ਹੋ ਜਾਂਦਾ ਹੈ... ਘਬਰਾ ਜਾਂਦਾ ਹੈ। ਸਲੀਮ ਨਜ਼ਰ ਹੈਰਾਨੀ ਨਾਲ਼ ਆਪਣੇ ਆਲੇ-ਦੁਆਲੇ ਦੇਖਦਾ ਹੈ... ਪਰ ਕੱਖ ਨਜ਼ਰ ਨਈ ਆਉਂਦਾ। ਨਾ ਅੰਦਰ ਨਾ ਬਾਹਰ... ਚਾਰੇ ਪਾਸੇ ਉੱਚੀਆਂ ਕੰਧਾਂ... ਅੱਖਾਂ ਕੱਢਦੀਆਂ ਕੰਧਾਂ... ਬੋਲਦੀਆਂ ਤੇ ਚਿਘਾੜਾਂ ਮਾਰਦੀਆਂ ਕੰਧਾਂ... ਲਾਲ ਤੇ ਪੀਲੀਆਂ ਕੰਧਾਂ... ਮੌਤ ਦੀਆਂ ਕੰਧਾਂ... ਇਹਨਾਂ ਕੰਧਾਂ ਦਾ ਕੈਦੀ... ਸਲੀਮ ਨਜ਼ਰ ਇਹਨਾਂ ਨੂੰ ਗੌਰ ਨਾਲ ਵੇਖਦਿਆਂ-ਵੇਖਦਿਆਂ ਖ਼ਬਰੇ ਕੀ ਲੱਭਣ ਲੱਗ ਪੈਂਦਾ ਹੈ:

ਉੱਚੀਆਂ ਕੰਧਾਂ 'ਕੱਲੀਆਂ ਕੰਧਾਂ
ਵਿਚ ਖਲੋਤਾ ਸੋਚੀ ਜਾਵਾਂ
ਆਪਣੇ ਆਪ ਨੂੰ ਖੋਜੀ ਜਾਵਾਂ।

ਜਦੋਂ ਆਪਣਾ ਆਪ ਈ...ਗਵਾਚ ਜਾਵੇ...ਫ਼ੇਰ ਕਿਸੇ ਹੋਰ ਦੀ ਤਲਾਸ਼ ਮੁੱਕ ਜਾਂਦੀ ਹੈ। ਬੰਦਾ ਸੁਰਤ ਗਵਾ ਬਹਿੰਦਾ ਹੈ...ਦੁੱਖ ਸਹਿ-ਸਹਿ ਮਾਸ ਆਂਬਲ ਜਾਂਦਾ ਏ...ਬੰਦਾ ਜਾਂ ਤੇ ਪੱਥਰ ਹੋ ਜਾਂਦਾ ਏ ਜਾਂ ਫੇਰ ਮਿੱਟੀ। ਮਿੱਟੀ ਅਧਮੋਈ ਹੋ ਕੇ ਤੜਫਦੀ ਹੈ...ਅੱਖਾਂ ਖੋਲ੍ਹਦੀ ਹੈ...ਮਿੱਟੀ ਦੀਆਂ ਅੱਖਾਂ 'ਚੋਂ ਕੋਸੇ-ਕੋਸੇ ਪਾਣੀ ਦੇ ਤੁਪਕੇ ਕਲੇਜੇ ਨੂੰ ਸਾੜ ਦਿੰਦੇ ਨੇ। ਧਰਤੀ ਕੰਬਦੀ ਹੈ...ਫ਼ੇਰ ਇਕ ਹੂਕ ਅਸਮਾਨਾਂ ਤੀਕ ਅੱਪੜਦੀ ਹੈ:

ਦਰਿਆਵਾਂ 'ਤੋਂ ਸਿੰਮਦਾ ਕਹਿਰ

ਇਕ ਦਿਨ ਰੋੜ੍ਹ ਕੇ ਲੈ ਜਾਵੇਗਾ
ਜੁੱਸਿਆਂ ਅੰਦਰ ਭਰਿਆ ਜ਼ਹਿਰ।

ਸਲੀਮ ਨਜ਼ਰ... ਸ਼ਾਇਰੀ ਦੇ ਰੰਗਾਂ ਨਾਲ਼... ਖੇਡ ਰਿਹਾ ਹੈ। ਓਹਦੀ ਸ਼ਾਇਰੀ ਦੇ ਕਈ ਰੰਗ ਨੇ... ਗੂੜ੍ਹੇ, ਬਹਤ ਈ ਗੂੜ੍ਹੇ... ਹਲਕੇ, ਤਿੱਖੇ ਬਹੁਤ ਈ ਤਿੱਖੇ। ਕਦੀ ਓਹ ਸਿੱਧੀ ਗੱਲ ਕਰਦਾ ਹੈ... ਜੋ ਠਾਹ ਦਿਲ 'ਤੇ ਵਜਦੀ ਹੈ। ਕਦੀ-ਕਦੀ ਓਹ ਰਮਜ਼ੀਅਤ ਦੇ... ਡੂੰਘੇ ਸਮੁੰਦਰਾਂ ਦੀ... ਤਹਿ ਤੀਕਰ ਅੱਪੜ ਜਾਂਦਾ ਹੈ। ਅਲਾਮਤਾਂ ਤੇ ਤਸਬੀਹਾਂ ਦੇ... ਮਜ਼ੇ ਲੈਂਦਾ ਹੈ। ਕੁਰਲਾਂਦੇ ਹੋਏ... ਸੁਫਨਿਆਂ ਦੇ ਨੰਗੇ ਪਿੰਡੇ ਨੂੰ... ਨਵਿਆਂ-ਨਵਿਆਂ ਲੀੜਿਆਂ ਨਾਲ਼ ਕੱਜਦਾ ਹੈ ਤੇ ਪਾਣੀਆਂ ਦੀ ਉਂਗਲ ਫੜ ਕੇ... ਓਥੇ ਅੱਪੜ ਜਾਂਦਾ ਹੈ... ਜਿੱਥੇ ਓਹਦੇ ਦਰਦ ਨੂੰ... ਓਹਦੇ ਦੁੱਖ ਨੂੰ ਤੇ ਓਹਦੀ ਗੱਲ ਨੂੰ ਸੁਣਨ ਵਾਲਾ ਬੱਸ ਟਾਂਵਾਂ-ਟਾਂਵਾਂ ਜੀਅ ਹੀ ਲੱਭਦਾ ਹੈ:

ਕਰਮ ਨਖਿੱਧ ਹਯਾਤੀ ਰੂੜੀ
ਚੂੜ੍ਹੀ ਆਖੇ ਕੌਣ।
ਭਰ-ਭਰ ਟਿੰਡਾਂ ਦੁੱਧੋਂ ਪਾਣੀ
ਚਿੱਕੜ ਹੋਈ ਧੌਣ
ਚੂੜ੍ਹੀ ਆਖੇ ਕੌਣ।
ਪਾਪ ਦਾ ਮੀਂਹ ਤੇ
ਪੁੰਨ ਦਾ ਪਾਣੀ
ਮੁਰਲੀ ਭੁੱਲ ਗਿਆ ਮੋਹਣ
ਚੂੜ੍ਹੀ ਆਖੇ ਕੌਣ।

ਸਲੀਮ ਨਜ਼ਰ ਸਮੁੰਦਰਾਂ ਦੀਆਂ ਗਹਿਰਾਈਆਂ 'ਚ... ਤਰਦਿਆਂ-ਤਰਦਿਆਂ ਕਾਫੀ ਅੱਗੇ ਲੰਘ ਜਾਂਦਾ ਹੈ। ਸਮਾਂ ਪਿੱਛੇ ਰਹਿ ਜਾਂਦਾ ਹੈ... ਲੋਕ ਪਿੱਛੇ ਰਹਿ ਜਾਂਦੇ ਨੇ...ਹਯਾਤੀ ਗਵਾਚ ਜਾਂਦੀ ਹੈ... ਥਲ ਦੇ ਟਿੱਬਿਆਂ 'ਤੇ... ਠੰਡੇ ਮੀਂਹ ਦੇ ਬੱਦਲ... ਵਰ੍ਹਨ ਲੱਗ ਪੈਂਦੇ ਨੇ... ਇੰਝ ਜਾਪਦਾ ਹੈ...ਹਰ ਸ਼ੈਅ ਪਿੱਛੇ... ਕਿਤੇ ਬਹੁਤ ਪਿੱਛੇ ਰਹਿ ਗਈ ਹੈ। ਇਸ਼ਕਾਂ ਵਾਲੇ ਪਿੱਛੇ... ਸੁਫਨਿਆਂ ਵਾਲੇ ਪਿੱਛੇ... ਦੁੱਖਾਂ ਵਾਲੇ ਪਿੱਛੇ... ਭੁੱਖਾਂ ਵਾਲੇ ਪਿੱਛੇ... ਛਾਂ-ਧੁੱਪ, ਕਣੀ, ਅੱਖ, ਅੱਥਰੂ, ਕੱਜਲ, ਮੌਸਮਾਂ ਦੇ ਰੰਗ ਤੇ ਸਾਹਵਾਂ ਦੀ ਡੋਰੀ... ਸਭ ਪਿੱਛੇ ਰਹਿ ਜਾਂਦੇ ਨੇ। ਅਲਾਮਤਾਂ ਤਸਬੀਹਾਂ ਤੇ ਤਰਕੀਬਾਂ... ਹੈਰਾਨੀ ਦੀ ਬੁੱਕਲ ਮਾਰ ਕੇ ਕੱਚੀਆਂ ਕੰਧਾਂ 'ਤੇ ਜਾ ਬਹਿੰਦੀਆਂ ਨੇ ਤੇ ਸਲੀਮ ਨਜ਼ਰ ਪਲਕਾਂ ਚੁੱਕਦਿਆਂ ਆਖਦਾ ਹੈ ਕਿ:

ਗਿਰਝ ਸਰਾਂਦੀ ਮੋਈ
ਅੱਖਰ ਬੰਨ੍ਹ ਖਲੋਤੇ ਹੱਥ
ਅਲਫੋਂ ਬੇ ਨਾ ਆਵੇ

ਕਾਗਤ ਕਾਲੇ ਸ਼ਾਹ।
ਤੁਰਤ ਨਿਵਾ ਗਏ
ਸੀਸ ਨਿਵਾ ਗਏ
ਸ਼ਕਲਾਂ ਵਾਂਗ ਸ਼ਿਕਾਰ
ਕਾਗਤ ਕਾਲੇ ਸ਼ਾਹ।

ਫੇਰ ਲਫ਼ਜ਼ ਬੇਹੋਸ਼ ਹੋ ਜਾਂਦੇ ਨੇ। ਸਲੀਮ ਨਜ਼ਰ ਦੀ ਗਹਿਰਾਈ ਮਾਪੀ ਨਹੀਂ ਜਾਂਦੀ। ਖ਼ਬਰੇ... ਕਿਹੜੀਆਂ ਲੁਭਤਾਂ ਦੇ ਜੰਦਰੇ ਤੋੜ ਕੇ...ਅੱਖਰ ਕੱਢ ਲਿਆਂਦਾ ਹੈ... ਪਰੀਆਂ ਵਰਗੀਆਂ ਨਜ਼ਮਾਂ... ਸਾਡੇ ਅੱਗੇ ਰੱਖ ਛੋੜਦਾ ਹੈ। ਬੰਦਾ ਹੈਰਾਨ... ਬੁੱਤ ਤਰ੍ਹਾਂ ਖਲੋਤਾ ਵੇਖ ਰਿਹਾ ਹੁੰਦਾ ਹੈ ਤੇ ਸਲੀਮ ਨਜ਼ਰ ਇਕਦਮ ਹੱਸ ਪੈਂਦਾ ਹੈ ਤੇ ਆਖਦਾ ਹੈ ਕਿ ਅਸਾਂ ਸਾਰੀ ਹਯਾਤੀ ਦੁੱਖਾਂ ਦੇ ਪੈਂਡੇ ਕੱਟੇ ਨੇ। ਸਾਡੇ ਅੰਦਰ... ਭੁੱਖ ਤੇ ਕਾਲ ਦਾ... ਓਹ ਤਾਪ ਹੈ... ਜਿਹਦੇ ਨਾਲ਼ ਜੀਣ ਦਾ ਸਮਝੌਤਾ ਕਰ ਲਿਆ ਹੈ... ਸੌਦਾ ਕਰ ਲਿਆ ਹੈ। ਓਹ ਦੁੱਖ ਹਯਾਤੀ ਦੇ ਦਰਦ ਵਾਂਗੂੰ...ਲਹੂ ਬਣ ਕੇ... ਰਗਾਂ ਵਿੱਚ ਉਤਰ ਗਿਆ ਏ। ਹੁਣ ਐਸ ਤੋਂ ਵੱਖ ਹੋਣਾ ਵੀ ਚਾਹੀਏ ਤੇ ਨਹੀਂ ਹੋ ਸਕਦੇ:

ਵਗਦੀ 'ਵਾ ਵਿਚ
ਰੇਤ ਦੇ ਕੱਚੇ ਟਿੱਬੇ ਉੱਤੇ
ਸਰ ਦੇ ਸੁੱਕੇ ਬੂਟੇ ਵਾਂਗੂੰ,
ਜੀਵਨ ਆਪਣਾ ਰੋਲ ਰਿਆ ਵਾਂ।
ਜ਼ਹਿਰ ਹਯਾਤੀ ਘੋਲ ਰਿਆ ਵਾਂ।
ਅੱਖ ਦੇ ਡੂੰਘੇ ਪਾਣੀ ਅੰਦਰ
ਬੂਟਾ ਇਕ ਗੁਲਾਬ ਦਾ ਲਾ ਕੇ,
ਰੰਗ ਓਹਦੇ ਹੁਣ ਘੋਲ ਰਿਆ ਵਾਂ
ਜ਼ਹਿਰ ਹਯਾਤੀ ਘੋਲ ਰਿਆ ਵਾਂ।

ਅੱਜ ਅੱਖਾਂ ਵਿਚ... ਜੁਦਾਈ ਦੇ ਅੱਥਰੂ ਨੇ... ਸੋਚਾਂ ਪੱਥਰ ਹੋ ਗਈਆਂ ਨੇ... ਗੱਲਾਂ ਵਿੱਚ ਦਲੀਲਾਂ ਨਹੀਂ ਰਹੀਆਂ... ਟਾਮਕ-ਟੂਈਆਂ ਮਾਰ ਰਹੇ ਹਾਂ। ਛਾਵਾਂ-ਧੁੱਪਾਂ ਤੇ ਦਿਨ-ਰਾਤ ਬਣ ਗਏ ਨੇ। ਦਿਲ ਦੇ ਵਿਹੜੇ ਅੰਦਰ... ਹਯਾਤੀ ਦੇ ਰੁੱਖ ਦੀਆਂ ਟਹਿਣੀਆਂ ਤੇ... ਸੱਧਰਾਂ ਦੇ ਸੁੱਕੇ ਪੱਤਰ ਨੇ ਤੇ ਉਦਾਸ ਪੰਛੀ ਵਿਛੋੜੇ ਦੇ ਗੀਤ ਗਾ ਰਹੇ ਨੇ। ਸਾਨੂੰ ਤੇ ਕੱਖ ਵੀ ਸਮਝ ਨਈਂ ਆ ਰਹੀ। ਕੀ ਕਰੀਏ? ਕਿੱਧਰ ਜਾਈਏ? ਕਿਹਨੂੰ ਬੇਚੈਨ ਦਿਲ ਦਾ ਹਾਲ ਸੁਣਾਈਏ? ਪਰ ਸਾਡੀ ਬੇਚੈਨੀ ਵੇਖਦਿਆਂ ਸਲੀਮ ਨਜ਼ਰ ਹੌਲੀ ਜਿਹੀ ਕੰਨ ਵਿਚ ਆ ਕੇ ਕਹਿੰਦਾ ਹੈ ਕਿ ਮੈਂ ਹਮੇਸ਼ ਤੋਂ ਐਸ ਤਰ੍ਹਾਂ ਨਹੀਂ ਸੀ... ਮੇਰੀਆਂ ਅੱਖਾਂ ਦੇ ਵਿਚ... ਕੋਹ ਕਾਫ਼ ਦੀਆਂ ਪਰੀਆਂ... ਦੇ ਅਕਸ ਹੁੰਦੇ ਸਨ। ਮੇਰੇ ਸ਼ਰਬਤੀ ਹੋਂਠਾਂ 'ਤੇ ਵੀ ਕਲੀਆਂ ਦੇ ਰਸ ਹੁੰਦੇ ਸਨ... ਹੱਥਾਂ ਵਿੱਚ ਅਸਮਾਨ ਦੇ

ਲਿਸ਼ਕਦੇ ਤਾਰੇ ਤੇ ਪੈਰਾਂ ਹੇਠ ਰੰਗਲੇ ਮੌਸਮਾਂ ਦੇ ਤਖ਼ਤ ਹੁੰਦੇ ਸਨ। ਕਦੀ ਮੈਂ ਵੀ ਬਹਤ ਸੋਹਣਾ ਹੁੰਦਾ ਸੀ... ਹਾਂ ਪਰ ਅਸਾਂ ਸਮਝੌਤਾ ਨਹੀਂ ਕੀਤਾ... ਵੇਲ਼ੇ ਦੇ ਅੱਗੇ ਝੁਕੇ ਨਹੀਂ...ਆਪਣੀਆਂ ਖ਼ਾਹਿਸ਼ਾਂ ਅੱਗੇ ਝੁਕੇ ਨਹੀਂ... ਜ਼ਮੀਰ ਦਾ ਸੌਦਾ ਨਹੀਂ ਸੀ ਕੀਤਾ... ਭੁੱਖਾਂ ਕਟਦੇ ਰਹੇ...ਪਰ ਗਿਰਝਾਂ ਵਾਂਗੂੰ ਮੁਰਦਾਰ ਨਹੀਂ ਖਾਧਾ... ਕਦਰੋਂ ਬੇ-ਕਦਰੇ ਨਹੀਂ ਹੋਏ... ਅਸਾਂ ਕੱਲ੍ਹ ਵੀ ਜਿਉਂਦੇ ਸੀ...ਅਸਾਂ ਅੱਜ ਵੀ ਸਾਹ ਪਏ ਲੈਨੇ ਆਂ। ਅਸਾਂ ਅੱਜ ਵੀ ਜੀਂਦੇ ਆਂ...ਅਸਾਂ ਕੱਲ੍ਹ ਵੀ ਜਿਉਂਦਿਆਂ ਰਹਿਣਾ:

ਕਦੀ ਮੈਂ ਬਹੁਤ ਸੋਹਣਾ ਸਾਂ
ਹਵਾਵਾਂ ਵਿਚ ਉੱਡਦਿਆਂ ਪੱਖੂਆਂ ਦੇ ਵਾਂਗੂੰ
ਕਦੀ ਮੈਂ ਤਾਰਿਆਂ ਦੇ ਨਾਲ਼
ਜਾ ਕੇ ਬੈਠ ਜਾਂਦਾ ਸਾਂ
ਤੇ ਧਰਤੀ ਵਾਸ਼ਨਾ ਗਲ ਕੇ
ਬੁਲਾ ਲੈਂਦੀ ਸੀ ਮੈਨੂੰ।
ਕਦੀ ਚੁੱਪ-ਚਾਪ ਆ ਕੇ
ਬੈਠ ਜਾਂਦਾ ਸਾਂ
ਸਮੁੰਦਰ ਦੇ ਕਿਨਾਰੇ 'ਤੇ
ਤੇ ਛੱਲਾਂ ਵੀਰ ਦਾ ਦੱਸ ਪਾਂਦੀਆਂ ਸਨ।
ਹਯਾਤੀ ਨਾਂ ਏ ਸਾਡਾ
ਕਦੀ ਬਾਲਾਂ ਦੇ ਵਾਂਗਰ
ਕਿੱਕਲੀਆਂ ਵੀ ਪੈਂਦੀਆਂ ਸਨ
ਹਾਸਿਆਂ ਦੇ ਗੀਤ ਹੁੰਦੇ ਸਨ
ਕਦੀ ਫੁੱਲਾਂ ਤੇ ਕਲੀਆਂ
ਪਿਆਰ ਕੀਤਾ ਸੀ
ਕੋਇਲਾਂ ਮੁਸਕਰਾਈਆਂ ਸਨ
ਤੇ ਮੋਰਾਂ ਪੈਲ ਪਾਈ ਸੀ
ਕਦੀ ਮੈਂ ਬਹੁਤ ਸੋਹਣਾ ਸਾਂ।

12 ਜੂਨ 1962 'ਚ ਅੱਖਾਂ ਖੋਲ੍ਹਣ ਵਾਲਾ ਇਹ ਸਿਤਾਰਾ 02 ਮਈ 2018 ਨੂੰ ਡੁੱਬ ਗਿਆ। ਅੱਜ ਮੇਰੀਆਂ ਅੱਖਾਂ ਵਿਚ ਹੰਝੂ ਨੇ... ਮੈਂ ਸਲੀਮ ਨਜ਼ਰ ਨੂੰ ਨਹੀਂ... ਆਪਣੇ ਆਪ ਨੂੰ ਰੋ ਰਿਹਾਂ।

□□□

# ਆਜਜ਼ੀ ਤੇ ਇੰਕਸਾਰੀ ਦੀਆਂ ਜ਼ੰਜੀਰਾਂ 'ਚ ਜਕੜਿਆ
# ਸ਼ਾਇਰ - ਖ਼ਾਵਰ ਵਹੀਦ



ਦਰਮਿਆਨਾ ਕੱਦ... ਮੁਹੱਬਤਾਂ ਦੇ ਨਸ਼ੇ 'ਚ ਚੂਰ... ਸਮੁੰਦਰੀ ਅੱਖਾਂ ਤੇ ਅੱਖਾਂ 'ਤੇ ਮੋਟਿਆਂ ਸ਼ੀਸ਼ਿਆਂ ਵਾਲੀ ਐਨਕ... ਸਤਲੁਜ ਦੇ ਸੀਨੇ ਤਰ੍ਹਾਂ ਖੁਸ਼ਾਦਾ ਮੱਥਾ... ਬੁੱਲ੍ਹਾਂ 'ਤੇ ਚੇਤਰ ਦੇ ਫੁੱਲਾਂ ਜਿਹੀ ਮੁਸਕਾਨ, ਧੁੱਪੇ ਚਮਕਦੇ ਹੋਏ ਕਣਕ ਦੇ ਸਿੱਟਿਆਂ ਵਰਗਾ ਰੰਗ... ਚੁੱਪ ਰਵ੍ਹੇ ਤੇ ਇੰਝ ਜਿਵੇਂ ਪਿਛਲੀ ਰਾਤੀ ਸਮੁੰਦਰ ਦਾ ਪਾਣੀ ਡੂੰਘੀ ਸੋਚ 'ਚ ਡੁੱਬਿਆ ਹੋਵੇ... ਬੋਲੇ ਤੇ ਇੰਝ ਜਿਵੇਂ ਕੋਈ... ਦੂਰ ਬਹੁਤ ਦੂਰ... ਦਲੀਲ ਦੀਆਂ ਝਾਂਜਰਾਂ ਛਣਕਾ ਰਿਹਾ ਹੋਵੇ... ਅੱਖ ਚੁੱਕੇ ਤੇ ਇੰਝ ਜਾਪੇ ਜਿਵੇਂ ਹਨੇਰੀ ਰਾਤ 'ਚ ਅੰਬਰਾਂ 'ਤੋਂ ਚਾਨਣ ਦੀਆਂ ਮੂਰਤਾਂ ਉੱਤਰ ਰਹੀਆਂ ਹੋਵਣ ਤੇ ਹਯਾਤੀ ਦੇ ਨਕਸ਼ ਵਾਜ਼ੇ ਹੋ ਜਾਣ ਤੇ ਹਨੇਰੇ ਮੁੱਕ ਜਾਣ ਤੇ ਚਾਨਣ ਪੂਰੇ ਜੋਬਨ ਨਾਲ਼ ਸਾਹਵੇਂ ਆਣ ਖਲੋਵੇ ਤੇ ਹੈਰਾਨ ਅੱਖਾਂ ਅੱਗੇ ਇਕ ਸਵਾਲ ਆ ਜਾਵੇ ਕਿ ਇਹ ਕੌਣ ਆ ? ਜਿਹੜਾ ਗੱਲ ਕਰੇ ਤੇ ਸਮਾਤਾ ਦੇ ਹੈਰਾਨ ਜੰਗਲਾਂ 'ਚ ਸਫ਼ੈਦ ਕਬੂਤਰਾਂ ਦੇ ਗੌਲ ਕਲਾਬਾਜ਼ੀਆਂ ਖਾਣ ਲੱਗ ਪੈਂਦੇ ਨੇ.. ਰੰਗ-ਬਰੰਗੇ ਫੁੱਲਾਂ ਦੇ ਫ਼ਰਸ਼ 'ਤੇ ਦਿਲਾਂ ਦੇ ਮੋਰ ਨੱਚਣ ਲੱਗ ਪੈਂਦੇ ਹਨ। ਹੋਸ਼ ਦੇ ਪੰਛੀ ਮਸਤ ਹਵਾਵਾਂ ਦੀ ਉਂਗਲ ਫੜ ਕੇ ਦੂਰ ਬਹੁਤ ਦੂਰ ਬੱਦਲਾਂ ਦੀਆਂ ਚਿੱਟੀਆਂ ਚਾਦਰਾਂ 'ਚ ਗਵਾਚ ਜਾਂਦੇ ਹਨ। ਅੱਖ ਕੰਬਦੀ ਹੈ ਤੇ ਇਕਦਮ ਸੁਰਤ ਸੰਭਲ ਜਾਂਦੀ ਹੈ। ਆਲੇ-ਦਵਾਲੇ ਨਜ਼ਮਾਂ ਤੇ ਗ਼ਜ਼ਲਾਂ ਕੋਹ ਕਾਫ਼ ਦੀਆਂ ਪਰੀਆਂ ਦੇ ਵਾਂਗਰ ਉੱਡ ਰਹੀਆਂ ਹੁੰਦੀਆਂ ਹਨ। ਵਿਚ ਵਿਚਕਾਰ ਜਜ਼ਬਿਆਂ ਦੇ ਵਰਕਿਆਂ 'ਤੇ ਇੱਕ ਨਾਮ ਤਾਰਿਆਂ ਵਾਂਗੂੰ ਚਮਕ ਰਿਹਾ ਹੁੰਦਾ ਹੈ ਤੇ ਓਹ ਨਾਂ ਖ਼ਾਵਰ ਵਹੀਦ ਹੈ।

ਜਨਵਰੀ 1955 'ਚ ਪੈਦਾ ਹੋਣ ਵਾਲੇ ਖ਼ਾਵਰ ਵਹੀਦ ਦਾ ਅਸਲੀ ਨਾਂ ਤੇ ਖ਼ਾਨ ਮੁਹੰਮਦ ਭੱਟੀ ਹੈ, ਪਰ ਅਦਬੀ ਮੰਜ਼ਿਲ 'ਤੇ ਖ਼ਾਵਰ ਵਹੀਦ ਦੇ ਨਾਂ ਤੋਂ ਹੀ ਪਹਿਚਾਣਿਆ ਜਾਂਦਾ ਹੈ। ਖ਼ਾਵਰ ਵਹੀਦ ਪੰਜਾਬੀ ਤੇ ਉਰਦੂ ਅਦਬ ਦਾ ਇਕ ਵੱਡਾ ਹਵਾਲਾ ਹੈ। ਫ਼ੈਜ਼ ਅਹਿਮਦ ਫ਼ੈਜ਼ ਤੇ ਮੁਨੀਰ ਨਿਆਜ਼ੀ ਦੀ ਤਰ੍ਹਾਂ ਉਰਦੂ ਸ਼ਾਇਰੀ ਦੇ ਨਾਲ਼ ਪੰਜਾਬੀ ਸ਼ਾਇਰੀ ਵਿਚ ਵੀ ਆਪਣੀ ਸ਼ਨਾਖ਼ਤ... ਆਪਣਾ ਸਲੂਕ ਤੇ ਆਪਣੇ ਖ਼ਾਸ ਰੰਗ ਨੂੰ ਕਾਇਮ ਰੱਖਣ ਵਾਲਾ ਖ਼ਾਵਰ ਵਹੀਦ ਆਪਣੇ ਸ਼ੇਅਰਾਂ ਦੀ ਬਰਜਸਤਗੀ ਤੇ ਮਿਠਾਸ ਨੂੰ ਮਰਨ ਨਹੀਂ ਦਿੰਦਾ, ਸਗੋਂ ਸ਼ੇਅਰਾਂ ਦੇ ਤੀਰ ਸਿੱਧਾ ਕਲੇਜਾ ਚੀਰ ਕੇ ਲੰਘ ਜਾਂਦੇ ਹਨ:

ਨਿੰਮਾ ਨਿੰਮਾ ਹੱਸ ਨੀ ਕੁੜੀਏ
ਸ਼ਾਲਾ! ਜੱਗ 'ਤੇ ਵੱਸ ਨੀ ਕੁੜੀਏ।
ਜੋ ਲੈਣਾ ਏ ਲੈ ਲੈ ਮੈਥੋਂ
ਕੀ ਲੈਣਾ ਏ ਦੱਸ ਨੀ ਕੁੜੀਏ।
'ਵਾ ਵਰੋਲੇ ਪਾਗਲ ਕਰਦੇ
ਜੂੜਾ ਖੋਲ੍ਹ ਕੇ ਨੱਸ ਨੀ ਕੁੜੀਏ।

ਖ਼ਾਵਰ ਵਹੀਦ ਬਹਾਵਲਨਗਰ ਦੀ ਮਿੱਟੀ ਦਾ ਓਹ ਸ਼ਾਇਰ ਹੈ ਜਿਹਨੇ ਮਿੰਨਤ-ਤਰਲੇ ਨਾਲ਼ ਨਾ ਕਦੀ ਅੱਗੇ ਆਉਣ ਦੀ ਕੋਸ਼ਿਸ਼ ਕੀਤੀ... ਨਾ ਹੀ ਨਾਮ ਨਿਹਾਦ ਅਦਬੀ ਥੰਮਾਂ ਦੀ ਝੂਠੀ ਕਸੀਦਾਗੋਈ ਕੀਤੀ। ਖ਼ਾਵਰ ਵਹੀਦ ਖ਼ੁੱਦਾਰੀ ਦੇ ਅਸਮਾਨ 'ਤੇ ਬੈਠਾ ਇਕ ਬਾਵਕਾਰ ਸ਼ਾਇਰ ਹੈ। ਇਹੀ ਵਜ੍ਹਾ ਹੈ ਕਿ ਓਹ ਵੇਲੇ ਦੀਆਂ ਅੱਖਾਂ 'ਚ ਅੱਖਾਂ ਪਾ ਗੱਲ ਕਰਨ ਜਾਣਦਾ ਹੈ।

ਖ਼ਾਵਰ ਵਹੀਦ ਜਿਥੇ ਨਵੇਂ ਲਿਖਣ ਵਾਲਿਆਂ ਦੀ ਹੌਂਸਲਾ ਅਫ਼ਜ਼ਾਈ ਕਰਦਾ ਹੈ ਉਥੇ ਹੀ ਵੱਡੇ ਲਿਖਾਰੀਆਂ ਦੀਆਂ ਝੂਠੀਆਂ ਤਾਰੀਫਾਂ ਤੇ ਮਿੰਨਤ ਤਰਲਿਆਂ ਤੋਂ ਬਾਗ਼ੀ ਹੋ ਕੇ ਬੜੇ ਫ਼ਖਰ ਨਾਲ਼ ਕਹਿੰਦਾ ਨਜ਼ਰ ਆਉਂਦਾ ਹੈ ਕਿ:

ਬੰਦ ਦਰਵਾਜ਼ੇ ਖੋਲ੍ਹ ਰਿਆ ਵਾਂ
ਸਿਰ 'ਤੇ ਚੜ੍ਹ ਕੇ ਬੋਲ ਰਿਆ ਵਾਂ।
ਲੋਭ ਦੀ ਮਾਰੀ ਦੁਨੀਆਂ ਵਿੱਚ ਵੀ
ਪੂਰੀ ਤੱਕੜੀ ਤੋਲ ਰਿਆ ਵਾਂ।
ਐਡੇ ਭੈੜੇ ਵੇਲੇ ਅੰਦਰ
ਖ਼ਾਵਰ ਚੰਗਾ ਬੋਲ ਰਿਆ ਵਾਂ।

ਖ਼ਾਵਰ ਵਹੀਦ ਇਕ ਬਹਾਦੁਰ ਸ਼ਾਇਰ ਹੈ। ਮੁਹੱਬਤ ਤੋਂ ਇਕ ਕਦਮ ਅੱਗੇ ਵਧਦਿਆਂ ਹੋਇਆਂ ਸਮਾਜ ਅੰਦਰ ਖਿਲਰੇ ਜ਼ੁਲਮ ਦੇ ਖ਼ਿਲਾਫ਼ ਅਵਾਜ਼ ਚੁੱਕਦਾ ਹੈ। ਵਕਤ ਦੇ ਹਨੇਰਿਆਂ ਅੰਦਰ ਸੀਨਾ ਤਾਨ ਕੇ ਖਲੋ ਜਾਂਦਾ ਹੈ। ਮੁਆਸ਼ਰੇ ਨੂੰ ਸ਼ੀਸ਼ਾ ਵਿਖਾਉਂਦਾ ਹੈ ਪਰ ਸਖ਼ਤ ਤੋਂ ਸਖ਼ਤ ਹਾਲਾਤ ਵਿੱਚ ਵੀ ਪਿਆਰ ਤੇ ਮੁਹੱਬਤ ਦੀ ਰਵਾਇਤ ਤੋਂ ਮੁੱਖ ਨਹੀਂ ਪਰਤਾਉਂਦਾ। ਓਹਦੇ ਸ਼ੇਅਰ ਭਾਵੇਂ ਉਰਦੂ ਦੇ ਹੋਣ ਜਾਂ ਪੰਜਾਬੀ ਦੇ ਓਹਨਾਂ ਵਿੱਚ ਇੱਕ ਸੁੱਚਲ ਜਜ਼ਬਿਆਂ ਦੀ ਝਲਕ ਵਿਖਾਈ ਦਿੰਦੀ ਹੈ। ਇਕ ਕੈਫ਼ੀਅਤ ਇਕ ਸ਼ੇਅਰੀਅਤ ਦੀ ਝਾਂਜਰ ਝਣਕਦੀ ਨਜ਼ਰ ਆਉਂਦੀ ਹੈ। ਖ਼ਾਵਰ ਵਹੀਦ ਆਪਣੀ ਬੇਵੱਸੀ ਤੇ ਆਪਣੇ ਸਮਾਜ ਦੀ ਰਵਾਇਤ ਨੂੰ... ਆਪਣੇ ਇਸ਼ਕ ਦੇ ਭਾਂਬੜ ਨੂੰ... ਜ਼ਮਾਨੇ ਅੰਦਰ ਇਸ ਤਰ੍ਹਾਂ ਬਿਆਨ ਕਰਦਾ ਹੈ:

ਅੱਜ ਵੀ ਪ੍ਰੇਮ ਕਹਾਣੀ ਅੰਦਰ
ਆਸ਼ਕ ਹੀ ਨੇ ਮਰਦੇ।

ਅਸਾਂ ਵੀ ਇਕ ਦਿਨ
ਤੁਰ ਜਾਣਾ ਏ,
ਹੌਂਕੇ ਭਰਦੇ ਭਰਦੇ।
ਦਾਣੇ ਪਾਣੀ ਦੇ ਫ਼ਿਕਰਾਂ ਵਿੱਚ
ਸਾਰੀ ਉਮਰ ਗਵਾ ਲਈ,
ਸਾਨੂੰ ਵੀ ਜੇ ਫ਼ੁਰਸਤ ਮਿਲਦੀ
ਪਿਆਰ ਤੇਰੇ ਨਾਲ਼ ਕਰਦੇ।
ਓਹਦੇ ਇਕ ਇਸ਼ਾਰੇ ਉੱਤੇ
ਜਾਨ ਤਲੀ 'ਤੇ ਧਰ ਲਈ
ਅਸੀਂ ਆਂ ਓਹਦੇ ਨੌਕਰ-ਚਾਕਰ
ਅਸੀਂ ਆਂ ਓਹਦੇ ਬਰਦੇ।

ਖ਼ਾਵਰ ਵਹੀਦ ਭਾਵੇਂ ਮੁਹੱਬਤਾਂ ਦਾ ਸ਼ਾਇਰ ਹੈ। ਉਹ ਮੁਹੱਬਤਾਂ ਦੀ ਗੱਲ ਕਰਦਿਆਂ ਕਰਦਿਆਂ ਪਿਆਰ ਦੇ ਨਸ਼ਿਆਂ 'ਚੋਂ ਇਕਦਮ ਬਾਹਰ ਆਣ ਖਲੋਂਦਾ ਹੈ। ਉਹਦੀ ਨਜ਼ਰ ਸਮਾਜ ਵਿੱਚ ਖਿਲਰੇ ਦੁੱਖਾਂ 'ਤੇ ਪੈਂਦੀ ਹੈ। ਉਹ ਲੋਕਾਈ ਬਾਰੇ ਫ਼ਿਕਰਮੰਦ ਹੋ ਜਾਂਦਾ ਹੈ। ਇਕ ਸੁੱਚੇ ਸ਼ਾਇਰ ਦਾ ਇਹੋ ਪਾਸਾ ਹੈ ਕਿ ਉਹ ਕਦੇ ਮੁਆਸ਼ਰੇ ਤੋਂ.. ਸਮਾਜ ਤੋਂ ਲੋਕਾਈ ਤੋਂ... ਮੁੱਖ ਨਹੀਂ ਪਰਤਾਂਦਾ ਸਗੋਂ ਲੋਕਾਈ ਦੇ ਦੁੱਖ ਨੂੰ... ਵਸੇਬ ਦੇ ਦਰਦ ਨੂੰ ਮਹਿਸੂਸ ਕਰਦਿਆਂ ਹੋਇਆਂ ਆਪਣੇ ਜਜ਼ਬਾਤ ਦਾ ਇਜ਼ਹਾਰ ਇਸ ਤਰ੍ਹਾਂ ਕਰਦਾ ਹੈ:

ਦੇਸ ਦਿਆਂ ਵਸਨੀਕਾਂ ਉੱਤੇ
ਔਖੇ ਵੇਲੇ ਆਏ।
ਅੱਗੇ ਵਧ ਕੇ ਦੇਣ ਦਿਲਾਸੇ
ਜਿਹੜੇ ਵੀ ਨੇ ਸਰਦੇ।

ਤੇ ਕਿਧਰੇ ਕਹਿੰਦਾ ਹੈ ਕਿ:

ਓਨਾ ਜ਼ੁਲਮ ਕਮਾਓ ਲੋਕੋ
ਜਿੰਨਾ ਸਹਿ ਵੀ ਸੱਕੋ।
ਵਕਤ ਨੇ ਇਕ ਦਿਨ
ਪਾ ਲੈਣਾ ਏ ਚਾਰੋਂ ਪਾਸੇ ਘੇਰਾ।
ਅਸੀਂ 'ਤੇ ਉਜੜੇ
ਉਜੜ ਗਏ ਨੇ
ਸਾਡੇ ਰੈਣ ਬਸੇਰੇ

ਸ਼ਾਲਾ! ਵਸਦਾ ਰਵ੍ਹੇ ਹਮੇਸ਼ਾ
ਸਾਡੇ ਯਾਰ ਦਾ ਡੇਰਾ।

ਖ਼ਾਵਰ ਵਹੀਦ ਨੇ ਉਰਦੂ ਲਿਟਰੇਚਰ 'ਚ ਮਾਸਟਰਜ਼ ਕੀਤਾ ਤੇ ਬਤੌਰ ਉਰਦੂ ਲੈਕਚਰਾਰ ਸਰਕਾਰੀ ਕਾਲਜ 'ਚ ਮੁਲਾਜ਼ਮਤ ਕਰ ਲਈ। ਬਹੁਤ ਘੱਟ ਲੋਕ ਜਾਣਦੇ ਨੇ ਕਿ ਖ਼ਾਵਰ ਵਹੀਦ ਨੇ ਮੁਕਾਬਲੇ ਦਾ ਇਮਤਿਹਾਨ ਪਾਸ ਕੀਤਾ। ਇੰਟਰਵਿਊ ਕਲੀਅਰ ਕਰਨ ਦੇ ਬਾਅਦ ਮਹਿਦੂਦ ਸੀਟਾਂ ਹੋਣ ਕਾਰਨ ਬਤੌਰ ਬਿਊਰੋਕਰੇਟ ਪੋਸਟਿੰਗ ਨਹੀਂ ਹੋ ਸਕੀ। ਉਰਦੂ ਲਿਟਰੇਚਰ ਦੇ ਨਾਲ਼-ਨਾਲ਼ ਖ਼ਾਵਰ ਵਹੀਦ ਨੇ ਕਾਨੂੰਨ ਦੀ ਡਿਗਰੀ ਵੀ ਹਾਸਿਲ ਕੀਤੀ।

ਖ਼ਾਵਰ ਵਹੀਦ ਨੇ ਆਪਣੇ ਅੰਦਰ ਦੀ ਕੈਫ਼ੀਅਤ ਨੂੰ... ਆਪਣੇ ਸੀਨੇ ਬਲਦੇ ਭਾਂਬੜ ਨੂੰ... ਆਪਣੇ ਗਵਾਚੇ ਸੁਫ਼ਨਿਆਂ ਨੂੰ... ਜਵਾਨੀ ਦੀ ਵਾਰਦਾਤ ਨੂੰ... ਕਿੰਨੇ ਸੋਹਣੇ ਤੇ ਨਵੇਕਲੇ ਅੰਦਾਜ਼ 'ਚ ਪੇਸ਼ ਕੀਤਾ ਹੈ। ਤੁਸੀਂ ਆਪ ਦੇਖ ਲਓ:

ਵਿਛੋੜੇ ਵਾਲੀ ਰਾਤ ਸੀ ਤੇ
ਜ਼ੋਰ ਦਾ ਮੈਂ ਰੋਇਆ ਸੀ।
ਕਿਸੇ ਨਾਲ਼ ਹੋਵੇ ਨਾ
ਜੋ ਸਾਡੇ ਨਾਲ ਹੋਇਆ ਸੀ।
ਬੱਦਲਾਂ ਦੇ ਓਹਲੇ
ਓਹ ਚੰਨ ਲੁਕ ਗਿਆ ਏ।
ਲੜ ਕੇ ਨਸੀਬਾਂ ਕੋਲੋਂ
ਜਿਹਨੂੰ ਅਸੀਂ ਖੋਹਿਆ ਸੀ।
ਖਾਵਰ ਆਪਣੀ ਖਾਹਿਸ਼ਾਂ ਦੀ
ਮੌਤ 'ਤੇ ਕਿਉਂ ਰੋਨਾਂ ਏਂ?
ਅੱਖਾਂ ਇੰਝ ਪੂੰਝ ਜਿਵੇਂ
ਕੁਝ ਵੀ ਨ੍ਹੀਂ ਹੋਇਆ ਸੀ।

ਖ਼ਾਵਰ ਵਹੀਦ ਨੇ ਪੰਜਾਬੀ ਜ਼ੁਬਾਨ ਵਿੱਚ ਕਿਸੇ ਵੀ ਘਬਰਾਹਟ ਤੇ ਖ਼ੌਫ਼ ਦੀ ਬਜਾਇ ਆਪਣਾ ਮੁੱਦਾ ਖੁੱਲ੍ਹ ਕੇ ਬਿਆਨ ਕੀਤਾ ਹੈ। ਉਹਨਾਂ ਦੇ ਮੁਤਾਬਿਕ ਜ਼ੁਬਾਨ ਕੋਈ ਵੀ ਹੋਵੇ ਕਾਬਿਲ-ਏ-ਇਹਤਰਾਮ ਹੁੰਦੀ ਹੈ। ਉਹ ਇਕ ਲਿਬਰਲ ਪੰਜਾਬੀ ਦੀ ਤਰ੍ਹਾਂ ਆਪਣੀਆਂ ਲਿਖਤਾਂ ਵਿੱਚ ਵੀ ਉਰਦੂ ਤੇ ਫ਼ਾਰਸੀ ਜ਼ੁਬਾਨ ਦੇ ਉਹ ਅਲਫ਼ਾਜ਼ ਜਿਹੜੇ ਪੰਜਾਬੀ ਜ਼ੁਬਾਨ ਵਿੱਚ ਮੁਸ਼ਤਾਮਿਲ ਨੇ, ਖ਼ੁਸ਼ ਹੋ ਕੇ ਤੇ ਸੋਹਣੇ ਅੰਦਾਜ਼ ਨਾਲ਼ ਵਰਤਦੇ ਨੇ ਜਿਵੇਂ ਸੱਧਰਾਂ ਦੀ ਥਾਂ ਖਾਹਿਸ਼ਾਂ... ਮਹਿੰਗੀ ਦੀ ਥਾਂ ਕੀਮਤੀ...ਐਸੇ ਤਰ੍ਹਾਂ ਤੋਹਮਤਾਂ ਤੇ ਵੇਲ਼ੇ ਦੀ ਥਾਂ ਵਕਤ ਵਗੈਰਾ।

ਚੀਜ਼ ਇਕ ਕੀਮਤੀ 'ਜਹੀ
ਯਾਰ ਨੂੰ ਦੇ ਛੱਡੀ ਏ।
ਹੰਝੂਆਂ ਦਾ ਹਾਰ ਸੀ ਤੇ
ਅੱਖਾਂ ਨੇ ਪਰੋਇਆ ਸੀ।
ਖਾਵਰ ਆਪਣੀ ਖਾਹਿਸ਼ਾਂ ਦੀ
ਮੌਤ 'ਤੇ ਕਿਉਂ ਰੋਨਾਂ ਏਂ ?
ਅੱਖਾਂ ਇੰਝ ਪੂੰਝ ਜਿਵੇਂ
ਕੁਝ ਵੀ ਨ੍ਹੀਂ ਹੋਇਆ ਸੀ।

ਖ਼ਾਵਰ ਵਹੀਦ ਦੀ ਸ਼ਾਇਰੀ ਇਕ ਆਸਾਨ ਤੇ ਦਿਲਾਂ 'ਚ ਉਤਰ ਜਾਣ ਵਾਲੀ ਇਹੋ ਜਿਹੀ ਸ਼ਾਇਰੀ ਹੈ, ਜਿਹਨੂੰ ਸਮਝਣ ਲਈ ਕਿਸੇ ਡਿਕਸ਼ਨਰੀ ਤੇ ਦਾਨਿਸ਼ਵਰੀ ਦੀ ਲੋੜ ਨਹੀਂ ਸਗੋਂ ਆਮ ਸੁਣਨ ਵਾਲੇ ਦੇ ਕਲੇਜੇ ਵਿੱਚ ਕਿਸੇ ਮਾਸ਼ੂਕਾ ਦੀਆਂ ਅੱਖੀਆਂ ਦੇ ਤੀਰ ਵਾਂਗੂੰ ਖੁੱਭ ਜਾਂਦੀ ਹੈ। ਇਹ ਖਾਵਰ ਵਹੀਦ ਦੇ ਵੱਡੇ ਸ਼ਾਇਰ ਹੋਣ ਦੀਆਂ ਅਲਾਮਤਾਂ ਵਿੱਚੋਂ ਇਕ ਅਲਾਮਤ ਨਹੀਂ ਤੇ ਹੋਰ ਕੀ ਹੈ ਕਿ ਓਹਦੀਆਂ ਲਿਖੀਆਂ ਗ਼ਜ਼ਲਾਂ ਦੇ ਕਈ-ਕਈ ਸ਼ੇਅਰ ਸਾਡੇ ਜਿਹੇ ਪੜ੍ਹਿਆਰਾਂ ਦੇ ਸੀਨੇ 'ਚ ਮਹਿਫ਼ੂਜ਼ ਹੋਏ ਪਏ ਹਨ:

ਸਿਰ ਤੋਂ ਗੂੜ੍ਹੀ ਛਾਂ ਨਈਂ ਜਾਂਦੀ।
ਜੱਗ ਤੋਂ ਜਦ ਤੱਕ ਮਾਂ ਨਈਂ ਜਾਂਦੀ।
ਹਓਕੇ ਹਾਵਾਂ ਕਿਵੇਂ ਘੱਲਾਂ,
ਚਿੱਠੀ ਓਸ ਗਰਾਂ ਨਈਂ ਜਾਂਦੀ।
ਮਿੰਨਤਾਂ ਕਰ ਕਰ ਥੱਕ ਜਾਨੇ ਆਂ
ਓਹਦੇ ਮੂੰਹ 'ਚੋਂ ਨਾਂਹ ਨਈਂ ਜਾਂਦੀ।

ਖ਼ਾਵਰ ਵਹੀਦ ਸਿਰਫ਼ ਮੇਰੇ ਹੀ ਉਸਤਾਦ ਸ਼ਾਇਰ ਨਹੀਂ ਹਨ ਸਗੋਂ ਇਕ ਜ਼ਮਾਨਾ ਓਹਨਾਂ ਦੀ ਇਲਮੀਅਤ ਤੇ ਹਿਕਮਤ ਤੋਂ ਫੈਜੇਆਬ ਹੋ ਚੁੱਕਿਆ ਹੈ। ਖ਼ਾਵਰ ਵਹੀਦ ਇਕ ਸਮੁੰਦਰ ਹੈ। ਇਸ ਸਮੁੰਦਰ 'ਚੋਂ ਜਿਹਦਾ ਜੀਅ ਕੀਤਾ ਇਲਮ ਦੀ ਪਿਆਸ ਬੁਝਾਉਂਦਾ ਰਿਹਾ। ਖ਼ਾਵਰ ਵਹੀਦ ਜਿਸ ਤਰ੍ਹਾਂ ਬਾਹਰੋਂ ਹੈ ਉਸ ਤਰ੍ਹਾਂ ਹੀ ਅੰਦਰੋਂ ਹੈ। ਉਹ ਮੁਨਾਕਫ਼ਤ ਦਾ ਕਾਇਲ ਨਹੀਂ। ਉਹ ਜ਼ੁਬਾਨ ਤੇ ਕਿਰਦਾਰ ਦਾ ਇਕ ਮਜ਼ਬੂਤ ਇਨਸਾਨ ਏ। ਇਹ ਉਹਦੀ ਸ਼ਾਇਰੀ ਦੀ ਵੱਡੀ ਕਾਮਯਾਬੀ ਹੈ ਕਿ ਕਿਸੇ ਮਿੰਨਤ ਤਰਲੇ ਤੇ ਕਸੀਦਾਗੋਈ ਤੋਂ ਬਗ਼ੈਰ ਅੱਜ ਅੰਬਰਾਂ ਦੇ ਤਾਰਿਆਂ ਵਾਂਗੂੰ ਲਿਸ਼ਕ ਰਿਹਾ ਹੈ। ਮੈਨੂੰ ਇਹ ਗੱਲ ਕਹਿਣ 'ਚ ਕੋਈ ਰੁਕਾਵਟ ਨਹੀਂ... ਕੋਈ ਖੌਫ਼ ਨਹੀਂ... ਕੋਈ ਨਿਦਾਮਤ ਨਹੀਂ ਕਿ ਬਹਾਵਲਨਗਰ ਦੇ ਉਰਦੂ ਤੇ ਪੰਜਾਬੀ ਅਦਬ ਲਿਖਣ ਵਾਲਿਆਂ 'ਚ ਇਹਨਾਂ ਵਰਗੇ ਬਰਜਸਤਗੀ ਤੇ ਸ਼ੇਅਰੀਅਤ ਨਾਲ਼ ਭਰੇ

ਸ਼ੇਅਰ ਕਹਿਣ ਵਾਲਾ ਕੋਈ ਹੋਰ ਦੂਰ-ਦੂਰ ਤੱਕ ਨਹੀਂ ਦਿਸਦਾ। ਖ਼ਾਵਰ ਵਹੀਦ ਆਪਣੀ ਔਕਾਤੋਂ ਬਾਹਰ ਨਹੀਂ ਹੁੰਦਾ। ਉਹ ਵੇਲੇ ਦੀ ਊਚ ਨੀਚ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਹੈ। ਐਸੇ ਪਾਰੋਂ ਬੁਲੰਦੀਆਂ 'ਤੇ ਪਹੁੰਚ ਕੇ ਵੀ ਆਜਜ਼ੀ ਨਹੀਂ ਛੱਡਦਾ ਤੇ ਆਪਣੇ ਚਾਹੁਣ ਵਾਲਿਆਂ ਨੂੰ ਕਹਿੰਦਾ ਹੈ ਕਿ:

ਦਿਲ ਦੀ ਕੁੱਲੀ ਉੱਜੜੀ ਉੱਜੜੀ
ਉੱਤੋਂ ਚੁੱਪ ਹਨੇਰਾ।
ਨਾ ਕੋਈ ਸਾਨੂੰ 'ਵਾਜਾਂ ਮਾਰੇ
ਨਾ ਕੋਈ ਪਾਵੇ ਫੇਰਾ।
ਅਸੀਂ ਤੇ ਉੱਜੜੇ
ਉੱਜੜ ਗਏ ਨੇ
ਸਾਡੇ ਰੈਨ ਬਸੇਰੇ
ਸ਼ਾਲਾ! ਵਸਦਾ ਰਏ ਹਮੇਸ਼ਾਂ
ਸਾਡੇ ਯਾਰ ਦਾ ਡੇਰਾ।
ਸੁੰਞੀਆਂ ਗਲੀਆਂ ਦਲਦਲ ਰਸਤੇ
ਉੱਤੋਂ ਲੰਮੀਆਂ ਰਾਤਾਂ
ਏਸੇ ਆਸ 'ਤੇ ਟੁਰਦਾ ਜਾਵਾਂ
ਹੋਸੀ ਕਦੇ ਸਵੇਰਾ।

ਖ਼ਾਵਰ ਵਹੀਦ ਦੀ ਉਰਦੂ ਸ਼ਾਇਰੀ ਦਾ ਇਕ ਮਜ਼ਮੂਆਂ "ਧੁੰਧ ਭਰੀ ਹੈਰਾਨੀ" ਛਾਏ ਹੋ ਚੁੱਕਾ ਹੈ ਜਦਕਿ ਪੰਜਾਬੀ ਸ਼ੇਅਰੀ ਮਜ਼ਮੂਆਂ ਛਾਪੇ ਚੜ੍ਹਨ ਵਾਲ਼ਾ ਹੈ। ਖ਼ਾਵਰ ਵਹੀਦ 2015 'ਚ ਸਰਕਾਰੀ ਮੁਲਾਜ਼ਮਤ ਤੋਂ ਰਿਟਾਇਰ ਹੋ ਗਿਆ ਹੈ ਪਰ ਇਹ ਉਹਦੀ ਇਲਮੋਂ ਅਦਬ ਨਾਲ਼ ਮੁਹੱਬਤ ਦਾ ਸਬੂਤ ਹੈ ਕਿ ਉਹਨੇ ਰਿਟਾਇਰਮੈਂਟ ਤੋਂ ਬਾਅਦ ਵੀ ਹਰ ਹਫ਼ਤਾ ਐਤਵਾਰ ਫੈਸਲਾਬਾਦ ਜਾ ਕੇ ਐੱਮ.ਫਿਲ. ਦੀਆਂ ਕਲਾਸਾਂ ਲਈਆਂ ਤੇ ਆਪਣਾ ਐੱਮ.ਫਿਲ. ਮੁਕੰਮਲ ਕੀਤਾ।

ਖ਼ਾਵਰ ਵਹੀਦ ਅੱਜਕੱਲ੍ਹ ਰਿਟਾਇਰਮੈਂਟ ਜ਼ਿੰਦਗੀ ਗੁਜ਼ਾਰਨ ਦੇ ਨਾਲ਼-ਨਾਲ਼ ਇਸਲਾਮੀਆ ਯੂਨੀਵਰਸਿਟੀ ਬਹਾਵਲਨਗਰ ਕੈਂਪਸ 'ਚ ਆਪਣੀਆਂ ਖ਼ਿਦਮਾਤ ਦੇ ਰਿਹਾ ਹੈ। ਰੱਬ ਖਾਵਰ ਵਹੀਦ ਨੂੰ ਸਲਾਮਤ ਰੱਖੇ।

□□□

# ਨਵੇਕਲੇ ਡਿਕਸ਼ਨ ਦਾ ਸ਼ਾਇਰ
# ਇਮਤਿਆਜ਼ ਸਰਵਰ



ਇਮਤਿਆਜ਼ ਸਰਵਰ ਦੀ ਪੈਦਾਇਸ਼ ਤੇ 1967 ਜ਼ੌਹਰਾਬਾਦ ਤਹਿਸੀਲ ਖੁਸ਼ਾਦ ਵਿਚ ਹੋਈ ਸੀ ਪਰ ਚੱਕ 98 ਫਤਿਹ ਡਾਹਰਾਂਵਾਲ਼ਾ ਤਹਿਸੀਲ ਚਿਸ਼ਤੀਆਂ ਜ਼ਿਲ੍ਹਾ ਬਹਾਵਲਨਗਰ ਉਹਦਾ ਨਾਨਕਾ ਪਿੰਡ ਸੀ। ਨਾਨਕਾ ਪਿੰਡ ਹੋਣ ਕਰਕੇ ਉਹਨੂੰ ਬਹਾਵਲਨਗਰ ਦੀ ਮਿੱਟੀ ਨਾਲ਼ ਚੋਖੀ ਮੁਹੱਬਤ ਸੀ। ਇਮਤਿਆਜ਼ ਸਰਵਰ ਦੇ ਵਾਲਿਦ ਸਾਹਿਬ ਪਹਿਲਾਂ ਸਰਕਾਰੀ ਕਾਲਜ ਦੇ ਵਿਚ ਪ੍ਰੋਫ਼ੈਸਰ ਸਨ ਤੇ ਫਿਰ ਪੀ.ਸੀ.ਐਸ. ਅਫ਼ਸਰ ਸਿਲੈਕਟ ਹੋ ਗਏ ਤੇ ਅੰਗਰੇਜ਼ੀ ਪਰਾਗਾ "ਗਿਆਨ" ਦੇ ਐਡੀਟਰ ਨੇ। ਇਮਤਿਆਜ਼ ਸਰਵਰ ਅੱਬਾ ਜੀ ਦੇ ਨਾਲ਼ ਹਰ ਇਲਾਕੇ ਦੀ ਗਮੀ-ਖ਼ੁਸ਼ੀ, ਰਸਮੋਂ ਰਿਵਾਜ ਤੇ ਵੇਲੇ ਦੀ ਊਚ-ਨੀਚ ਨੂੰ ਬੜੇ ਨੇੜੇ ਹੋ ਕੇ ਵੇਖਦਾ ਰਿਹਾ ਤੇ ਨਾਲ਼-ਨਾਲ਼ ਆਪਣੀ ਤਾਲੀਮ ਦਾ ਸਫ਼ਰ ਵੀ ਜਾਰੀ ਰੱਖਿਆ। ਇਸਲਾਮੀਆ ਯੂਨੀਵਰਸਿਟੀ ਬਹਾਵਲਪੁਰ ਤੋਂ ਅੰਗਰੇਜ਼ੀ ਲਿਟਰੇਚਰ 'ਚ ਮਾਸਟਰਜ਼ ਕਰਨ ਤੋਂ ਬਾਅਦ ਫੈਸਲਾਬਾਦ ਦੇ ਸਰਕਾਰੀ ਕਾਲਜ 'ਚ ਬਤੌਰ ਲੈਕਚਰਾਰ ਮੁਲਾਜ਼ਮਤ ਕਰ ਲਈ ਤੇ ਦੋ ਹਜ਼ਾਰ ਸੱਤ ਦੇ ਕਰੀਬ ਓਹਦਾ ਤਬਾਦਲਾ ਆਪਣੇ ਨਾਨਕੇ ਪਿੰਡ ਜ਼ਿਲ੍ਹਾ ਬਹਾਵਲਨਗਰ ਦੇ ਇਕ ਸਰਕਾਰੀ ਕਾਲਜ 'ਚ ਹੋ ਗਿਆ, ਜਿੱਥੇ ਆਣ ਕੇ ਉਹਨੇ ਸਤਲੁਜ ਦੇ ਪਾਣੀ ਦੀਆਂ ਗਵਾਚੀਆਂ ਸ਼ੂਕਾਂ ਨੂੰ ਆਪਣੇ ਸੀਨੇ ਅੰਦਰ ਮਹਿਸੂਸ ਕੀਤਾ।

ਇਮਤਿਆਜ਼ ਸਰਵਰ ਲਿਟਰੇਚਰ ਦੇ ਨਾ ਮੁੱਕਣ ਵਾਲੇ ਪੈਂਡੇ ਕੱਟਦਿਆਂ ਹੋਇਆਂ ਇਥੇ ਤੀਕਰ ਪਹੁੰਚਿਆ ਸੀ ਕਿ ਉਹਦੀ ਅੱਖ ਧਰਤੀ 'ਤੇ ਖਿਲਰੇ ਦੁੱਖਾਂ ਤੋਂ ਲੈ ਕੇ ਅੰਬਰਾਂ 'ਤੇ ਲਿਸ਼ਕਦੇ ਤਾਰਿਆਂ ਤੀਕਰ ਵੇਖਦੀ ਸੀ, ਇਕ ਹਿਸਾਸ ਲਿਖਾਰੀ ਤੇ ਪੈਰਾਂ ਹੇਠ ਡਿੱਗੇ ਰੁੱਖ ਦੇ ਪੀਲੇ ਪੱਤਰਾਂ ਨੂੰ ਵੇਖ ਕੇ ਕੰਬ ਜਾਂਦਾ ਹੈ, ਉਹ ਮਿੱਟੀ ਵਿੱਚ ਗਵਾਚੇ ਇਨਸਾਨਾਂ ਦੇ ਸਿਰਾਂ 'ਤੇ ਪਹਾੜਾਂ ਵਰਗੇ ਦੁੱਖ ਵੇਖ ਕੇ ਕਿਸ ਤਰ੍ਹਾਂ ਚੁੱਪ ਰਹਿ ਸਕਦਾ ਸੀ।

ਇਮਤਿਆਜ਼ ਸਰਵਰ ਜਦੋਂ ਆਪਣੇ ਇਲਾਕੇ ਦੇ ਅਜ਼ਲਾਂ ਤੋਂ ਪਿਸੇ ਹੋਏ ਤਬਕੇ ਦੀ ਮੰਦਹਾਲੀ ਵੇਖਦਾ ਹੈ ਤਾਂ ਉਹ ਸੋਚਾਂ ਵਿਚ ਗਵਾਚ ਜਾਂਦਾ ਹੈ ਤੇ ਅੱਖਾਂ ਬੰਦ ਕਰ ਲੈਂਦਾ ਹੈ। ਉਹ ਵੇਖਦਾ ਹੈ ਕਿ ਦੂਰ ਅੰਬਰਾਂ ਦੀਆਂ ਬਾਰੀਆਂ ਖੋਲ੍ਹਦਾ ਹੋਇਆ

ਇਕ ਸੂਰਜ ਜਾਗਦਾ ਹੈ, ਕਿਰਨਾਂ ਫੁੱਟਦੀਆਂ ਨੇ, ਸਵੇਰ ਹੁੰਦੀ ਹੈ, ਦਿਨ ਚੜ੍ਹਦਾ ਹੈ ਤੇ ਥੋੜ੍ਹੇ ਚਿਰ ਮਗਰੋਂ ਹੀ ਰਾਤ ਹੋ ਜਾਂਦੀ ਹੈ। ਰਾਤ ਦੇ ਹਨੇਰੇ ਸਤਲੁਜ ਦੇ ਕਿਨਾਰਿਆਂ 'ਚ ਫੈਲ ਜਾਂਦੇ ਨੇ, ਵਰ੍ਹਿਆਂ ਤੋਂ ਇੰਝ ਹੀ ਤੇ ਹੁੰਦਾ ਆ ਰਿਹਾ ਹੈ ਪਰ ਕੋਈ ਫ਼ਰਕ ਕਿਉਂ ਨਹੀਂ ਪੈ ਰਿਹਾ ਹੈ? ਧੁੱਪਾਂ ਵਿਚ ਸੜਦੇ-ਬਲਦੇ ਟਿੱਬਿਆਂ ਦੇ ਸੀਨੇ ਠਰਦੇ ਕਿਉਂ ਨਹੀਂ? ਬਾਰਿਸ਼ ਉਥੇ ਹੀ ਕਿਉਂ ਹੁੰਦੀ ਹੈ ਜਿਥੇ ਪਹਿਲੇ ਤੋਂ ਹਰਿਆਲੀ ਹੁੰਦੀ ਹੈ? ਹਨੇਰੇ ਤੋਂ ਬਾਅਦ ਸਵੇਰ ਦਾ ਚਾਨਣ ਰੁਕਦਾ ਕਿਉਂ ਨਹੀਂ ਹੈ? ਥਲ ਦੇ ਮੁਕੱਦਰਾਂ 'ਚ ਰੰਗਾਂ ਦੀ ਬਹਾਰ ਕਿਉਂ ਨਹੀਂ ਹੈ?

ਇਮਤਿਆਜ਼ ਸਰਵਰ ਅੱਖਾਂ ਖੋਲ੍ਹ ਲੈਂਦਾ ਹੈ ਤੇ ਚੁੱਪ ਦੀ ਡੂੰਘੀ ਬੁੱਕਲ ਮਾਰ ਕੇ ਡੂੰਘੀ ਨੀਂਦਰ ਸੁੱਤੀ ਪਈ ਬਸਤੀ ਵੱਲ ਇਕ ਵਾਰੀ ਫੇਰ ਝਾਤੀ ਮਾਰ ਕੇ ਹੌਲ਼ੀ ਜਿਹੀ ਆਖਦਾ ਹੈ:

ਖ਼ਬਰੇ ਕਾਹਦੀ ਗੁੜ੍ਹਤੀ ਦਿੱਤੀ
ਮਾਪਿਆਂ
ਕੱਦ ਉਥੇ ਦੇ ਉਥੇ
ਵਧਦਾ ਕੋਈ ਨਹੀਂ
ਬੌਣੇ ਹੋ ਗਏ ਸਾਰੇ।

ਇਮਤਿਆਜ਼ ਸਰਵਰ ਅੰਗਰੇਜ਼ੀ, ਉਰਦੂ ਤੇ ਪੰਜਾਬੀ ਲਿਟਰੇਚਰ ਦਾ ਇਕ ਸੁੱਚਲ ਲਿਖਾਰੀ ਤੇ ਮਹਾਨ ਨੱਕਾਦ ਹੈ। ਉਹਨੇ ਹਯਾਤੀ ਦੇ ਸਫ਼ਰ ਵਿੱਚ ਬੇਤਰਤੀਬ ਤੇ ਬੇਹੰਗਮ ਮੁਆਸ਼ਰੇ ਦੇ ਕਿਰਦਾਰਾਂ ਨੂੰ ਬੜੇ ਗੌਰ ਨਾਲ਼ ਵੇਖਿਆ ਹੈ। ਉਹਦੀਆਂ ਨਜ਼ਮਾਂ, ਉਹਦੀਆਂ ਕਹਾਣੀਆਂ ਦਾ ਅਸਲੂਬ ਉਹਦਾ ਆਪਣਾ ਹੈ ਤੇ ਅੱਜ ਦੇ ਸਮੇਂ ਅੰਦਰ ਇਹ ਕੋਈ ਨਿੱਕੀ ਗੱਲ ਨਹੀਂ। ਇਮਤਿਆਜ਼ ਸਰਵਰ ਨੂੰ ਉਹਦੇ ਵੱਖਰੇ ਤੇ ਜਾਦੂਈ ਅਸਲੂਬ ਪਾਰੋਂ ਲੱਖਾਂ ਬੰਦਿਆਂ ਦੀ ਭੀੜ 'ਚੋਂ ਬੜੇ ਆਰਾਮ ਨਾਲ ਦੂਰੋਂ ਖਲੋਤਿਆਂ ਪਹਿਚਾਣਿਆ ਜਾ ਸਕਦਾ ਹੈ। ਉਹ ਇਕ ਨੈਚੂਰਲ ਤੇ ਆਰਗੈਨਿਕ ਤਰੱਕੀ ਦਾ ਕਾਇਲ ਹੈ, ਕਿਉਂਕਿ ਉਹਨੂੰ ਮੰਗੇ-ਤੰਗੇ ਤੇ ਅਣਨੈਚੂਰਲਿਜ਼ਮ ਦੀਆਂ ਖ਼ਰਾਬੀਆਂ ਤੇ ਖ਼ਾਮੀਆਂ ਦਾ ਪਹਿਲੇ ਤੋਂ ਹੀ ਪਤਾ ਸੀ। ਇਸੇ ਲਈ ਉਸ ਨੇ ਬਹੁਤ ਪਹਿਲੇ ਆਖ ਦਿੱਤਾ ਸੀ:

ਗਵਾਚਾ ਰਾਹ ਦਿਸਦਾ ਨਹੀਂ
ਧੂੜ ਉੱਡੀ ਏ ਹਰ ਪਾਸੇ
ਅੰਨ੍ਹੀਆਂ ਹੋਈਆਂ ਅੱਖਾਂ
ਸਿਰ ਵਿਚ ਪੈ ਗਈ ਖੇਹ
ਕੀ ਲੰਘਣਾਂ ਇਥੋਂ

ਲੰਘਣਾਂ ਕਿਵੇਂ ਇੱਥੋਂ
ਟੁਰਿਆ ਫਿਰੇ ਮੁਸਾਫ਼ਿਰ।

ਇਹ ਇਕ ਸ਼ਾਇਰ ਅਦੀਬ ਤੇ ਮਹਾਨ ਲਿਖਾਰੀ ਦਾ ਹੀ ਖ਼ਾਸਾ ਹੈ ਕਿ ਉਹਨੂੰ ਕੁਝ ਹੋਣ ਤੋਂ ਪਹਿਲਾਂ ਕੁਝ ਹੋਣ ਦਾ ਡਰ ਸ਼ੇਅਰਾਂ, ਗ਼ਜ਼ਲਾਂ, ਨਜ਼ਮਾਂ ਤੇ ਲਿਖਤਾਂ ਰਾਹੀਂ ਮਹਿਸੂਸ ਹੋਣ ਲੱਗ ਪੈਂਦਾ ਹੈ।

ਇਮਤਿਆਜ਼ ਸਰਵਰ ਦੇ ਅੰਦਰ ਦਾ ਇਹ ਖ਼ੌਫ਼ ਕੱਲਰ ਖਾਧੇ ਵਸੇਬ ਤੇ ਇਹਦੀ ਲੁਕਾਈ ਨਾਲ਼ ਕਿਸ ਤਰ੍ਹਾਂ ਜੁੜਿਆ ਹੋਇਆ ਹੈ ਇਹਦੀਆਂ ਨਜ਼ਮਾਂ ਤੇ ਕਹਾਣੀਆਂ ਚੀਖ-ਚੀਖ ਕੇ ਦੱਸ ਰਹੀਆਂ ਨੇ। ਉਹ ਆਪਣੀ ਇਕ ਨਜ਼ਮ ਵਿਚ ਚੁੱਪਾਂ ਵੱਟੀ ਮੰਜ਼ਰ ਨੂੰ ਵੇਖਦਿਆਂ ਹੋਇਆਂ ਆਖਦਾ ਹੈ ਕਿ:

ਮੈਨੂੰ ਡਰ ਜਿਹਾ ਲੱਗਦਾ ਏ
ਚੁੱਪ ਜਿਹੀ ਲੱਗੀ ਏ
ਲੱਗਦਾ ਕੁਝ ਹੋਵਣ ਵਾਲ਼ਾ
ਤੁਹਾਡੇ ਨਾਲ਼ ਕੀ ਹੋਵਣ ਵਾਲ਼ਾ
ਜਾਂ ਫਿਰ ਹੋ ਗਿਆ
ਤੁਹਾਨੂੰ ਖ਼ਬਰ ਏ।

ਇਮਤਿਆਜ਼ ਸਰਵਰ ਦੀ ਪਹਿਲੀ ਕਿਤਾਬ "ਲੋਕ ਕਹਾਣੀਆਂ", ਦੂਜੀ ਕਿਤਾਬ "ਏ ਪੈਲੇਸ ਕਾਲ ਗੈਮਕੋਲ", ਤੀਜੀ ਕਿਤਾਬ "ਸਫੈਦ ਕਾਲੀ ਕਿਤਾਬ", ਤੇ ਚੌਥੀ ਕਿਤਾਬ "ਚੌਦਾਂ ਦਿਨ" ਛਾਏ ਹੋ ਚੁੱਕੀ ਹੈ। ਇਮਤਿਆਜ਼ ਸਰਵਰ ਆਪਣੀ ਪੰਜਾਬੀ ਨਜ਼ਮਾਂ 'ਚ ਬੜੀ ਹੀ ਖ਼ੂਬਸੂਰਤੀ ਤੇ ਮੁਹਾਰਤ ਦੇ ਨਾਲ਼ ਪੰਜਾਬੀ ਲਿਖਦਿਆਂ-ਲਿਖਦਿਆਂ ਅੰਗਰੇਜ਼ੀ ਦੇ ਅੱਖਰ ਵਰਤ ਜਾਂਦਾ ਹੈ ਤੇ ਕਮਾਲ ਇਹ ਵੇ ਕੇ ਪੜ੍ਹਨ ਵਾਲੇ ਨੂੰ ਅਹਿਸਾਸ ਤੱਕ ਵੀ ਨਹੀਂ ਹੁੰਦਾ ਕਿ ਉਹ ਪੰਜਾਬੀ ਅੱਖਰਾਂ ਵਿਚ ਅੰਗਰੇਜ਼ੀ ਦੇ ਅੱਖਰ ਵੀ ਪੜ੍ਹ ਗਿਆ, ਕਿਉਂ ਜੋ ਉਹਨੂੰ ਪੂਰੇ ਦਾ ਪੂਰਾ ਇਦਰਾਕ ਹੋ ਰਿਹਾ ਹੁੰਦਾ ਹੈ। ਉਹਦੇ ਵਿਚ ਕੋਈ ਬਨਾਵਟ, ਕੋਈ ਜਬਰ ਤੇ ਕੋਈ ਓਪਰਾਪਣ ਮਹਿਸੂਸ ਨਹੀਂ ਹੋ ਰਿਹਾ ਹੁੰਦਾ। ਇਮਤਿਆਜ਼ ਸਰਵਰ ਪੜ੍ਹਨ ਵਾਲੇ ਨੂੰ ਲਫ਼ਜ਼ਾਂ ਦੇ ਐਸੇ ਸ਼ਹਿਰ ਵਿਚ ਲੈ ਜਾਂਦਾ ਹੈ ਜਿਥੇ ਨਵੀਂਆਂ-ਨਵੀਂਆਂ ਤਰਕੀਬਾਂ, ਨਵੀਂਆਂ-ਨਵੀਂਆਂ ਤਸ਼ਬੀਹਾਂ ਤੇ ਵੰਨ-ਸੁਵੰਨੇ ਅਲਾਮਤਾਂ ਦੇ ਢੇਰ ਲੱਗੇ ਹੁੰਦੇ ਨੇ। ਐਨਿਇਜ਼ਮ ਵੇਖੋ:

ਤੁਹਾਡਾ ਫਲੋਅ ਬੜਾ ਕਮਾਲ ਦਾ
ਜਿਵੇਂ ਖ਼ਿਆਲ ਦਾ ਉੱਗਿਆ
ਹੋਵੇ ਕਾਲਾ ਪਹਾੜ
ਜਿਵੇਂ ਸੜਕ ਦੇ ਉੱਤੇ

ਮਾਈਲ ਸਟੋਨ
ਜਿਵੇਂ ਛੱਪੜ ਵਿਚ ਡੁੱਬੀ
ਭੱਜੇ ਘੜੇ ਦੀ ਠੀਕਰੀ।

ਅੱਖਰਾਂ ਦੇ ਇਸ ਤਰ੍ਹਾਂ ਦੇ ਵਰਤਾਵੇ ਨੂੰ ਤੁਸੀਂ ਹੋਰ ਕਿੱਥੋਂ ਲੱਭੋਗੇ ? ਲੱਭਣਾ ਵੀ ਚਾਹੋ ਤਾਂ ਔਖਾ ਕੰਮ ਹੈ... ਨਹੀਂ ਜੇ ਲੱਭਣਾ। ਇਮਤਿਆਜ਼ ਸਰਵਰ ਦਾ ਹੀ ਕਮਾਲ ਹੈ... ਉਹਦਾ ਹੀ ਖ਼ਾਸਾ ਹੈ... ਕੁਝ ਹੋਰ ਲਾਈਨਾਂ 'ਤੇ ਝਾਤੀ ਪਾਓ ਇਮਤਿਆਜ਼ ਸਰਵਰ ਕਿਸ ਤਰ੍ਹਾਂ ਲਫ਼ਜ਼ਾਂ ਦੇ ਨਾਲ਼ ਖੇਡਦਾ ਹੈ:

ਕਦੀ ਊਠ 'ਤੇ ਮਾਸ ਚੜ੍ਹਿਆ
ਸੋਸ਼ਲ ਕਲਾਸ ਦਾ
ਕਰੇ ਪ੍ਰਚਾਰ ਦਰਦੀ ਵੱਡਾ
ਵਰਕਿੰਗ ਕਲਾਸ ਦਾ
ਝੂਠਾ...ਮੱਕਰੀ...ਚੱਲ ਆ
ਆਪਣੀ ਐਨ.ਜੀ.ਓ. ਚਲਾਂਦਾ ਫਿਰ।

ਇਮਤਿਆਜ਼ ਸਰਵਰ ਇਕ ਸੋਹਣੇ ਤੇ ਨਵੇਕਲੇ ਸ਼ਾਇਰ ਦੇ ਨਾਲ਼-ਨਾਲ਼ ਇਕ ਵੱਡਾ ਨੱਕਾਦ ਵੀ ਹੈ। ਉਹਦੀ ਸੋਚਾਂ ਤੇ ਫ਼ਿਕਰਾਂ 'ਚ ਡੁੱਬੀ ਤਨਕੀਦੀ ਅੱਖ ਨੂੰ ਪੜ੍ਹਨਾ ਹੋਵੇ ਤੇ ਮਸਊਦ-ਉ-ਰਹਿਮਾਨ ਦੀ ਕਿਤਾਬ "ਪਿਆਸ" ਅਤੇ ਡਾ: ਰਿਆਜ਼ ਸ਼ਾਹਿਦ ਦੀ ਕਿਤਾਬ "ਸਿਕਦਾ ਸੇਕ" 'ਚ ਉਹਦੇ ਲਿਖੇ ਹੋਏ ਮਜ਼ਾਮੀਨ ਪੜ੍ਹੇ ਜਾ ਸਕਦੇ ਹਨ। ਇਮਤਿਆਜ਼ ਸਰਵਰ ਰੋਹੀ 'ਚ ਕਿੱਕਰਾਂ ਦੇ ਦੁੱਖ, ਮਹਿਲਾਂ 'ਚ ਬੈਠੇ ਸ਼ਹਿਜ਼ਾਦਿਆਂ ਦੀ ਅੰਦਰ ਭੁੱਖ ਤੇ ਬਾਗਾਂ 'ਚ ਖਿੜੇ ਗੁਲਾਬਾਂ ਦੇ ਸੀਨਿਆਂ 'ਚ ਸਾਹ ਲੈਂਦੇ ਸੁੱਖ ਨੂੰ ਬੜੀਆਂ ਗਹਿਰੀ ਨਿਗਾਹਾਂ ਨਾਲ਼ ਵੇਖਦਾ ਹੈ। ਉਹ ਜ਼ਾਹਿਰੀ ਸ਼ਕਲਾਂ-ਸੂਰਤਾਂ ਤੇ ਡੋਲਦੇ ਕਿਰਦਾਰਾਂ ਵੱਲ ਵੇਖਦਿਆਂ ਹੋਇਆਂ ਆਖਦਾ ਹੈ ਕਿ:

ਖ਼ਬਰੇ ਕਿਉਂ ਕੰਧ 'ਤੇ ਵੱਜੀਆਂ
ਲੀਕਾਂ ਲੱਗਦੇ ਨੇ ਸਾਰੇ।

ਇਮਤਿਆਜ਼ ਸਰਵਰ ਤਬਾਦਲਾ ਹੋਣ ਪਰ ਬਹਾਵਲਨਗਰ ਤੋਂ ਲਾਹੌਰ ਹਿਜਰਤ ਕਰ ਗਿਆ ਹੈ ਪਰ ਸ਼ਾਮਾਂ ਪੈਂਦਿਆਂ ਹੀ ਅੰਦਰ ਤੇ ਬਾਹਰ ਦੇ ਬੇਹੰਗਮ ਸ਼ੋਰ ਤੋਂ ਘਬਰਾ ਕੇ ਸੋਚਾਂ ਦੇ ਡੂੰਘੇ ਸਮੁੰਦਰਾਂ 'ਚ ਗਵਾਚ ਜਾਂਦਾ ਹੈ। ਸੋਚਾਂ ਦੇ ਇਸ ਸਮੁੰਦਰ 'ਚ ਤਰਦਿਆਂ-ਤਰਦਿਆਂ ਉਹ ਕਈ ਵਾਰੀ ਆਪਣੇ ਨਾਨਕਾ ਪਿੰਡ ਅੱਪੜ ਜਾਂਦਾ ਹੈ। ਪਿੰਡ ਦੇ ਆਲੇ-ਦਵਾਲੇ ਮਸਤ ਹਵਾ 'ਚ ਉੱਡਦੇ ਪੱਖੂਆਂ ਨੂੰ ਵੇਖ ਕੇ ਉਹ ਬੇਕਾਬੂ ਹੋ ਜਾਂਦਾ ਹੈ ਤੇ ਇਕੋ ਸਾਹ 'ਚ ਉਹਨਾਂ ਨੂੰ ਯਕੀਨ ਦਿਵਾਉਂਦਿਆਂ ਹੋਇਆਂ ਆਖਦਾ ਹੈ ਕਿ ਮੈਂ ਤੁਹਾਨੂੰ ਕਦੀ ਵੀ ਨਹੀਂ ਭੁੱਲਿਆ ਤੇ ਮੈਂ ਭੁੱਲ ਵੀ ਕਿਵੇਂ ਸਕਣਾ ਵਾਂ ? ਬੜੀ ਜ਼ੋਰ-ਜ਼ੋਰ ਦੀ ਕਹਿੰਦਾ ਜਾਂਦਾ ਹੈ ਕਿ ਮੈਂ ਕਿਵੇਂ ਭੁੱਲ ਸਕਣਾ

ਬਹਾਵਲਨਗਰ ਦੇ ਚੱਕ 98 ਨੂੰ ਜਿੱਥੇ ਮੇਰੀ ਮਾਂ ਨੇ ਪਹਿਲੀ ਵਾਰੀ ਮੇਰਾ ਮੱਥਾ ਚੁੰਮਿਆ ਤੇ ਮੈਂ ਹੱਸ ਕੇ ਸਾਰਾ ਜਹਾਨ ਆਪਣੇ ਮੋਢਿਆਂ 'ਤੇ ਰੱਖ ਲਿਆ। ਮੈਂ ਨੀਂ ਭੁੱਲ ਸਕਦਾ ਰੇਲ ਦੀ ਉਸ ਖਾਮੋਸ਼ ਪਟੜੀ ਨੂੰ ਜਿਹੜੀ ਪੋਹ-ਮਾਘ ਦੀਆਂ ਠੰਡੀਆਂ ਸ਼ਾਮਾਂ ਤੇ ਹਾੜ੍ਹ-ਜੇਠ ਦੀਆਂ ਤੱਤੀਆਂ ਦੁਪਹਿਰਾਂ 'ਚ ਮੇਰੇ ਨਾਲ਼-ਨਾਲ਼ ਟੁਰਦਿਆਂ ਹੋਇਆਂ ਬਹਾਵਲਨਗਰ ਤੋਂ ਚਿਸ਼ਤੀਆਂ ਦਾ ਪੈਂਡਾ ਕੱਟਦੀ ਸੀ ਪਰ ਕਦੀ ਮੱਥੇ 'ਤੇ ਵੱਟ ਨਹੀਂ ਪਾਇਆ ਸੀ। ਮੈਂ ਕਿਵੇਂ ਭੁੱਲ ਸਕਣਾ ਵਾਂ ਥਲ ਦਿਆਂ ਉਹਨਾਂ ਟਿੱਬਿਆਂ ਨੂੰ ਜਿਨ੍ਹਾਂ ਦੀ ਤਪਦੀ ਰੇਤ ਨੇ ਕਿੰਨੀਆਂ ਹੀ ਅੱਖਾਂ ਦੇ ਕਵਾਰੇ ਖ਼ਾਬ ਸਾੜ ਦਿੱਤੇ, ਕਿੰਨੇ ਹੀ ਫੁੱਲ ਖਿੜਨ ਤੋਂ ਪਹਿਲਾਂ ਆਪਣੇ ਭਖਦੇ ਪੈਰਾਂ ਹੇਠ ਮਿੱਧ ਦਿੱਤੇ, ਹਿਠਾੜ 'ਚੋਂ ਲੰਘਦੇ ਹੋਏ ਉਸ ਸੁਖਿਆਰੇ ਸਤਲੁਜ ਨੂੰ ਮੈਂ ਕਿਵੇਂ ਭੁੱਲ ਸਕਦਾ ਵਾਂ ਜਿਹਦੇ ਗਲ਼ ਲੱਗ ਕੇ ਕਈ ਵਾਰੀ ਮੈਂ ਹੰਝੂਆਂ ਦਾ ਮੀਂਹ ਵਰਸਾਇਆ ਹੈ, ਹਾਂ ਮੈਂ ਕਦੀ ਵੀ ਨਹੀਂ ਭੁੱਲ ਸਕਦਾ, ਇਮਤਿਆਜ਼ ਸਰਵਰ ਯਾਦਾਂ ਦੇ ਇਸ ਸਮੁੰਦਰ ਵਿਚ ਰੋਜ਼ ਗ਼ੋਤੇ ਖਾਂਦਾ ਹੈ, ਰੋਜ਼ ਡੁੱਬਦਾ ਹੈ, ਰੋਜ਼ ਤਰਦਾ ਹੈ।

ਇਮਤਿਆਜ਼ ਸਰਵਰ ਦੀਆਂ ਮੁਸਤਕਬਿਲ ਵਿਚ ਛਾਪੇ ਚੜ੍ਹਨ ਵਾਲੀਆਂ ਕਿਤਾਬਾਂ 'ਚੋਂ ਇਕ ਅੰਗਰੇਜ਼ੀ ਸ਼ਾਇਰੀ ਦੀ ਕਿਤਾਬ "ਸਾਇਲੈਂਸ ਸਪੀਕਸ" ਅਤੇ ਦੂਜੀ "ਯਾਦ ਕਹਾਣੀ" ਸ਼ਾਮਿਲ ਨੇ। ਇਮਤਿਆਜ਼ ਸਰਵਰ ਅੱਜਕੱਲ੍ਹ ਲਾਹੌਰ ਦੇ ਇਕ ਸਰਕਾਰੀ ਕਾਲਜ ਵਿਚ ਆਪਣੀਆਂ ਖਿਦਮਾਤ ਸਰ ਅੰਜਾਮ ਦੇ ਰਿਹਾ ਹੈ। ਉਹਦੀ ਜ਼ਾਤੀ ਜ਼ਿੰਦਗੀ ਦੀਆਂ ਘੁੰਮਣਘੇਰੀਆਂ ਤੋਂ ਮੈਂ ਜ਼ਿਆਦਾ ਵਾਕਿਫ਼ ਨਹੀਂ ਪਰ ਜਦੋਂ ਕਦੀ ਵੀ ਉਹਦੇ ਤੋਂ ਪੁੱਛਿਆ ਤੇ ਉਹਨੇ ਅੱਗੋਂ ਹੱਸ ਕੇ ਇਹੋ ਆਖਿਆ:

ਜਦ ਸਾਡੀ ਵਾਰੀ ਆਈ
ਮੇਲਾ ਵੇਖਣ ਦੀ।
ਕੁੰਝ ਕੇ ਸੱਪ ਪਟਾਰੀ
ਟੁਰ ਗਿਆ... ਮਦਾਰੀ।
ਘਰ ਬੈਠੀ ਰਹੀ... ਕਵਾਰੀ।

ਰੱਬ ਸੋਹਣਾ ਇਮਤਿਆਜ਼ ਸਰਵਰ ਤੇ ਉਹਦੀਆਂ ਖ਼ੂਬਸੂਰਤ ਨਜ਼ਮਾਂ ਨੂੰ ਸਲਾਮਤ ਰੱਖੇ।

□□□

# ਹਿਜਰ ਤੇ ਇਕਲਾਪੇ ਕੱਟਦੀਆਂ ਨਜ਼ਮਾਂ ਦਾ ਸ਼ਾਇਰ
# ਅਜਮਲ ਖ਼ਿਆਲ



ਪਤਾ ਨਹੀਂ ਇਹ ਹੁਣ ਰਹਿਤਲ ਦਾ ਅਸਰ ਸੀ ਜਾਂ ਫਿਰ ਹਿਜਰ ਇਸ ਇਕਲਾਪੇ ਅਤੇ ਹੰਝੂਆਂ 'ਚ ਡੁੱਬੀ ਹਯਾਤੀ ਦੀਆਂ ਡੁੱਬੀਆਂ ਰਾਹਵਾਂ ਉਲੀਕਣ ਦਾ ਰਾਹ ਕਿ ਅਜਮਲ ਖ਼ਿਆਲ ਜਿਸ ਨੂੰ ਸਾਰੀ ਹਯਾਤੀ ਨਾ ਕਿਸੇ ਨਾਲ਼ ਪੰਜਾਬੀ ਗੱਲਬਾਤ ਕਰਦੇ ਦੇਖਿਆ ਤੇ ਨਾ ਹੀ ਪੰਜਾਬੀ ਕਿਤਾਬਾਂ ਪੜ੍ਹਦੇ ਵੇਖਿਆ ਪਰ ਓਸ ਨੇ ਆਪਣੇ ਜਜ਼ਬਾਤ ਦੇ ਇਜ਼ਹਾਰ ਲਈ ਸਿਰਫ਼ ਪੰਜਾਬੀ ਜ਼ੁਬਾਨ ਨੂੰ ਚੁਣਿਆ।

ਅਜਮਲ ਖ਼ਿਆਲ ਨੇ ਜਦੋਂ ਆਪਣੀ ਪਹਿਲੀ ਪੰਜਾਬੀ ਨਜ਼ਮ ਸੁਣਾਈ ਤੇ ਕਿੰਨੀ ਦੇਰ ਮੈਂ ਸ਼ੱਕ ਤੇ ਹੈਰਾਨੀ ਨਾਲ਼ ਉਹਦੀਆਂ ਉਦਾਸ ਤੇ ਬੇਚੈਨ ਅੱਖਾਂ ਵੱਲ ਦੇਖਦਾ ਰਿਹਾ। ਅਜਮਲ ਖ਼ਿਆਲ ਇਕ ਉਰਦੂ ਘਰਾਣੇ ਵਿੱਚ 9 ਅਪ੍ਰੈਲ 1966 ਵਿੱਚ ਪੈਦਾ ਹੋਇਆ। ਬਹਾਵਲਨਗਰ 'ਚੋਂ ਹੀ ਪੁਲਿਟੀਕਲ ਸਾਇੰਸ 'ਚ ਮਾਸਟਰ ਕੀਤਾ ਤੇ ਇਕ ਸਰਕਾਰੀ ਸਕੂਲੇ ਮਾਸਟਰ ਲੱਗ ਗਿਆ। ਕੁਝ ਅਦਬੀ ਦੋਸਤਾਂ ਨਾਲ਼ ਯਾਰੀ ਹੋ ਗਈ। ਸ਼ੇਅਰ ਸੁਣ ਕੇ ਸਕੂਨ ਜਿਹਾ ਮਿਲਦਾ ਖੌਰੇ ਅੰਦਰ ਕਿਹੜਾ ਦਰਦ ਸੀ, ਜਿਹੜਾ ਸ਼ੇਅਰ ਸੁਣਨ ਤੋਂ ਬਾਅਦ ਆਹ ਜਾਂ ਵਾਹ ਦੀ ਸ਼ਕਲ ਵਿੱਚ ਘੱਟ ਹੋ ਜਾਂਦਾ ਸੀ। ਦੋਸਤ ਉਹਦੇ ਅਦਬੀ ਸ਼ੌਂਕ ਨੂੰ ਵੇਖਦੇ ਹੋਇਆਂ ਉਹਨੂੰ ਅਦਬੀ ਹਲਕਿਆਂ ਤੇ ਅਦਬੀ ਬੈਠਕਾਂ 'ਚ ਲਿਜਾਣ ਲੱਗ ਪਏ ਤੇ ਵੇਖਦਿਆਂ-ਵੇਖਦਿਆਂ ਉਹਦੇ ਅੰਦਰ ਇਕਲਾਪੇ ਦੇ ਦੁੱਖ ਨਜ਼ਮਾਂ ਬਣ ਕੋਰੇ ਕਾਗਜ਼ 'ਤੇ ਉਤਰਨ ਲੱਗ ਪਏ। ਭਾਵੇਂ ਘਰ ਵਿੱਚ ਮਾਂ-ਭੈਣ ਤੇ ਭਰਾਵਾਂ ਦੇ ਰੂਪ ਵਿੱਚ ਖ਼ਰੇ ਤੇ ਸੱਚੇ ਰਿਸ਼ਤੇ ਮੌਜੂਦ ਸਨ ਪਰ ਫੇਰ ਵੀ ਉਹਦੀ ਹਯਾਤੀ ਵਿੱਚ ਇਕ ਕਮੀ ਜਿਹੀ ਸੀ, ਕਿਸੇ ਸ਼ੈਅ ਦਾ ਘਾਟਾ ਸੀ ਜੋ ਓਹ ਹਰ ਵਕਤ ਅੰਦਰ ਹੀ ਅੰਦਰ ਕੁੜ੍ਹਦਾ ਰਹਿੰਦਾ। ਓਹਦੀ ਹਯਾਤੀ ਵਿੱਚ ਕੋਈ ਹੈ ਵੀ ਸੀ ਤੇ ਨਈਂ ਵੀ ਜਿਹਦੇ ਨਾਲ਼ ਦਿਲ ਦਾ ਹਾਲ ਵੰਡਾਂਦਾ, ਜਿਹਦੇ ਨਾਲ ਅੱਧ ਵਿਚਕਾਰੇ ਮਰਦੇ ਖ਼ਾਬ ਸਾਂਝੇ ਕਰਦਾ। ਹਯਾਤੀ ਦੇ ਢੇਰਾਂ ਦੁੱਖ ਜਦੋਂ ਆਲੇ-ਦਵਾਲੇ ਸੱਪਾਂ ਵਾਂਗਰ ਆਣ ਖਲੋਤੇ ਤਾਂ ਇਕ ਦਿਨ ਅਜਮਲ ਖ਼ਿਆਲ ਨੇ ਚੁੱਪ ਦਾ ਜੰਦਰਾ ਤੋੜਿਆ ਤੇ ਅੰਬਰਾਂ ਵੱਲ ਵੇਖ ਕੇ ਕਿਹਾ:

ਅੱਧਾ ਜੀਵਨ ਲੰਘਿਆ ਸਾਡਾ
ਦੇ ਇਸ਼ਕੇ ਦੀ ਬਾਂਗ
ਅੱਧਾ ਜੀਵਨ ਲੈ ਗਈ ਸੱਜਣੋ
ਯਾਰ ਮਿਲਣ ਦੀ ਤਾਂਘ
ਸਾਰਾ ਜੀਵਨ ਦਿਸਿਆ ਮੈਨੂੰ
ਵਿਧਵਾ ਰੰਗੀ ਮਾਂਗ।

ਜਿਸ ਤਰ੍ਹਾਂ ਰਾਤ ਦੇ ਹਨੇਰਿਆਂ 'ਚ ਬਲਦੀ ਸ਼ਮ੍ਹਾਂ ਦੇ ਆਲੇ-ਦਵਾਲੇ ਚੱਕਰ ਖਾਂਦੇ ਪਰਵਾਨਿਆਂ ਨੂੰ ਅੱਗਾਂ ਵਿੱਚ ਸੇਕ ਦੀ ਥਾਂ ਚਾਨਣ ਨਾਲ ਜੱਫਾ ਪਾਣ ਦੀ ਤਾਂਘ ਹੁੰਦੀ ਹੈ, ਏਸੇ ਤਰ੍ਹਾਂ ਅਜਮਲ ਖ਼ਿਆਲ ਇਸ਼ਕ ਦੀ ਪੌੜੀ ਚੜ੍ਹਨ ਦੇ ਜਨੂੰਨ 'ਚ ਕਈ ਵਾਰੀ ਥੱਕ ਹਾਰ ਕੇ ਡਿੱਗਿਆ ਤੇ ਫੱਟੜ ਹੋ ਗਿਆ ਤੇ ਹੰਝੂ ਕੇਰਦੀਆਂ ਅੱਖਾਂ ਨੂੰ ਵੇਖ ਕੇ ਉਹਦੇ ਸੁਫਨੇ ਵੀ ਓਹਨੂੰ ਇਕੱਲਾ ਛੱਡ ਕੇ ਨੱਸ ਗਏ ਤੇ ਅਜਮਲ ਖ਼ਿਆਲ ਠੰਡਾ ਹਉਕਾ ਭਰ ਕੇ ਆਖਦਾ ਰਹਿ ਗਿਆ:

ਇਸ਼ਕ ਦੀ ਪੌੜੀ ਚੜ੍ਹ ਨੀ ਸੱਕੇ
ਚਾਨਣ ਦੇ ਵਿਚ ਸੜ ਨੀ ਸੱਕੇ
ਪੱਖੂਆਂ ਵਾਂਗਰ ਰਹਿਣ ਤਰਸਦੇ
ਠੇਡੇ ਖਾਂਦੇ ਚੁੱਕਦੇ ਥੱਕਦੇ
'ਕੱਲੇ ਰਹਿ ਗਏ ਅੱਥਰੂ ਚੱਕਦੇ।

ਇਕਲਾਪੇ ਤੇ ਦਰਦਾਂ ਮਾਰੀ ਹਯਾਤੀ ਨੂੰ ਪਥਰੀਲੀਆਂ ਰਾਹਵਾਂ 'ਤੇ ਘਸੀਟਨਾ ਪੈ ਜਾਵੇ ਤੇ ਪਿੰਡਾ ਲਹੂ ਲੁਹਾਣ ਹੋ ਜਾਂਦਾ ਏ, ਜ਼ਿੰਦੜੀ ਦੀਆਂ ਪੂਣੀਆਂ ਵਲਾਵਿਆਂ ਤੇ ਗੁੰਝਲਾਂ ਨਾਲ਼ ਭਰ ਜਾਂਦੀਆਂ ਨੇ ਫੇਰ ਅਜਮਲ ਖ਼ਿਆਲ ਝੱਲਾ ਹੋ ਜਾਣ ਦੇ ਡਰ ਤੋਂ ਚੰਨ-ਤਾਰੇ ਤੇ ਦੀਵਿਆਂ ਦੇ ਚਾਨਣ ਤੋਂ ਦੂਰ ਨੱਸਦਿਆਂ ਹੋਇਆਂ ਕਿਸਮਤ ਦੇ ਹਨੇਰਿਆਂ 'ਚ ਲੁਕ ਜਾਂਦਾ ਏ ਤੇ ਸਾਡੇ ਵੱਲ ਮੂੰਹ ਕਰਕੇ ਹੌਲੀ ਜਿਹੀ ਆਖਦਾ ਏ:

ਚਾਨਣ ਅੱਗੇ ਹੱਥ ਮੈਂ ਬੰਨ੍ਹਾਂ।
'ਨੇਰੇ ਨੂੰ ਗਲ਼ ਲਾਵਾਂ।
ਜ਼ਿੰਦ ਏ ਪੂਣੀ ਗੁੰਝਲਾਂ ਵਾਲੀ
ਕਿਵੇਂ ਮੈਂ ਸੁਲਝਾਂਵਾਂ।
ਝੱਲਾ ਹੋ ਨਾ ਜਾਵਾਂ।

ਚਾਨਣ ਤੋਂ ਦੂਰ ਨੱਸਣ ਵਾਲ਼ਾ ਅਜਮਲ ਖ਼ਿਆਲ ਝੱਲਾ ਹੋਣ ਤੋਂ ਡਰਦਾ ਤੇ ਹੈ ਪਰ ਵੀਹ ਵਰ੍ਹਿਆਂ ਪਹਿਲਾਂ ਪਿੰਡ 'ਚ ਲੱਗੇ ਮੇਲੇ 'ਚ ਨਿੰਮ੍ਹਾ-ਨਿੰਮ੍ਹਾ ਹੱਸਦੀਆਂ ਯਾਦਾਂ ਓਹਨੂੰ ਜੱਫਾ ਪਾ ਲੈਂਦੀਆਂ ਨੇ। ਯਾਦਾਂ ਪਹਿਲੇ ਪਿਆਰ ਦੀਆਂ ਯਾਦਾਂ

ਇਕਦਮ ਚੀਕਾਂ ਬਣ ਕੇ ਜਿਸਮ ਅੰਦਰ ਤਰਥੱਲੀ ਪਾ ਦਿੰਦੀਆਂ ਨੇ। ਅਜਮਲ ਖ਼ਿਆਲ ਜ਼ੋਰ ਨਾਲ ਕੰਨਾਂ 'ਤੇ ਜ਼ੋਰ ਨਾਲ਼ ਜ਼ਖ਼ਮੀ ਤਲੀਆਂ ਰੱਖ ਲੈਂਦਾ ਹੈ। ਲੰਮੇ-ਲੰਮੇ ਸਾਹ ਲੈ ਜ਼ੋਰ-ਜ਼ੋਰ ਨਾਲ ਆਖਦਾ ਹੈ ਕਿ:

ਅੱਜ ਬਸਤੀ ਦੇ ਮੇਲੇ ਅੰਦਰ
ਰਮਜ਼ਾਂ ਪਹਿਲੇ ਪਿਆਰ ਦੀਆਂ।
ਵੀਹ ਵਰ੍ਹਿਆਂ ਦੇ ਓਹਲੇ ਯਾਦਾਂ
ਜੀਂਦੇ ਜੀ ਹੀ ਮਾਰਦੀਆਂ।
ਨਿੰਮ੍ਹੇ ਨਿੰਮ੍ਹੇ ਹਾਸਿਆਂ ਅੰਦਰ
ਚੀਕਾਂ ਵਿਛੜੇ ਯਾਰ ਦੀਆਂ।

ਐਨੀ ਸਾਰੀ ਮਾਯੂਸੀ, ਤੇ ਐਨੇ ਘੁੱਪ ਹਨੇਰੇ ਅੰਦਰ ਕਦੀ-ਕਦੀ ਅਜਮਲ ਖ਼ਿਆਲ ਦੀਆਂ ਡਰਦੀਆਂ ਤੇ ਕੰਬਦੀਆਂ ਅੱਖਾਂ 'ਚ ਖ਼ਬਰੈ ਕਿਹੜੀ ਫੋਟੋ ਲਿਸ਼ਕਾਰੇ ਮਾਰਨ ਲੱਗ ਪੈਂਦੀ ਹੈ ਕਿ ਓਹ ਇਕਦਮ ਉੱਠ ਕੇ ਬਹਿ ਜਾਂਦਾ ਹੈ ਤੇ ਅੰਬਰਾਂ ਦੀ ਬੁੱਕਲ ਮਾਰ ਕੇ ਸੌਣ ਦੀ ਤਿਆਰੀ ਕਰਦੇ ਤਾਰਿਆਂ ਨੂੰ 'ਵਾਜ ਦੇ ਕੇ ਬੁਲਾ ਲੈਂਦਾ ਏ ਤੇ ਹੌਲੀ ਜਿਹੀ ਆਖਦਾ ਏ:

ਕੱਜਲ ਅੱਖਾਂ ਬੱਦਲਾਂ ਓਹਲੇ
ਜ਼ੁਲਫਾਂ ਖੋਲ੍ਹੇ ਹੌਲੇ ਹੌਲੇ
ਤਨ ਮਾਹੀ ਨੂੰ ਜੱਫੀ ਪਾਵੇ
ਵਰ੍ਹਿਆਂ ਸੁੱਤੇ ਭਾਗ ਜਗਾਵੇ।

2013 'ਚ ਛਪਣ ਵਾਲੀ ਅਜਮਲ ਖ਼ਿਆਲ ਦੀ ਕਿਤਾਬ "ਵਿਧਵਾ ਰੰਗੀ ਮਾਂਗ" ਓਹਦੇ ਇਕਲਾਪੇ ਤੇ ਵਿਛੋੜਿਆਂ ਦੀ ਕਹਾਣੀ ਹੈ। ਇਹ ਕਿਤਾਬ ਨਿੱਕੀਆਂ ਨਿੱਕੀਆਂ ਨਜ਼ਮਾਂ ਦੀ ਸ਼ਕਲ 'ਚ ਵੱਡੇ ਵੱਡੇ ਅਫ਼ਸਾਨੇ ਪੇਸ਼ ਕਰਦੀ ਹੈ।

ਅਜਮਲ ਖ਼ਿਆਲ ਨੇ ਆਪਣੇ ਦਿਲ ਦੇ ਭਾਰ ਨੂੰ ਵੰਡਾਵਣ ਲਈ ਤੇ ਹਯਾਤੀ ਦੇ ਇਕਲਾਪੇ ਨੂੰ ਮਗਰੋਂ ਲਾਹਣ ਲਈ ਕੁਝ ਵਰ੍ਹਿਆਂ ਪਹਿਲੋਂ ਵਿਆਹ ਵੀ ਕਰ ਲੀਤਾ ਹੈ ਤੇ ਨਾਲ਼ ਈ ਸਰਕਾਰੀ ਮੁਲਾਜ਼ਮਤ ਤੋਂ ਰਿਟਾਇਰਮੈਂਟ ਵੀ ਲੈ ਲੀਤੀ ਹੈ। ਇਕੋ ਕਿਤਾਬ ਵਿੱਚ ਆਪਣੇ ਦਿਲ ਦਾ ਸਾਰਾ ਗ਼ੁਬਾਰ ਕੱਢ ਕੇ ਉਹ ਘਰ ਬਹਿ ਗਿਆ ਹੈ। ਹੁਣ ਨਾ ਤਾਂ ਓਹ ਸ਼ਾਇਰਾਂ 'ਚ ਨਜ਼ਰ ਆਂਦਾ ਏ ਤੇ ਨਾ ਹੀ ਓਹਦੀ ਸ਼ਾਇਰੀ ਨਜ਼ਰ ਆਂਦੀ ਏ ਪਰ ਓਹਦੇ ਦਿਲ ਦੀ ਧਰਤੀ 'ਤੇ ਅੱਜ ਵੀ ਆਪਣੇ ਦੇਸ ਦੀ ਮਿੱਟੀ ਲਈ ਢੇਰਾਂ ਦੁਆਵਾਂ ਤੇ ਖ਼ਾਹਿਸ਼ਾਂ ਦੇ ਫੁੱਲ ਖਿੜੇ ਨਜ਼ਰ ਆਂਦੇ ਨੇ:

ਸਾਵੇ ਸਾਵੇ ਮੌਸਮ ਹੋਵਣ
ਹਸਦੇ ਗਾਂਦੇ ਰੁੱਖ।

ਫੁੱਲਾਂ ਵਾਂਗਰ ਧਰਤੀ ਚਹਿਕੇ
ਖਿੜਦੇ ਹੋਵਣ ਮੁੱਖ।
ਅੱਖ ਅੱਖ ਦੇ ਵਿਚ ਸੁਫਨੇ ਫੁੱਟਣ
ਜੀਵਨ ਹੋਵੇ ਸੁੱਖ।
ਝੋਲੀ ਦੇ ਵਿਚ ਖੁਸ਼ੀਆਂ ਵੱਸਣ
ਮੁੱਕਦੇ ਜਾਵਣ ਦੁੱਖ।

□□□

# ਗਵਾਚੇ ਸਿਰਨਾਵਿਆਂ ਦਾ ਗਵਾਚਿਆ ਸ਼ਾਇਰ
# ਅਹਿਮਦ ਰਸ਼ੀਦ ਭੱਟੀ



ਅਸੀਂ ਥਲ ਦੇ ਵਾਸੀ ਆਂ ਰੇਤ ਦੇ ਜ਼ੱਰਿਆਂ ਨੂੰ ਕੁੱਖ 'ਚੋਂ ਜਨਮੇ ਜਵਾਕਾਂ ਨਾਲ਼ੋਂ ਵੱਧ ਪਿਆਰ ਕਰਨੇ ਆਂ। ਇਹ ਥਲ ਦੀਆਂ ਟਿੱਬੀਆਂ ਸੂਰਜ ਦੀ ਭੱਠੀ ਧੁਖਦਿਆਂ-ਧੁਖਦਿਆਂ ਲਾਲ ਅੰਗਾਰਾ ਬਣ ਜਾਂਦੀਆਂ ਨੇ, ਸ਼ਾਮ ਦਾ ਉਦਾਸ ਪਿੰਡਾ ਮਾਯੂਸੀ ਦੇ ਸੇਕ ਨਾਲ਼ ਰੱਤਾ ਲਾਲ ਹੋ ਜਾਂਦਾ ਹੈ। ਉਮੀਦ ਤੇ ਮੁਹੱਬਤ ਦੀਆਂ ਠੰਡੀਆਂ-ਠੰਡੀਆਂ ਪੱਟੀਆਂ ਨਾਲ਼ ਥਲ ਦੇ ਟਿੱਬਿਆਂ ਦਿਆਂ ਮੱਥਿਆਂ 'ਤੇ ਟਕੋਰਾਂ ਕਰਨੀਆਂ ਪੈਂਦੀਆਂ ਨੇ ਫੇਰ ਜਾ ਕੇ ਹੌਲੀ-ਹੌਲੀ ਰਾਤ ਦੇ ਪਰਛਾਵੇਂ ਆਉਂਦੇ ਨੇ ਤੇ ਟਿੱਬਿਆਂ ਦਾ ਤਾਪ ਲੱਥ ਜਾਂਦਾ ਹੈ। ਰਾਤ ਬਰਫ਼ ਦੇ ਪਹਾੜਾਂ ਵਾਗੂੰ ਠੰਡ ਨਾਲ਼ ਕੰਬਣ ਲੱਗ ਪੈਂਦੀ ਏ। ਦੂਰ ਬੱਸ ਥੋੜ੍ਹੀ ਦੂਰ ਡਰਾ ਦੇਣ ਵਾਲੇ ਹਨੇਰਿਆਂ ਦੇ ਸਾਹਮਣੇ ਕੁਝ ਤਾਰੇ ਸੀਨਿਆਂ ਅੰਦਰ ਕਾਲ, ਵਿਛੋੜਾ, ਵਸੇਬ ਤੇ ਮੁਹੱਬਤਾਂ ਦੇ ਦੁੱਖ ਲੁਕੋਈ ਮੋਤੀਏ ਦੇ ਫੁੱਲ ਵਾਂਗੂ ਮੁਸਕਰਾ ਰਹੇ ਹੁੰਦੇ ਹਨ। ਇਹਨਾਂ ਤਾਰਿਆਂ ਦੇ ਮਿੱਠੇ-ਮਿੱਠੇ ਚਾਨਣ ਨਾਲ ਇਕ ਸੋਚ ਦਾ ਬੂਹਾ ਖੁੱਲ੍ਹਦਾ ਹੈ, ਜਿਹਦੇ ਵਿਚ ਆਸਾਂ ਹੀ ਆਸਾਂ, ਉਮੀਦਾਂ ਹੀ ਉਮੀਦਾਂ ਤੇ ਕਿਧਰੇ-ਕਿਧਰੇ ਖ਼ੌਫ਼, ਡਰ ਤੇ ਹਾਰ ਦੇ ਪਰਛਾਵੇਂ ਚਮਗਾਦੜਾਂ ਤੇ ਇੱਲਾਂ ਵਾਗੂੰ ਇਕਦਮ ਸਿਰਾਂ 'ਤੋਂ ਲੰਘ ਕੇ ਦੂਰ ਕਿਤੇ ਹਨੇਰਿਆਂ 'ਚ ਗਵਾਚ ਜਾਂਦੇ ਹਨ।

ਅਹਿਮਦ ਰਸ਼ੀਦ ਭੱਟੀ ਵੀ ਥਲ ਦੇ ਟਿੱਬਿਆਂ ਦੀਆਂ ਰਾਤਾਂ ਦਾ ਇਕ ਚਮਕਦਾ ਤਾਰਾ ਹੈ, ਜਿਹਨੇ 1932 ਵਿਚ ਭਾਰਤ ਦੇ ਸ਼ਹਿਰ ਹੁਸ਼ਿਆਰਪੁਰ ਅੰਦਰ ਅੱਖ ਖੋਲ੍ਹੀ। ਵੰਡ ਮਗਰੋਂ ਪਾਕਿਸਤਾਨ ਆਏ ਤੇ ਬਹਾਵਲਨਗਰ ਦੇ ਸਰਕਾਰੀ ਹਸਪਤਾਲ ਵਿੱਚ ਮੁਲਾਜ਼ਮਤ ਕੀਤੀ। ਥਲ ਦੇ ਟਿੱਬਿਆਂ ਦੇ ਦੁੱਖਾਂ ਨੂੰ ਕਦੀ ਦਿਲ ਵਿੱਚ ਰੱਖਿਆ ਤੇ ਕਦੀ ਹੰਝੂਆਂ ਤੇ ਨਜ਼ਮਾਂ ਰਾਹੀਂ ਵੇਲੇ ਦੀਆਂ ਕੱਚੀਆਂ ਕੰਧਾਂ 'ਤੇ ਲਿਖ ਛੋੜਿਆ।

ਅਹਿਮਦ ਰਸ਼ੀਦ ਭੱਟੀ ਨੇ ਲੋਕਾਂ ਤਰ੍ਹਾਂ ਧੜਾ-ਧੜ, ਬੇਅਸਰ ਤੇ ਬੇਤੁਕੀ ਸ਼ਾਇਰੀ ਕਰਨ ਦੀ ਬਜਾਇ ਅਦਬ ਨੂੰ ਇਕ ਉਮਦਾ ਮਿਆਰ ਤੇ ਇਕ ਵੱਖਰਾ ਮਿਆਰ ਦਿੱਤਾ। 1990 ਵਿਚ ਪਹਿਲਾਂ ਉਹਨਾਂ ਦੀ ਕਿਤਾਬ ਦੇ ਸਰਨਾਵੇਂ ਗਵਾਚੇ ਤੇ ਫਿਰ ਉਹ ਆਪ ਵੀ "ਗਵਾਚ" ਗਏ। ਉਹਨਾਂ ਦੀ ਕਿਤਾਬ "ਗਵਾਚੇ ਸਿਰਨਾਵੇਂ" ਇਕ ਲਾਜਵਾਬ ਤੇ ਹਿਲਾ ਦੇਣ ਵਾਲੀ ਕਿਤਾਬ ਹੈ। ਭਾਵੇਂ ਇਸ ਕਿਤਾਬ ਦੇ

ਸਿਰਨਾਵੇਂ ਕਿਧਰੇ ਗਵਾਚ ਗਏ ਪਰ ਇਹਦੀਆਂ ਨਜ਼ਮਾਂ ਅੱਜ ਵੀ ਚੌਹਾਂ ਪਾਸੇ ਡਰਾ ਦੇਣ ਵਾਲੀਆਂ ਹਨੇਰੀਆਂ ਰਾਤਾਂ 'ਚ ਚੌਦਵੀਂ ਦੇ ਚੰਨ ਵਾਂਗੂੰ ਚਮਕ ਰਹੀਆਂ ਹਨ। ਰਾਤਾਂ ਦਾ ਇਹ ਜੁਗਨੂੰ ਕਦੀ-ਕਦੀ ਬਹੁਤਾ ਈ ਉਦਾਸ ਹੋ ਜਾਂਦਾ ਹੈ ਤੇ ਆਪਣੀ ਲਾਚਾਰੀ, ਬੇਵਸੀ ਤੇ ਆਪਣੇ ਅੰਦਰ ਦੇ ਦੁੱਖਾਂ ਨੂੰ ਅਲਾਮਤਾਂ, ਤਸ਼ਬੀਹਾਂ ਤੇ ਵੱਖਰੀਆਂ ਤਰਕੀਬਾਂ ਭਰੀਆਂ ਨਜ਼ਮਾਂ ਰਾਹੀਂ ਉਲੀਕਣ ਲੱਗ ਪੈਂਦਾ ਹੈ:

ਚੰਨ ਨੇ ਸਾਡੇ ਹਾਸੇ ਲੁੱਟ ਕੇ
ਚਾਂਦੀ ਵਰਗਾ ਰੂਪ ਵਟਾਇਆ
ਲੁੱਟ ਕੇ ਸਾਨੂੰ ਖਿੜ ਖਿੜ ਹੱਸੇ
ਜਗ ਸਾਰੇ ਨੂੰ ਖੁਸ਼ੀਆਂ ਵੰਡੇ
ਕਾਲੀਆਂ ਰਾਤਾਂ ਸਾਡੇ ਅੱਥਰੂ
ਦੁੱਖ ਭਰੀਆਂ ਅੱਖਾਂ 'ਚੋਂ ਚੁੱਕ ਕੇ
ਦੂਰ ਖੇਤਾਂ ਦੇ ਬੰਨਿਆਂ ਉੱਤੇ
ਔਸ ਬਣਾ ਕੇ ਸੁੱਟੇ
ਹੁਣ ਕੀ ਰਹਿ ਗਿਆ ਸਾਡੇ ਪੱਲੇ
ਨਾ ਅੱਥਰੂ ਨਾ ਹਾਸੇ।

ਅਹਿਮਦ ਰਸ਼ੀਦ ਭੱਟੀ ਦੀਆਂ ਨਜ਼ਮਾਂ ਦੇ ਸਿਰਨਾਵੇਂ ਗਵਾਚੇ ਨਹੀਂ ਸਗੋਂ ਉਹਨੇ ਹੱਥੀਂ ਭਖਦੇ ਥਲ ਦੇ ਕਿਸੇ ਟਿੱਬੇ ਅੰਦਰ ਲੁਕਾ ਛੋੜੇ ਨੇ। ਤਾਂ ਕਿ ਆਉਣ ਵਾਲੇ ਵੇਲਿਆਂ ਅੰਦਰ ਆਪਣੀ-ਆਪਣੀ ਮਸਤੀ 'ਚ ਗਵਾਚੇ ਤੇ ਹਰਜਾਈ ਲੋਕਾਂ ਨੂੰ ਜਦੋਂ ਇਹ ਸਿਰਨਾਵੇਂ ਲੱਭਣ ਤੇ ਉਹਨਾਂ ਦੀਆਂ ਅੱਖਾਂ ਅੱਗੇ ਸੱਠ ਤੋਂ ਨੱਬੇ ਦੀਆਂ ਦਹਾਈਆਂ ਦੇ ਉਹ ਸਾਰੇ ਦੁੱਖ ਆ ਜਾਵਣ ਜਿਹੜੇ ਅਹਿਮਦ ਰਸ਼ੀਦ ਭੱਟੀ ਤੇ ਉਹਦੇ ਵਰਗੇ ਜਣਿਆਂ ਨੇ ਝੱਲੇ ਨੇ। ਦੁੱਖ ਭਾਵੇਂ ਹਯਾਤੀ ਦੇ ਨੇ, ਆਲੇ-ਦਵਾਲੇ ਦੇ ਨੇ, ਆਪਣੇ ਜਾਂ ਕਿਸੀ ਹੋਰ ਦੇ ਨੇ ਅਹਿਮਦ ਰਸ਼ੀਦ ਭੱਟੀ ਦੀ ਅੱਖ ਉਹਨਾਂ ਤੋਂ ਕਦੀ ਵੀ ਗਾਫ਼ਿਲ ਨਹੀਂ ਹੋਈ। ਉਹ ਸੱਭੇ ਦੁੱਖਾਂ ਨੂੰ ਗਲ਼ ਨਾਲ਼ ਲਾ ਕੇ ਟੁਰਦਾ ਰਿਹਾ, ਅੱਗੇ ਵਧਦਾ ਰਿਹਾ। ਉਹਦੀਆਂ ਨਜ਼ਮਾਂ ਦੇ ਸਿਰਨਾਵੇਂ ਗਵਾਚੇ ਨਹੀਂ ਪਰ ਉਹਦੇ ਦਿਲ 'ਚੋਂ ਮਿੱਟੀ ਦੀ ਮੁਹੱਬਤ, ਮਿੱਟੀ ਦੀ ਤੜਪ ਤੇ ਮਿੱਟੀ ਦਾ ਦਰਦ ਨਹੀਂ ਗਵਾਚਿਆ। ਆਪਣੇ ਜਿਗਰ ਦਾ ਲਹੂ, ਆਪਣੀ ਅੱਖ ਦਾ ਚਾਨਣ, ਆਪਣੇ ਪਿੰਡੇ ਦਾ ਮਾਸ ਤੇ ਆਪਣੀਆਂ ਨਜ਼ਮਾਂ ਦਾ ਚੜ੍ਹਾਵਾ ਵੀ ਉਸੇ ਮਿੱਟੀ ਦੇ ਪਿੰਡੇ 'ਤੇ ਚਾੜ੍ਹ ਦਿੱਤਾ ਏ ਜਿਸ ਪਿੰਡੇ ਨੂੰ ਕੁੱਤਿਆਂ, ਬਿੱਲੀਆਂ ਤੇ ਜੰਗਲੀ ਜਾਨਵਰਾਂ ਨੇ ਨਹੁੰਦਰਾਂ ਮਾਰ ਮਾਰ ਲਹੂ-ਲੁਹਾਣ ਕਰ ਛੱਡਿਆ:

ਓਸ ਅੰਬੜੀ ਦੇ ਨਾਂ
ਜਿਸ ਦੀ ਕੁੱਖ 'ਚੋਂ ਅਸਾਂ ਨੇ ਪੀਣੀ ਰੱਤ

ਤੇ ਐਸ ਜਹਾਨੇ ਆਏ
ਓਸ ਅੰਬੜੀ ਦੇ ਨਾਂ
ਜਿਸ ਦੇ ਸਿਰ ਤੋਂ ਅਸਾਂ
ਏਹ ਖਿੱਚ ਕੇ ਚਾਦਰ
ਨੰਗੇ ਸਿਰ ਚਾਅ ਕੀਤਾ
ਗਲਮੋਂ ਫੜ ਕੇ ਓਸ ਨੂੰ
ਮੰਡੀ ਵਿੱਚ ਲੈ ਆਏ
ਓਸ ਅੰਬੜੀ ਦੇ ਨਾਂ
ਓਸ ਧਰਤੀ ਦੇ ਨਾਂ।

ਇਕ 'ਤੇ ਥਲ ਦੇ ਟਿੱਬੇ ਉਤੋਂ ਬਾਡਰ ਦੇ ਜਿਹੜੇ ਜਿਥੇ ਗੋਲਿਆਂ, ਤੋਪਾਂ ਤੇ ਜਹਾਜ਼ਾਂ ਦੀਆਂ ਚਿਘਾਂੜਾਂ ਜਿਹਨਾਂ ਵਿੱਚ ਨਕਸ਼ ਹੋ ਗਈਆਂ ਹੋਣ, ਓਥੇ ਪਿਆਰ-ਮੁਹੱਬਤ ਦੀ ਗੱਲ ਬੁੱਲ੍ਹਾਂ 'ਤੇ ਲਿਆਣਾ ਸੌਖੀ ਗੱਲ ਨਹੀਂ ਹੈ ਪਰ ਅਹਿਮਦ ਰਸ਼ੀਦ ਭੱਟੀ ਹੋਰਾਂ ਇਸ ਜਜ਼ਬੇ ਨੂੰ ਵੀ ਬੜੇ ਸੁਥਰੇ ਤੇ ਵੱਖਰੇ ਅੰਦਾਜ਼ ਵਿੱਚ ਉਲੀਕਿਆ ਹੈ:

ਘਰ ਤੇਰੇ ਦੀ ਮਮਟੀ ਉੱਤੇ
ਬੈਠਾ ਹੋਇਆ ਮੋਰ
ਸਾਨੂੰ 'ਕੱਠਿਆਂ ਬੈਠੇ ਵੇਖ ਕੇ
ਇੰਝ ਮਚਾਵੇ ਸ਼ੋਰ
ਜਿਵੇਂ ਤੇਰੇ ਅੰਦਰ ਦਾ ਚੋਰ
ਜਿਵੇਂ ਮੇਰੇ ਅੰਦਰ ਦਾ ਚੋਰ।

ਅਹਿਮਦ ਰਸ਼ੀਦ ਭੱਟੀ ਦਾ ਮੁਸ਼ਾਹਿਦਾ ਹੈ ਕਿ ਸੱਪਾਂ ਦਾ ਕੋਈ ਦੇਸ ਨਹੀਂ ਹੁੰਦਾ ਕਿਸੇ ਵੀ ਥਾਆਰਾਂ, ਕੋਈ ਵੀ ਕਿਸੇ ਵੀ ਵੇਲੇ ਜੂਨ ਵਟਾ ਸਕਦਾ ਹੈ। ਫੇਰ ਭਾਵੇਂ ਤਾਜ ਮਹਿਲ ਦੇ ਵਾਸੀ ਹੋਣ ਜਾਂ ਕੱਚੀਆਂ ਕੰਧਾਂ ਦੇ ਵਸਨੀਕ ਭਾਵੇਂ ਬੁਰਜ ਮਿਨਾਰੇ ਹੋਣ ਜਾਂ ਸਾਡੇ ਥਲ ਦੀਆਂ ਟਿੱਬਿਆਂ 'ਚੋਂ ਜੂਨ ਵਟਾਵਣ ਵਾਲੇ ਜ਼ਹਿਰੀ ਸੱਪ ਡੰਗ ਮਾਰਨ 'ਚ ਭੋਰਾ ਦੇਰ ਨੀ ਕਰਦੇ, ਅਹਿਮਦ ਰਸ਼ੀਦ ਭੱਟੀ ਆਪਣੀ ਹਯਾਤੀ ਦੇ ਹਰ ਸਮੇਂ ਅੰਦਰ ਇਹਨਾਂ ਸੱਪਾਂ ਬਾਰੇ ਸੋਚਦਾ ਰਿਹਾ ਹੈ:

ਸਮੇਂ ਸਮੇਂ ਦੀ ਕੁੱਖ ਨੇ ਜਣਿਆ
ਸੋਨੇ ਰੰਗਾਂ ਜਹਿਰੀ ਸੱਪ
ਸਮੇਂ ਸਮੇਂ ਦੇ ਸੱਪਾਂ ਮੈਨੂੰ
ਕਦਮ ਕਦਮ 'ਤੇ ਡੰਗਿਆ
ਆਪਣੀ ਪੀੜ ਨੂੰ
ਦਿਲ ਵਿੱਚ ਡੱਕ ਕੇ

ਮੈਂ ਵਿਸ ਘੋਲਾਂ
ਚੁੱਪ ਚਪੀਤੇ ਸੋਚੀ ਜਾਵਾਂ
ਐਨਾ ਜ਼ਹਿਰ ਮੈਂ ਕਿੱਥੇ ਵੰਡਾਂ
ਕਿਸ ਨੂੰ ਡੰਗਾਂ।

ਗਰਮ 'ਵਾਵਾਂ ਤੇ ਭਖਦੇ ਟਿੱਬਿਆਂ ਦੇ ਦੁੱਖਾਂ ਨੂੰ ਨਾ ਕੋਈ ਜਾਣ ਸਕਦਾ ਹੈ ਤੇ ਨਾ ਹੀ ਕੋਈ ਜਾਣਨਾ ਚਾਹੁੰਦਾ ਹੈ ਤੇ ਕਿਸੇ ਨੂੰ ਜਾਣਨ ਦੀ ਲੋੜ ਵੀ ਕੀ ਹੈ? ਕਿਹੜੀ ਕੰਧ ਡਿੱਗ ਪਈ ਹੈ, ਕੌਣ ਡੇਗ ਗਿਆ ਏ? ਭੁੱਖ ਚੁੜੇਲ ਨੇ ਕਿੰਨੇ ਪਿੰਡਿਆਂ ਨੂੰ ਦਾਗ਼ਦਾਰ ਕਰ ਛੱਡਿਆ ਤੇ ਕਿੰਨੀਆਂ ਚੁੰਨੀਆਂ ਦੇ ਫੁੱਲ ਹਵਸ ਤੇ ਹਵਸਜ਼ਦਾ ਮੌਸਮ ਵਿੱਚ ਕੁਮਲਾ ਗਏ ਨੇ ਪਰ ਅਹਿਮਦ ਰਸ਼ੀਦ ਭੱਟੀ ਅੰਦਰ ਤੇ ਜਗਦੇ ਤਾਰੇ ਵਾਂਗੂੰ ਜਾਗਦਾ ਰਹਿੰਦਾ ਏ ਤੇ ਹਰ ਦੁੱਖ ਹਰ ਸਿਆਪਾ ਦੇਖਦਾ ਰਹਿੰਦਾ ਹੈ:

ਫੇਰ ਕੋਈ ਕੰਧ ਡਿੱਗੀ ਜੇ
ਫੇਰ ਕਿਸੇ ਦੀ ਚੀਕ ਨੇ ਮੈਨੂੰ
ਸੁਫ਼ਨਿਆਂ ਵਿੱਚੋਂ ਖਿੱਚ ਲਿਆਂਦਾ
ਕੰਧਾਂ ਢਾਹਵਣ ਵਾਲੇ ਲੋਕ
ਹਨੇਰੇ ਬੀਜਣ ਵਾਲੇ ਲੋਕ
ਕਿੱਥੋਂ ਆਏ ਕਿਥੇ ਜਾਸਣ।

ਅਹਿਮਦ ਰਸ਼ੀਦ ਭੱਟੀ ਦੀ ਵੱਡੀ ਗੱਲ ਇਹ ਵੇ ਕਿ ਉਹਨੇ ਆਪਣੀ ਅਵਾਜ਼ ਨੂੰ ਮਰਨ ਨਹੀਂ ਦਿੱਤਾ। ਉਹ ਬੋਲਦਾ ਰਿਹਾ ਹੈ, ਦੱਸਦਾ ਰਿਹਾ ਹੈ ਤੇ ਚੀਕਦਾ ਰਿਹਾ ਕਿ ਇਕ ਦਿਨ ਓਹਦੀ ਅਵਾਜ਼ ਉੱਚੇ ਬੁਰਜ ਮਿਨਾਰੇ ਹਿਲਾ ਦੇਵੇਗੀ ਪਰ ਲੋਕਾਈ ਦੀ ਬੇਹਿਸੀ ਦੇਖ ਕਦੀ-ਕਦੀ ਮਾਯੂਸ ਵੀ ਹੋ ਜਾਂਦਾ ਹੈ:

ਐਸ ਹਨੇਰੀ ਜੂਹ ਵਿੱਚ
ਅੰਨ੍ਹੇ ਬੋਲੇ ਖੂਹ ਵਿੱਚ
ਕਿਉਂ ਪਿਆ ਕੁਰਲਾਵੇਂ
ਕਿਸ ਨੂੰ 'ਵਾਜਾਂ ਮਾਰੇਂ
ਕੌਣ ਸੁਣੇਗਾ ਤੇਰੀ ਦੁਹਾਈ
ਐਸ ਹਨੇਰੀ ਜੂਹ ਵਿੱਚ
ਅੰਨ੍ਹੇ ਬੋਲੇ ਖੂਹ ਵਿੱਚ।

ਸ਼ਾਇਰ ਦਾ ਕੰਮ ਵੀ ਇਹੋ ਈ ਆ ਕਿ ਪੀੜਾਂ ਜਰਦੇ ਰਹਿਣਾ, ਅੱਖ 'ਚੋਂ ਅੱਥਰੂ ਨਾ ਕਿਰਨ ਦੇਣਾ ਸਗੋਂ ਬੁੱਲ੍ਹੀਆਂ 'ਤੇ ਆਸ ਉਮੀਦ ਦੇ ਫੁੱਲ ਹੀ ਸਜਾਈ ਰੱਖਣੇ ਨੇ।

ਅਹਿਮਦ ਰਸ਼ੀਦ ਆਮਦ ਦਾ ਸ਼ਾਇਰ ਹੈ। ਉਹਦੀ ਕਿਤਾਬ "ਗਵਾਚੇ ਸਿਰਨਾਵਿਆਂ" 'ਤੇ ਝਾਤੀ ਪਾਈਏ ਤੇ ਪਤਾ ਚੱਲਦਾ ਹੈ ਕਿ ਕਦੀ-ਕਦੀ ਪੂਰੇ ਸਾਲ ਅੰਦਰ ਇਕੋ ਨਜ਼ਮ ਹੀ ਹੋਈ ਹੈ ਕਿਉਂ ਜੋ ਉਹਨਾਂ ਹਰ ਨਜ਼ਮ ਥੱਲੇ ਉਹਦੀ ਤਾਰੀਖ਼ ਵੀ ਨਾਲ਼ ਲਿਖੀ ਹੈ। ਹਕੀਕਤ ਇਹ ਵੇ ਕਿ ਇਹੋ-ਜਿਹੇ ਸ਼ਾਇਰ ਨਿੱਤ-ਨਿੱਤ ਪੈਦਾ ਨੀ ਹੁੰਦੇ। ਅਹਿਮਦ ਰਸ਼ੀਦ ਭੱਟੀ ਤੇ ਉਹਨਾਂ ਦੇ "ਗਵਾਚੇ ਸਿਰਨਾਵੇਂ" ਬਹਾਵਲਨਗਰ ਦੇ ਨਾਲ਼-ਨਾਲ਼ ਪੂਰੀ ਦੁਨੀਆਂ ਵਿੱਚ ਪੰਜਾਬੀਅਤ ਦਾ ਸਰਮਾਇਆ ਨੇ:

ਸਾਰੇ ਰਿਸ਼ਤੇ ਨਾਤੇ...
ਆਪਣੇ ਆਪਣੇ ਅੰਦਰ
ਵਿਸਾਂ ਘੋਲਣ ਲੱਗ ਪੈਂਦੇ ਨੇ
ਓੜਕ ਏਸ ਧਰਤੀ ਵਿੱਚੋਂ
ਫਨੀਅਰ ਸਿਰੀਆਂ ਕੱਢ ਲੈਂਦੇ ਨੇ।

ਸ਼ੇਅਰਾਂ ਦੇ ਨਾਲ਼-ਨਾਲ਼ ਪੰਜਾਬੀ ਅਦਬ ਨੂੰ ਕਲੇਜਾ ਚੀਰ ਦੇਣ ਵਾਲੀਆਂ ਕਹਾਣੀਆਂ ਦੇਣ ਵਾਲ਼ਾ ਅਹਿਮਦ ਰਸ਼ੀਦ ਭੱਟੀ ਬਹਾਵਲਨਗਰ ਦੇ ਸਰਕਾਰੀ ਹਸਪਤਾਲ ਦੇ ਐਕਸ-ਰੇ ਡਿਪਾਰਟਮੈਂਟ ਵਿਚ ਲੰਮੇ ਅਰਸੇ ਤੱਕ ਆਪਣੀਆਂ ਖਿਦਮਾਤ ਅੰਜਾਮ ਦਿੰਦਾ ਰਿਹਾ। ਮਈ 1990 ਵਿਚ ਚਲਾਣਾ ਕਰ ਗਿਆ।

ਰੱਬ! ਅਹਿਮਦ ਰਸ਼ੀਦ ਭੱਟੀ ਦੇ ਦਰਜ਼ਾਤ ਬੁਲੰਦ ਕਰੇ।

ਆਮੀਨ!

□□□

# ਚੰਨ ਦੇ ਨਾਲ਼ ਸਟਾਪੂ ਖੇਡਦਾ ਸ਼ਾਇਰ
# ਹਸਨ ਇਰਸ਼ਾਦ



ਹਸਨ ਇਰਸ਼ਾਦ ਦਾ ਸ਼ੁਮਾਰ ਬਹਾਵਲਨਗਰ ਦੇ ਉਹਨਾਂ ਸ਼ਾਇਰਾਂ 'ਚ ਹੁੰਦਾ ਹੈ ਜਿਹੜੇ ਆਪਣੀ ਗੱਲ ਨੂੰ ਉਲੀਕਣ ਲਈ ਕਈ-ਕਈ ਦਿਨ ਉਡੀਕਦੇ ਰਹਿੰਦੇ ਨੇ। ਉਦੋਂ ਤੀਕਰ ਗੱਲ ਨੂੰ ਬਾਹਰ ਨਹੀਂ ਕੱਢਦੇ ਜਦੋਂ ਤੀਕਰ ਉਹ ਗੱਲ ਆਪਣੇ ਪੂਰੇ ਰੂਪ ਤੇ ਹਾਰ ਸ਼ਿੰਗਾਰ 'ਚ ਨਾ ਆ ਜਾਵੇ। ਇਕ ਕਦਮ ਚੁੱਕਣ ਤੋਂ ਪਹਿਲਾਂ ਹਜ਼ਾਰ ਵਾਰ ਸੋਚਣਾ ਉਹਦਾ ਖ਼ਾਸਾ ਹੈ, ਇਹੋ ਗੱਲ ਹੈ ਕਿ ਜਿੱਥੇ ਲੋਕੀ ਕਲਮ ਦਵਾਤ ਚੁੱਕ ਕੇ ਸਾਹਵੇਂ ਚਾਹ ਦਾ ਕੱਪ ਧਰ ਕੇ ਤੇ ਦਿਮਾਗ 'ਤੇ ਜ਼ੋਰ ਪਾ ਕੇ ਦਿਨ ਵਿੱਚ ਕਈ-ਕਈ ਗ਼ਜ਼ਲਾਂ ਤੇ ਨਜ਼ਮਾਂ ਲਿਖ ਕੇ ਵਰਕੇ ਭਰ ਕੇ ਕਾਲੇ ਕਰ ਰਹੇ ਨੇ ਉਥੇ ਹਸਨ ਇਰਸ਼ਾਦ ਆਪਣੀਆਂ ਰਗਾਂ ਦਾ ਲਹੂ ਸਾੜ ਕੇ ਰਾਤਾਂ ਦੇ ਜਗਰਾਤੇ ਨੂੰ ਆਪਣੀਆਂ ਅਣਮੁੱਲੀਆਂ ਨਜ਼ਮਾਂ ਤੇ ਗ਼ਜ਼ਲਾਂ ਦੇ ਚਾਨਣ ਵਿੱਚ ਉਤਾਰ ਰਿਹਾ ਹੈ। ਉਸ ਦੀ ਇਕ ਨਜ਼ਮ ਦੇਖੋ:

ਇਕ ਦਿਨ ਖ਼ਬਰਾਂ ਵੇਖਦੇ ਵੇਖਦੇ
ਨਿੱਕਾ ਪੁੱਤਰ ਪੁੱਛਣ ਲੱਗਾ
ਅੱਬਾ ਜੀ ਇਹ ਸਾਰੇ ਮੀਏਂ ਉਸ ਮੀਏਂ ਦੇ ਕੀ ਲੱਗਦੇ ਨੇ ?
ਜਿਹਨੂੰ ਕਹੀਏ ਅੱਲਾ ਮੀਆਂ।

ਹਸਨ ਇਰਸ਼ਾਦ 1975 ਵਿੱਚ ਪੈਦਾ ਹੋਇਆ। ਇਬਤਦਾਈ ਤਾਲੀਮ ਤੋਂ ਬਾਅਦ ਕਾਫੀ ਅਰਸਾ ਮਿਹਨਤ ਮਜ਼ਦੂਰੀ ਕਰਦਾ ਰਿਹਾ ਪਰ ਕਿਤਾਬਾਂ ਨਾਲ਼ ਤਾਅਲੁਕ ਜਨੂੰਨ ਦੀ ਹੱਦ ਤੱਕ ਸੀ, ਉਹਦਾ ਅਦਬੀ ਸ਼ੌਂਕ ਦੇਖ ਕੇ ਲੱਗਦਾ ਸੀ ਕਿ ਉਹ ਜੰਮਿਆਂ ਹੀ ਕਿਤਾਬਾਂ ਪੜ੍ਹਨ ਲਈ ਹੈ। ਇਹ ਵੱਖਰੀ ਗੱਲ ਹੈ ਕਿ ਭੁੱਖ, ਕਾਲ ਤੇ ਹਯਾਤੀ ਦੀਆਂ ਪੀੜਾਂ ਬੰਦੇ ਨੂੰ ਅਜਿਹੇ ਸੰਗਲਾਂ 'ਚ ਬੰਨ੍ਹ ਲੈਂਦੀਆਂ ਹਨ ਕਿ ਸ਼ੀਸ਼ੇ ਦਾ ਬੁੱਤ ਸਾਰੀ ਜ਼ਿੰਦਗੀ ਇਹਨਾਂ ਜ਼ੰਜੀਰਾਂ ਦੀ ਕੈਦ 'ਚੋਂ ਬਾਹਰ ਨਹੀਂ ਆ ਸਕਦਾ ਪਰ ਇਹ ਹਸਨ ਇਰਸ਼ਾਦ ਜਿਹੇ ਜਨੂੰਨੀ ਬੰਦੇ ਦਾ ਹੀ ਕੰਮ ਸੀ ਕਿ ਉਹਨੇ ਉਸ ਔਖੇ ਵੇਲੇ 'ਚ ਵੀ ਕਿਤਾਬ ਨਾਲੋਂ ਮੁਹੱਬਤ ਨਹੀਂ ਛੱਡੀ।

ਹਸਨ ਇਰਸ਼ਾਦ ਨੇ ਆਪਣੇ ਕਰੀਬੀ ਦੋਸਤਾਂ ਨਾਲ਼ ਰਲ਼ ਕੇ ਬਹਾਵਲਨਗਰ

'ਚ ਇਕ ਅਦਬੀ ਤਨਜ਼ੀਮ ਹਲਕਾ "ਤਹਿਰੀਰ-ਏ-ਤਨਕੀਦ" ਦੀ ਨੀਂਹ ਰੱਖੀ ਜਿਹਦੇ ਵਿਚ ਨੌਜਵਾਨਾਂ ਨੂੰ ਅਦਬ ਨਾਲ਼ ਮੁਹੱਬਤ ਦੀ ਦਾਅਵਤ ਦਿੱਤੀ ਗਈ, ਹਫ਼ਤਾਵਾਰ ਤਨਕੀਦੀ ਇਜਲਾਸ ਰੱਖੇ ਗਏ, ਸ਼ਾਇਰੀ, ਅਫ਼ਸਾਨਾ ਤੇ ਅਦਬ ਦੀਆਂ ਦੂਜੀਆਂ ਸ਼ਕਲਾਂ 'ਤੇ ਭਰਵੀਂ ਗੱਲਬਾਤ ਕੀਤੀ ਗਈ। ਮੈਂ ਸਮਝਦਾ ਹਾਂ ਕਿ ਉਹ ਉਸ ਵਕਤ ਜਦੋਂ ਵੱਡੇ-ਵੱਡੇ ਅਦਬ ਦੇ ਉਸਤਾਦ ਆਪਣੀਆਂ ਬੈਠਕਾਂ ਤੇ ਆਪਣੇ ਅਸਤਾਨਿਆਂ ਤੋਂ ਬਾਹਰ ਨਿਕਲਣ ਨੂੰ ਗੁਨਾਹ ਸਮਝਦੇ ਸੀ ਉਦੋਂ ਹਸਨ ਇਰਸ਼ਾਦ ਨੇ ਇਹ ਅਦਬੀ ਹਲਕਾ ਬਣਾ ਕੇ ਬਹਾਵਲਨਗਰ ਦੇ ਹਨੇਰਿਆਂ 'ਚ ਨਵੇਂ ਲਿਖਾਰੀਆਂ ਲਈ ਆਸ ਤੇ ਉਮੀਦ ਦਾ ਇਕ ਦੀਵਾ ਬਾਲ ਦਿੱਤਾ। ਹਸਨ ਇਰਸ਼ਾਦ ਪੰਜਾਬੀ ਤੇ ਉਰਦੂ ਜ਼ੁਬਾਨ ਵਿੱਚ ਸ਼ੇਅਰ ਕਹਿੰਦਾ ਹੈ ਉਹਦੀ ਨਜ਼ਮ ਤੇ ਗ਼ਜ਼ਲ ਦੇ ਨਾਲ਼-ਨਾਲ਼ ਪੰਜਾਬੀ "ਬੋਲੀ" ਬੜੀ ਨਵੇਕਲੀ ਤੇ ਸੋਹਣੀ ਹੈ, ਹਸਨ ਇਰਸ਼ਾਦ ਦੀਆਂ ਕੁਝ ਬੋਲੀਆਂ ਵੇਖੋ:

ਚੰਨ ਨਾਲ਼ ਸਟਾਪੂ ਖੇਡਾਂ
ਜੇ ਮਾਹੀਆ ਮੈਨੂੰ ਵੇਖਦਾ ਹੋਵੇ।

ਤੂੰ ਨੀ ਜਾਣਦੀ ਵਲਾਵੇਂ ਪੱਗ ਦੇ
ਨੀ ਸਿੱਧਾ ਪੱਲਾ ਲੈਣ ਵਾਲੀਏ।

ਖਿੜੇ ਬਾਗ਼ਾਂ ਵਿੱਚੋਂ ਕੋਇਲ ਬੋਲੀ
ਮੈਂ ਖੱਬੇ ਪਾਸੇ ਚੀਰ ਕੱਢਿਆ।

ਹਸਨ ਇਰਸ਼ਾਦ ਦੇ ਸ਼ੇਅਰਾਂ ਦਾ ਰੰਗ ਅੱਜ ਤੋਂ 20 ਸਾਲ ਪਹਿਲਾਂ ਵੀ ਭਰਵਾਂ ਸੀ ਤੇ ਅੱਜ ਵੀ ਉਹਦੇ ਸ਼ੇਅਰਾਂ 'ਚ ਉਹੋ ਤਾਜ਼ਗੀ ਤੇ ਨਵਾਂਪਣ ਮਹਿਸੂਸ ਹੁੰਦਾ ਹੈ।

ਹਸਨ ਇਰਸ਼ਾਦ ਨੇ ਕਿਤਾਬਾਂ ਨਾਲ਼ ਦੋਸਤੀ ਛੱਡੀ ਨਹੀਂ ਸਗੋਂ ਦਾਲ ਰੋਟੀ ਦੇ ਨਾਲ਼-ਨਾਲ਼ ਆਪਣੇ ਪੜ੍ਹਨ ਦੇ ਸ਼ੌਂਕ ਨੂੰ ਵੀ ਜਾਰੀ ਰੱਖਿਆ, ਤੁਸੀਂ ਹੈਰਾਨ ਹੋਵੋਂਗੇ ਕਿ ਉਹਨੇ ਇਕ ਲੰਮਾ ਪੈਂਡਾ ਕੱਟਣ ਦੇ ਬਾਅਦ ਆਪਣੀ ਪੜ੍ਹਾਈ ਦੇ ਸੌਂਕ ਨੂੰ ਦੁਬਾਰਾ ਸ਼ੁਰੂ ਕਰਕੇ ਮੈਟ੍ਰਿਕ ਕੀਤਾ, ਪੰਜਾਬੀ ਫ਼ਾਜ਼ਿਲ ਕੀਤਾ, ਗਰੈਜੂਏਸ਼ਨ, ਉਰਦੂ ਲਿਟਰੇਚਰ 'ਚ ਮਾਸਟਰਜ਼ ਤੇ ਫੇਰ ਗੱਲ ਇਥੇ ਨਹੀਂ ਮੁੱਕਦੀ ਉਹਨੇ ਐਮ.ਫਿਲ. ਕਰਕੇ ਕਈ ਕਾਲਜਿਜ਼ 'ਚ ਬਤੌਰ ਵਿਜ਼ਟਿੰਗ ਲੈਕਚਰਾਰ ਪੜ੍ਹਾਉਣਾ ਵੀ ਸ਼ੁਰੂ ਕਰ ਦਿੱਤਾ। ਕਈ ਦੋਸਤਾਂ ਦੀਆਂ ਕਿਤਾਬਾਂ ਛਪਵਾਉਣ 'ਚ ਰਹਿਨੁਮਾਈ ਕਰਨ ਵਾਲੇ ਹਸਨ ਇਰਸ਼ਾਦ ਦੀਆਂ ਆਪਣੀਆਂ ਕਿਤਾਬਾਂ ਹਰ ਸਾਲ ਛਾਪੇ ਚੜ੍ਹਨ ਦੇ ਮਰਹਲੇ ਤੱਕ ਪਹੁੰਚ ਜਾਂਦੀਆਂ ਹਨ ਫੇਰ ਖ਼ੌਰੇ ਉਹਦੀ ਹਰ ਕੰਮ 'ਚ ਅਹਿਤੀਆਤ ਰਸਤੇ 'ਚ ਆ ਜਾਂਦੀ ਹੈ ਪਰ ਹੁਣ ਉਮੀਦ ਹੈ ਕਿ ਇਸੇ ਸਾਲ ਉਹਦੀ ਉਰਦੂ ਦੀ ਇਕ

ਕਿਤਾਬ, "ਸੁਰਖੀ ਹੈ ਅਭੀ ਸ਼ਾਮ ਮੇਂ ਬਾਕੀ" ਤੇ ਦੂਜੀ ਪੰਜਾਬੀ ਕਿਤਾਬ "ਹਿਜਰ ਦੇ ਸਿਉਂਕ" ਛਾਪੇ ਚੜ੍ਹ ਜਾਵੇਗੀ।

ਅੰਤ 'ਤੇ ਹਸਨ ਇਰਸ਼ਾਦ ਦੇ ਉਸ ਖ਼ਾਸ ਡਿਕਸ਼ਨ ਨੂੰ ਵੇਖਦੇ ਹਾਂ ਜਿਹਦੇ ਨਾਲ਼ ਉਹ ਨਜ਼ਮ ਤੇ ਉਹਦੇ ਪੜ੍ਹਨ ਵਾਲਿਆਂ ਨੂੰ ਨਸ਼ੀਲੇ ਬੱਦਲਾਂ 'ਚ ਲੈ ਜਾਂਦਾ ਹੈ:

ਜਾਂ ਫਿਰ ਉਥੇ ਜਿੱਥੇ ਪੰਘਰਣ
ਬਰਫ਼ਾਂ ਦੇ ਵੀ ਅੱਥਰੂ
ਬੋਤਲ ਦੇ ਕੱਚ ਸ਼ੀਸ਼ੇ ਢੱਕੇ
ਜਿੱਥੇ ਤਿੰਨ ਦਰਿਆ
ਜਾਂ ਫਿਰ ਓਸ ਸਮੁੰਦਰ ਕੰਢੇ
ਰਿਜ਼ਕ ਦੀ ਅੰਨ੍ਹੀ ਵਾਛੜ ਵਿਚ ਵੀ
ਤੁਪਕਾ ਤੁਪਕਾ ਪਾਣੀ ਚੱਟਣ।


ਸ਼ੀਸ਼ੇ ਦੀ ਬੋਤਲ ਨਾਲ਼ ਤਿੰਨ ਦਰਿਆਵਾਂ ਨੂੰ ਡੱਕਣਾ, ਬਰਫਾਂ ਦੇ ਅੱਥਰੂਆਂ ਦਾ ਪੰਘਰਣਾਂ, ਸਮੁੰਦਰਾਂ ਦੇ ਕੰਢੇ ਵੀ ਤੁਪਕਾ ਤੁਪਕਾ ਪਾਣੀ ਚੱਟਣਾ ਹਸਨ ਇਰਸ਼ਾਦ ਜਿਹੀ ਡੂੰਘੀ ਅੱਖ ਰੱਖਣ ਵਾਲ਼ਾ ਸ਼ਾਇਰ ਹੀ ਦੇਖ ਸਕਦਾ ਹੈ। ਰਿਜ਼ਕ ਦੇ ਵਰਤਾਵੇ ਬਾਰੇ ਅੰਬਰਾਂ ਵੱਲ ਦੇਖਦਾ ਹਸਨ ਇਰਸ਼ਾਦ ਗੱਲ ਇਥੇ ਮੁਕਾਉਂਦਾ ਨਹੀਂ ਸਗੋਂ ਆਪਣੀ ਗੱਲ ਨੂੰ ਹੋਰ ਅੱਗੇ ਟੋਰਦਿਆਂ ਆਖਦਾ ਹੈ ਕਿ:

ਜਾਂ ਫੇਰ ਓਸ ਕੋਠੇ ਵਿੱਚ ਜਿੱਥੇ
ਅੱਧੇ ਗੋਲ ਘਤੇਰੇ ਬੈਠੇ ਲਾਈਨਾਂ ਲਾ ਕੇ
'ਲੀਕੀ ਜਾਵਣ ਕਿਸਮਤ ਸਾਡੀ
ਐਨੇ ਸਾਰੇ ਹੱਥਾਂ ਵਿੱਚੋਂ
ਤੇਰਾ ਹੱਥ ਮੈਂ ਕਿਉਂ ਪਛਾਣਾਂ।

ਰੱਬ ਹਸਨ ਇਰਸ਼ਾਦ ਤੇ ਉਹਦੀ ਅਦਬੀ ਖ਼ਿਦਮਾਤ ਨੂੰ ਸਲਾਮਤ ਰੱਖੇ।

□□□

# ਦਿਲਾਂ ਦੇ ਤਾਰ ਹਿਲਾ ਦੇਣ ਵਾਲ਼ਾ ਸ਼ਾਇਰ
# ਅਫ਼ਜ਼ਲ ਰਾਜਪੂਤ



ਨਜ਼ਮ ਉਸ ਅੱਲ੍ਹੜ ਮੁਟਿਆਰ ਤਰ੍ਹਾਂ ਹੁੰਦੀ ਹੈ ਜਿਹਦੇ ਅੰਗ-ਅੰਗ ਅੰਦਰ ਜਵਾਨੀ ਦਾ ਲਹੂ ਠਾਠਾਂ ਮਾਰ ਰਿਹਾ ਹੁੰਦਾ ਹੈ। ਪਿੰਡ ਦੀ ਸਿੱਧੀ ਸਾਦੀ ਮੁਟਿਆਰ ਵਾਂਗਰ ਜਦੋਂ ਇਕ ਨਜ਼ਮ ਦੇ ਮੱਥੇ 'ਤੇ ਚੰਦ ਦਾ ਟਿੱਕਾ ਲੱਗ ਜਾਵੇ, ਕੰਨਾਂ ਵਿੱਚ ਤਾਰਿਆਂ ਵਰਗੀਆਂ ਲਿਸ਼ਕਦੀਆਂ ਵਾਲੀਆਂ ਹੋਣ, ਤਿੱਖੇ ਨੱਕ ਵਿੱਚ ਪਹਿਲੇ ਪਿਆਰ ਦੀ ਨਥਲੀ ਹੋਵੇ, ਬੁੱਲ੍ਹੀਆਂ 'ਤੇ ਸੁਰਖ਼ ਗੁਲਾਬਾਂ ਦਾ ਰਸ, ਬਾਹਵਾਂ ਵਿਚ ਮਾਸੂਮ ਮੁਹੱਬਤਾਂ ਦੇ ਕੰਙਣ, ਅੱਖਾਂ ਵਿੱਚ ਹਨੇਰੀਆਂ ਰਾਤਾਂ ਦੇ ਕੱਜਲ ਤੇ ਸ਼ੀਸ਼ੇ ਵਰਗੇ ਪਿੰਡੇ ਉੱਤੇ ਅਲਾਮਤਾਂ, ਤਸ਼ਬੀਹਾਂ ਤੇ ਤਲਮੀਹਾਂ ਦੇ ਸੱਜਰੇ ਰੰਗ ਸਜਾ ਦਿੱਤੇ ਜਾਣ ਤੇ ਇਹੋ ਨਜ਼ਮ ਪਹਿਲੀ ਰਾਤ ਦੀ ਵਹੁਟੀ ਤਰ੍ਹਾਂ ਰਾਤ ਦੇ ਹਨੇਰਿਆਂ 'ਚ ਚੌਦਵੀਂ ਦੇ ਚੰਨ ਵਾਂਗੂੰ ਲਿਸ਼ਕਾਰੇ ਮਾਰਨ ਲੱਗ ਪੈਂਦੀ ਹੈ। ਸਾਂਵਲੀ ਸਲੋਨੀ ਜਿਹੀ ਮੁਟਿਆਰ ਦੇ ਨੈਣ ਨਕਸ਼ ਤਿੱਖੀਆਂ ਤਲਵਾਰਾਂ ਬਣ ਕੇ ਸਿੱਧਿਆਂ ਦਿਲ ਵਿੱਚ ਉਤਰ ਜਾਂਦੀਆਂ ਹਨ। ਇਹੋ ਹੀ ਇਕ ਸੋਹਣੀ ਤੇ ਜਜ਼ਬਿਆਂ 'ਚ ਭਰੀ ਨਜ਼ਮ ਦੀ ਖ਼ਾਸੀਅਤ ਹੈ।

ਬਹਾਵਲਨਗਰ ਸ਼ਹਿਰ ਅੰਦਰ ਇਕ ਰਾਜਪੂਤ ਹੈ, ਨਸ਼ੀਲੀਆਂ ਅੱਖਾਂ ਵਾਲ਼ਾ ਰਾਜਪੂਤ। ਲਾਲ ਰੰਗ ਤੇ ਨਵਾਬੀ ਟੌਹਰ ਵਾਲ਼ਾ ਰਾਜਪੂਤ, ਇਹਨੂੰ ਅਫ਼ਜ਼ਲ ਰਾਜਪੂਤ ਕਹਿੰਦੇ ਹਨ। ਅਫ਼ਜ਼ਲ ਰਾਜਪੂਤ ਅਗਸਤ 1955 'ਚ ਪੈਦਾ ਹੋਇਆ ਤੇ ਮੁਢਲੀ ਤਾਲੀਮ ਬਹਾਵਲਨਗਰ ਤੋਂ ਹਾਸਿਲ ਕਰਕੇ 1971 ਵਿੱਚ ਸਾਦਿਕ ਪਬਲਿਕ ਸਕੂਲ ਬਹਾਵਲਪੁਰ 'ਚੋਂ ਸੀਨੀਅਰ ਕੈਂਬਰਿਜ ਦਾ ਇਮਤਿਹਾਨ ਪਾਸ ਕੀਤਾ ਅਤੇ 1981 'ਚ ਬਹਾਵਲਨਗਰ ਸਰਕਾਰੀ ਕਾਲਜ 'ਚੋਂ ਗਰੈਜੂਏਸ਼ਨ ਹਾਸਿਲ ਕੀਤੀ ਤੇ ਫੇਰ ਕੰਮਕਾਰ ਲਈ ਅਮਰੀਕਾ ਚਲੇ ਗਏ ਤੇ ਕਾਫੀ ਵਰ੍ਹਿਆਂ ਬਾਅਦ ਅੱਜਕੱਲ੍ਹ ਫੇਰ ਬਹਾਵਲਨਗਰ 'ਚ ਹਨ।

ਅਫ਼ਜ਼ਲ ਰਾਜਪੂਤ ਜਦੋਂ ਕਲਮ ਚੁੱਕਦਾ ਹੈ ਤਾਂ ਮਾਯੂਸੀ ਦੇ ਪਰਛਾਵੇਂ ਡੁੱਬ ਜਾਂਦੇ ਨੇ ਤੇ ਮੁਹੱਬਤਾਂ ਦੇ ਸੂਰਜ ਜਾਗ ਪੈਂਦੇ ਨੇ। ਚਾਰੋਂ ਪਾਸੇ ਚਾਨਣ ਹੀ ਚਾਨਣ ਹੋ ਜਾਂਦਾ ਹੈ, ਮੁਹੱਬਤਾਂ ਦਾ ਚਾਨਣ, ਆਸ ਤੇ ਉਮੀਦ ਦਾ ਚਾਨਣ, ਸ਼ਊਰ ਦਾ ਚਾਨਣ, ਹਵਾਵਾਂ ਵਿਚ ਉੱਡਦਾ ਚਾਨਣ, ਬੱਦਲਾਂ ਵੱਲ ਨੱਸਦਾ ਚਾਨਣ, ਬਾਗ਼ਾਂ ਵਿਚ ਹੱਸਦਾ ਚਾਨਣ,

ਦਿਲਾਂ ਵਿਚ ਵੱਸਦਾ ਚਾਨਣ, ਭੁੱਲਿਆਂ ਨੂੰ ਰਾਹਵਾਂ ਦੱਸਦਾ ਚਾਨਣ।

ਅਫ਼ਜ਼ਲ ਰਾਜਪੂਤ ਮੁਹੱਬਤਾਂ ਦਾ ਸ਼ਾਇਰ ਹੈ, ਇਹ ਰਾਜਾ ਏ ਪੰਜ ਦਰਿਆਵਾਂ ਦਾ, ਕਲਮ ਚੁੱਕਦਾ ਹੈ ਤਾਂ ਅੱਖਰ ਇਹਦੇ ਸਾਹਵੇਂ ਲਾਈਨ ਬਣਾਈ ਨੀਵੀਂ ਪਾਈ ਹੱਥ ਬੰਨ੍ਹ ਕੇ ਖਲੋ ਜਾਂਦੇ ਨੇ ਤੇ ਜਿਹਨੂੰ ਚਾਹਵੇ ਜਿੱਥੇ ਚਾਹਵੇ ਜਦੋਂ ਚਾਹਵੇ ਅਜਿਹੇ ਚੱਜ ਨਾਲ਼ ਵਰਤਦਾ ਹੈ ਕਿ ਪੜ੍ਹਿਆਰ ਦੰਦਾਂ ਹੇਠ ਉਂਗਲਾਂ ਦੇ ਕੇ ਹੈਰਤ ਦੇ ਸਮੁੰਦਰ ਵਿੱਚ ਗ਼ੋਤੇ ਖਾਂਦਾ ਡੁੱਬ ਜਾਂਦਾ ਹੈ:

ਰਾਤ ਪਈ ਤੇ ਸਮਝੇ ਤੇਰੀਆਂ
ਮਹਿਕੀਆਂ ਜ਼ੁਲਫ਼ਾਂ ਖੁੱਲ੍ਹੀਆਂ ਨੇ
ਫੁੱਲ ਖਿੜੇ ਤੇ ਸਮਝੇ ਤੇਰੀਆਂ
ਸੂਹੀਆਂ ਸੂਹੀਆਂ ਬੁੱਲ੍ਹੀਆਂ ਨੇ
ਵਿਚ ਹਵਾ ਦੇ ਸ਼ਹਿਤੋਂ ਮਿੱਠੀਆਂ
ਖ਼ੁਸ਼ਬੂਆਂ ਵੀ ਡੁੱਲ੍ਹੀਆਂ ਨੇ
ਦਰਦ ਦਿਲਾਂ ਦੇ ਦਿਲ ਦੇ ਅੰਦਰ
ਰੋਜ਼ ਦਬਾਉਣੇ ਪੈਂਦੇ ਨੇ
ਦਿਲ ਤੇ ਬਾਲ ਸਮਝਦੇ ਤੇ ਨਈਂ
ਪਰ ਸਮਝਾਣੇ ਪੈਂਦੇ ਨੇ।

ਇਹ ਅਣਮੁੱਲਾ ਪੰਜਾਬੀ ਸੇਵਕ ਸੁੱਚਲ ਜਜ਼ਬਿਆਂ ਦਾ ਸ਼ਾਇਰ ਹੈ। ਇਹਦੀ ਨਜ਼ਮ ਪੜ੍ਹ ਕੇ ਜ਼ੁਬਾਨ ਤਾਜ਼ਾ ਮੱਖਣ ਤਰ੍ਹਾਂ ਤਿਲਕਦੀ ਜਾਂਦੀ ਹੈ। ਨਜ਼ਮ ਪੜ੍ਹੋ ਤੇ ਰਵਾਨੀ ਹੀ ਰਵਾਨੀ, ਅਲਾਮਤਾਂ ਹੀ ਅਲਾਮਤਾਂ, ਤਸ਼ਬੀਹਾਂ ਹੀ ਤਸ਼ਬੀਹਾਂ, ਸਿੱਧੀ ਗੱਲ ਤੇ ਠਾਹ ਸੀਨੇ ਵਿਚ ਵੱਜਣ ਵਾਲੀ ਗੱਲ, ਕੋਈ ਭੁਲੇਖੇ ਨਹੀਂ, ਕੋਈ ਗੁੰਝਲਾਂ ਨਹੀਂ, ਕੋਈ ਜ਼ਾਲ ਨਹੀਂ, ਕੋਈ ਚਾਲ ਨਹੀਂ, ਕੋਈ ਮਕਰ ਨਹੀਂ, ਕੋਈ ਫ਼ਰੇਬ ਨਹੀਂ ਜੋ ਦਿਲ ਵਿਚ ਆਇਆ ਉਹੀ ਲਿਖ ਛੱਡਿਆ:

ਜਦੋਂ ਬੋਤਲ ਸਾਹਮਣੇ ਆ ਜਾਵੇ
ਸੌ ਰੂਪ ਤੇਰੇ ਉਹ ਧਾਰਦੀ ਏ।
ਕਦੀ ਝੜੀ ਏ ਲਾਲ ਗੁਲਾਬਾਂ ਦੀ
ਕਦੀ ਕਾਟ ਤਿੱਖੀ ਤਲਵਾਰ ਦੀ ਏ।
ਕਦੇ ਜਗ ਰੁਸ਼ਨਾਂਦੀ ਮੁੱਖ ਵਾਂਗੂੰ
ਕਦੀ ਜ਼ੁਲਫ਼ ਇਹ ਨ੍ਹੇਰ ਖਲਾਰਦੀ ਏ।
ਸਾਰੇ ਜਗ ਤੋਂ ਵੱਖਰੀ ਪ੍ਰੀਤ ਤੇਰੀ
ਨਾ ਡੁੱਬਦੀ ਏ ਨਾ ਤਾਰਦੀ ਏ।

ਅਫ਼ਜ਼ਲ ਰਾਜਪੂਤ ਅੱਜ ਦੇ ਐਵਾਰਡਾਂ ਤੇ ਤਮਗਿਆਂ ਨੂੰ ਕੱਖ ਨਹੀਂ ਸਮਝਦਾ

ਪਰ ਬਹਾਵਲਨਗਰ ਦੀ ਮਿੱਟੀ ਦੇ ਇਸ਼ਕ 'ਚ ਡੁੱਬ ਕੇ ਜਦੋਂ ਵੀ ਨਜ਼ਮਾਂ ਤੇ ਅਫ਼ਸਾਨੇ ਲਿਖਦਾ ਹੈ, ਪਿਆਰ ਤੇ ਮੁਹੱਬਤਾਂ ਦੇ ਜਜ਼ਬੇ, ਐਵਾਰਡ ਤੇ ਤਮਗੇ ਬਣ-ਬਣ ਪੈਰੀਂ ਆਣ ਡਿੱਗਦੇ ਨੇ। ਸਤਾਰਾਂ ਸਾਲ ਅਮਰੀਕਾ ਰਹਿ ਕੇ ਵੀ ਅਫ਼ਜ਼ਲ ਰਾਜਪੂਤ ਦੀਆਂ ਅੱਖਾਂ 'ਚੋਂ ਪੰਜਾਬ ਦੇ ਰੰਗ ਨਹੀਂ ਗਏ। ਖ਼ਬਰੇ ਇਹ ਪੰਜਾਬ ਦਾ ਇਸ਼ਕ ਹੈ, ਮਿੱਟੀ ਦੀ ਮੁਹੱਬਤ ਹੈ ਜਾਂ ਫਿਰ ਗੁਜ਼ਰੇ ਵੇਲੇ ਦੀ ਤਸਵੀਰ ਸਾਹਵਾਂ ਦੇ ਵਾ-ਵਰੋਲੇ ਅੰਦਰ ਫਸ ਕੇ ਰਹਿ ਗਈ ਹੈ:

ਕਦੇ ਐਸ ਤਰ੍ਹਾਂ ਵੀ ਹੋਏ
ਮੈਂ ਐਧਰ ਓਹਦਾ ਸੋਚਾਂ
ਓਹ ਓਧਰ ਆਣ ਖਲੋਏ
ਮੈਂ ਨ੍ਹੇਰੇ ਦੇ ਵਿੱਚ ਹੋਵਾਂ
ਓਹ ਆਵੇ ਲੋਏ ਲੋਏ
ਮੈਂ ਕੰਡਿਆਂ ਦੇ ਵਿੱਚ ਤੁੱਲਾਂ
ਓਹ ਲਾਲ ਗੁਲਾਬ ਪਰੋਏ
ਕਦੇ ਐਸ ਤਰ੍ਹਾਂ ਵੀ ਹੋਏ
ਮੈਂ ਝੂਠੇ ਹਾਸੇ ਹੱਸਾਂ
ਓਹ ਅੰਦਰੋਂ ਅੰਦਰੀ ਰੋਏ
ਮੈਂ ਲਫ਼ਜ਼ ਹਵਾ 'ਤੇ ਲਿਖਾਂ
ਓਹ ਆਪਣੇ ਵਿਚ ਸਮੋਏ
ਬੱਸ ਹੋਠਾਂ ਉੱਤੇ ਰੱਖ ਦੇ
ਓਹ ਨੈਣਾਂ ਖੋਏ ਖੋਏ
ਕਦੀ ਐਸ ਤਰ੍ਹਾਂ ਵੀ ਹੋਏ
ਮੈਂ ਪਹਿਲਾ ਜਾਮ ਚੜ੍ਹਾਵਾਂ
ਓਹ ਗੀਤ ਗੁਲਾਬੀ ਛੋਏ
ਸਾਡੇ ਹੋਵਣ ਦਾ ਕੀ ਸੱਜਣੋਂ
ਅਸਾਂ ਹੋਏ ਜਾਂ ਨਾ ਹੋਏ।

ਇਸ਼ਕ ਤੇ ਮੁਸ਼ਕ ਨੂੰ ਜਿੰਨਾ ਨੱਪੋਗੇ ਓਨਾ ਪੁੰਗਰ ਕੇ ਸਾਹਮਣੇ ਆਏਗਾ। ਅਫ਼ਜ਼ਲ ਰਾਜਪੂਤ ਇਸ਼ਕ 'ਚ ਡੁੱਬਿਆ ਉਹ ਸ਼ਾਇਰ ਹੈ ਜੋ ਨਜ਼ਮਾਂ ਲਿਖਦਾ ਹੈ। ਅੱਖਾਂ ਮੀਟ ਕੇ ਨਜ਼ਮ ਦੀ ਪਹਿਲੀ ਲਾਈਨ ਪੜ੍ਹਦਾ ਹੈ, ਮਸਤ ਹਵਾਵਾਂ ਦੀ ਉਂਗਲ ਫੜਦਾ ਹੈ, ਬੱਦਲਾਂ ਦੇ ਤਖ਼ਤ 'ਤੇ ਬੈਠੀ ਰਾਣੀ ਦੇ ਕੰਨਾਂ ਦੇ ਨੇੜੇ ਮੂੰਹ ਕਰਕੇ ਕਹਿੰਦਾ ਹੈ:

ਹਿਜਰ ਕਿਨਾਰੇ ਬੈਠ ਕੇ
ਅਸਾਂ ਲਿਖੇ ਵਸਲ ਗੁਲਾਬ
ਕਬਰ ਕਿਨਾਰੇ ਬੈਠ ਕੇ
ਅਸਾਂ ਲਿਖੇ ਜੀਵਣ ਖ਼ਾਬ।

ਬੇਸਾਖ਼ਤਗੀ ਤੇ ਦਰਿਆਵਾਂ ਦੀ ਰਵਾਨੀ ਅਫ਼ਜ਼ਲ ਰਾਜਪੂਤ ਦੀ ਸ਼ਾਇਰੀ ਦਾ ਖ਼ਾਸਾ ਹੈ। ਮੁਹੱਬਤਾਂ ਵਰਗੀ ਪਾਕ ਤੇ ਪਾਣੀ ਵਰਗੀ ਸਾਫ਼ ਸ਼ਾਇਰੀ ਅੰਦਰ ਜਦੋਂ ਤਸ਼ਬੀਹਾਂ ਤੇ ਅਲਾਮਤਾਂ ਦੇ ਸ਼ਰਬਤ ਪਾ ਦਿੱਤੇ ਜਾਵਣ ਤੇ ਗੱਲ ਦਿਲਾਂ 'ਤੇ ਜਾ ਕੇ ਵੱਜਦੀ ਹੈ। ਮੁਹੱਬਤਾਂ ਦੇ ਲਿਖਾਰੀਆਂ ਨੂੰ ਜਦੋਂ ਥਲ ਦਿਆਂ ਟਿੱਬਿਆਂ 'ਚ ਭਖਦੀ ਨਫ਼ਰਤਾਂ ਦੀ ਅੱਗ ਮਿਲੇ, ਦੀਵੇ ਬਾਲਣ 'ਤੇ ਜਦੋਂ ਹਨੇਰੀਆਂ ਰਾਤਾਂ ਦੇ ਨਾਗ ਲੱਭਣ ਤੇ ਨਾ ਚਾਹੁੰਦਿਆਂ ਹੋਇਆਂ ਵੀ ਇਹ ਸ਼ੋਲਿਆਂ ਵਾਂਗੂੰ ਭੜਕ ਜਾਂਦੇ ਨੇ ਫੇਰ ਅਫ਼ਜ਼ਲ ਰਾਜਪੂਤ ਰੰਗ ਬਦਲਦਾ ਹੈ ਤੇ ਚੁੱਪ ਤੋੜਦਾ ਹੈ:

ਚੁੱਪ ਜ਼ਹਿਰ ਤਰ੍ਹਾਂ ਖਾ ਜਾਏਗੀ
ਜੇ ਬੋਲ ਹੈਂ ਸਕਦਾ ਬੋਲ
ਅੱਜ ਸਖ਼ਤ ਹਵਾਵਾਂ ਸਾਕਿਨ ਨੇ
ਤੂੰ ਲਹੂ ਦੇ ਪਰਚਮ ਖੋਲ੍ਹ।

ਫੇਰ ਪਤਾ ਨਹੀਂ ਕੀ ਹੁੰਦਾ ਹੈ ਅਫ਼ਜ਼ਲ ਰਾਜਪੂਤ ਦੀਆਂ ਅੱਖਾਂ ਲਾਲ ਹੋ ਜਾਂਦੀਆਂ ਨੇ, ਪਿੰਡਾ ਕੰਬਣ ਲੱਗ ਪੈਂਦਾ ਏ, ਸੋਚਾਂ ਦੇ ਸਮੁੰਦਰ 'ਚ ਡੁੱਬ ਜਾਂਦਾ ਹੈ, ਮੁਹੱਬਤ ਦੀ ਮਿਸ਼ਰੀ 'ਚੋਂ ਸੱਚ ਦੀ ਕੁੜੱਤਣ ਨਿਕਲਣ ਲੱਗ ਪੈਂਦੀ ਹੈ ਤੇ ਓਹ ਬੇਹਿੱਸ ਪਥਰਾਏ ਹੋਏ ਸਮਾਜ ਵੱਲ ਉਂਗਲ ਚੁੱਕਦਾ ਹੈ ਤੇ ਪੁੱਛਦਾ ਹੈ:

ਜਦੋਂ ਸਿਰਾਂ ਦੇ ਸੌਦੇ
ਕੌਡੀਆਂ ਦੇ ਮੁੱਲ ਹੁੰਦੇ ਪਏ ਸੀ
ਕਿੱਥੇ ਸੌਂ?
ਜਦੋਂ ਜ਼ਮੀਨ 'ਤੇ ਗਿੱਠ-ਗਿੱਠ
ਕੱਲਰ ਚੜ੍ਹਿਆ ਹੱਸ ਰਿਹਾ ਸੀ
ਜਦੋਂ ਮਿੱਟੀ ਦੇ ਖ਼ੂਨ 'ਚ ਰਾਹੀ
ਫੁੱਟ-ਫੁੱਟ ਦੱਸ ਰਿਹਾ ਸੀ
ਜਦੋਂ ਈਮਾਨ ਅਦਾਲਤ ਵਾਲੇ
ਧਾਗੇ ਕੱਸ ਰਿਹਾ ਸੀ
ਕਿੱਥੇ ਸੌਂ?

ਅੱਖਾਂ ਨੋਟੀ ਰਾਜਪੂਤ ਸੱਤ ਸਮੁੰਦਰ ਲੰਘ ਜਾਂਦਾ ਹੈ। ਜਿੱਧਰ ਝਾਤੀ ਮਾਰਦਾ ਹੈ ਦੁੱਖ ਹੀ ਦੁੱਖ, ਘਰ ਦੇ ਦੁੱਖ, ਬਾਹਰ ਦੇ ਦੁੱਖ, ਸੱਤ ਸਮੁੰਦਰ ਪਾਰ ਦੇ

ਦੁੱਖ, ਥਾਂ-ਥਾਂ ਡਿੱਗੇ ਲਾਸ਼ੇ ਦੇਖਦਾ ਹੈ, ਲਾਸ਼ਾਂ ਦੇ ਮੱਥਿਆਂ 'ਤੇ ਲਿਖੇ ਮੌਤ ਦੇ ਕਾਰਨ ਪੜ੍ਹਦਾ ਹੈ, ਖਿਲਰੇ ਲਹੂ ਦੇ ਰੰਗ ਵੇਖਦਾ ਹੈ ਤੇ ਫੇਰ ਲੰਮਾ ਸਾਹ ਲੈ ਕੇ ਕਾਲਜੇ ਅੰਦਰੋਂ ਇਕ ਹੂਕ ਕੱਢਦਾ ਹੈ, ਉਹ ਹੂਕ ਜਿਹਦੇ ਅੰਦਰ ਲੱਖਾਂ ਸਵਾਲ ਤੇ ਲੱਖਾਂ ਜਵਾਬ ਹੁੰਦੇ ਨੇ:

ਸਾਨੂੰ ਓਹਨਾਂ ਐਸੀ ਜੰਗ ਦਾ
ਰਿਜ਼ਕ ਬਣਾਇਆ ਏ
ਜਿਹਨੂੰ ਹਾਰਨ ਦਾ ਸਮਝੌਤਾ
ਓਹਨਾਂ ਪਹਿਲਾਂ ਕਰ ਲਿਆ ਸੀ
ਹੋਇਆ ਕੀ
ਅਸਾਂ ਗੁੰਮਨਾਮ ਸ਼ਹੀਦਾਂ ਉਤੋਂ
ਦੁਸ਼ਮਣ ਫੌਜਾਂ ਲੰਘ-ਲੰਘ ਗਈਆਂ
ਕਾਲਖਾਂ ਅੰਦਰ ਰੰਗ-ਰੰਗ ਗਈਆਂ
ਤੇ ਓਹ ਸੇਫ ਹਾਊਸ 'ਚ ਬੈਠੇ
ਆਪਣੇ ਜਾਮ ਬਣਾਉਂਦੇ ਰਹੇ
ਆਪਣੇ ਖੱਸੀ ਮੋਢਿਆਂ ਉੱਤੇ
ਆਪੇ ਫੁੱਲ ਸਜਾਉਂਦੇ ਰਹੇ।

ਮੁਹੱਬਤਾਂ ਦੇ ਸੁੱਚਲ ਜਜ਼ਬਿਆਂ ਦਾ ਇਹ ਸ਼ਾਇਰ ਆਲੇ-ਦਵਾਲੇ ਤੋਂ ਗ਼ਾਫ਼ਿਲ ਨਹੀਂ ਹੁੰਦਾ। ਇਹਦੇ ਕੋਲ ਖ਼ਿਆਲਾਂ ਦੀ ਦੁਨੀਆਂ ਹੈ, ਕਲਮ ਚੁੱਕਦਾ ਹੈ ਤੇ ਭਾਰ ਹੌਲਾ ਕਰ ਲੈਂਦਾ ਹੈ, ਬੋਲਦਾ ਹੈ ਤਾਂ ਸਿਰ ਚੜ੍ਹ ਕੇ ਬੋਲਦਾ ਹੈ ਪਰ ਕਦੇ-ਕਦੇ ਬਹੁਤ ਮਾਯੂਸ ਹੋ ਜਾਂਦਾ ਹੈ, ਖ਼ਬਰੇ ਘਬਰਾ ਜਾਂਦਾ ਹੈ ਤੇ ਫੇਰ ਆਖਦਾ ਹੈ:

ਅਰਸ਼ੋਂ ਫਾਕੇ ਭੁਰ-ਭੁਰ ਡਿੱਗਣ
ਫਰਸ਼ੋਂ ਉੱਗਣ ਪਿਆਸਾਂ
ਕੀ ਤਾਸੀਰ ਦੁਆਵਾਂ ਵਾਲੀ
ਤੇ ਹੁਣ ਕਿਸਦੀਆਂ ਆਸਾਂ
ਕਹਾਣੀ ਖਤਮ ਹੀ ਸਮਝੋ
ਅਖ਼ਬਾਰਾਂ ਵਿਚ ਖਬਰਾਂ ਛਪਣ
ਇਹ ਕੀਤਾ ਓਹ ਕੀਤਾ
ਕੀ ਕੀਤਾ ਬਸ ਸਾਡੇ ਆਲਾ
ਘੁੱਟ ਹੀ ਉਤਲਿਆਂ ਪੀਤਾ।
ਕਹਾਣੀ ਖਤਮ ਹੀ ਸਮਝੋ।

"ਸੁੰਞਾ ਵਿਹੜਾ", "ਹੜ੍ਹ ਆਵਣ ਤੋਂ ਪਹਿਲਾਂ" ਅਤੇ "ਇਕ ਦਰਵਾਜ਼ਾ"

ਪੰਜਾਬੀ ਸ਼ੇਅਰੀ ਮਜ਼ਮੂਏ ਦੇਣ ਵਾਲ਼ਾ ਅਫ਼ਜ਼ਲ ਰਾਜਪੂਤ ਕਹਾਣੀਆਂ ਦੀ ਕਿਤਾਬ "ਦੋ ਮਿੰਟਾਂ ਦੀ ਗੱਲ" 'ਤੇ ਮਸਊਦ ਖੱਦਰਪੋਸ਼ ਐਵਾਰਡ ਲੈ ਚੁੱਕਿਆ ਹੈ। ਪੰਜਾਬੀ ਅਦਬ ਵਿਚ ਇਸ ਕਹਾਣੀਆਂ ਦੀ ਕਿਤਾਬ ਨੇ ਤਰਥੱਲੀ ਮਚਾ ਦਿੱਤੀ ਹੈ। ਅਫ਼ਜ਼ਲ ਰਾਜਪੂਤ ਪੰਜਾਬੀ ਅਦਬ ਲਈ ਬਹੁਤ ਕੰਮ ਕਰ ਰਿਹਾ ਹੈ, ਉਹ ਅੰਗਰੇਜ਼ੀ ਨਾਵਲਾਂ ਦਾ ਤਰਜਮਾ ਕਰ ਚੁੱਕਿਆ ਹੈ ਪਰ ਹਾਲੇ ਤੱਕ ਛਾਪੇ ਨਹੀਂ ਚੜ੍ਹਿਆ। ਮੈਂ ਜਦੋਂ ਅਫ਼ਜ਼ਲ ਰਾਜਪੂਤ ਵੱਲ ਇਕ ਨਜ਼ਰ ਵੇਖ ਲਵਾਂ ਤੇ ਉਹਦੀਆਂ ਲਾਲ ਬੁੱਲ੍ਹੀਆਂ 'ਤੇ ਤਿੱਖੀ ਜਿਹੀ ਮੁਸਕਾਨ ਆ ਜਾਂਦੀ ਹੈ ਤੇ ਹੌਲੀ ਜਿਹੀ ਕਹਿੰਦਾ ਹੈਃ

ਇਕ ਹੋਰ ਗਲਾਸ ਬਣਾਓ
ਇਕ ਸਿਗਰਟ ਹੋਰ ਲਵਾਓ
ਇਹ ਦੁਨੀਆਂ ਕਦੇ ਦੀ ਕੋਝੀ ਏ
ਇਹ ਕਦੇ ਵੀ ਹੋਣੀ ਸੋਹਣੀ ਨਹੀਂ
ਜੋ ਕਦੇ ਵੀ ਸਾਡੀ ਹੋ ਨਾ ਸਕੀ
ਓਹ ਕਦੇ ਵੀ ਸਾਡੀ ਹੋਣੀ ਨਹੀਂ
ਇਕ ਹੋਰ ਗਲਾਸ ਬਣਾਓ
ਇਕ ਸਿਗਰਟ ਹੋਰ ਲਵਾਓ
ਓਸ ਜ਼ੁਲਫ਼ ਦਾ ਰੋਣਾ ਕੀ ਰੋਣਾ
ਜੋ ਹੋਰ ਕਿਸੇ ਦੇ ਲੇਖ ਪਈ
ਇੰਝ ਲਗਦਾ ਸੀ ਮਰ ਜਾਵਾਂਗੇ
ਨਾ ਮਰੇ ਕਿਆਮਤ ਵੇਖ ਲਈ
ਇਕ ਹੋਰ ਗਲਾਸ ਬਣਾਓ
ਇਕ ਸਿਗਰਟ ਹੋਰ ਲਵਾਓ।

ਅਫ਼ਜ਼ਲ ਰਾਜਪੂਤ ਅੱਜਕੱਲ੍ਹ ਬਹਾਵਲਨਗਰ ਹੀ ਹੈ ਤੇ ਆਪਣੀਆਂ ਆਉਣ ਵਾਲੀਆਂ ਨਜ਼ਮਾਂ ਤੇ ਕਹਾਣੀਆਂ ਦੀਆਂ ਕਿਤਾਬਾਂ 'ਤੇ ਕੰਮ ਕਰ ਰਿਹਾ ਹੈ। ਰੱਬ ਉਹਦਾ ਪਰਛਾਵਾਂ ਸਲਾਮਤ ਰੱਖੇ।

□□□

# ਅਦਬ ਦੇ ਸਮੁੰਦਰਾਂ ਦਾ ਤਾਰੂ
# ਫ਼ਾਰੂਕ ਨਦੀਮ



ਨਾਂ ਤੇ ਇਹਦਾ ਫ਼ਾਰੂਕ ਨਦੀਮ ਹੈ ਪਰ ਲੋਕੀ ਇਹਨੂੰ ਯਾਰ ਫ਼ਾਰੂਕ ਆਖਦੇ ਹਨ। ਫ਼ਾਰੂਕ ਨਦੀਮ 1957 'ਚ ਸਮੁੰਦਰੀ 'ਚ ਪੈਦਾ ਹੋਇਆ ਪਰ ਨਿੱਕੇ ਹੁੰਦਿਆਂ ਈ ਹਿਜਰਤ ਕਰਕੇ ਬਹਾਵਲਨਗਰ ਆ ਵੱਸਿਆ। ਫ਼ਾਰੂਕ ਨਦੀਮ ਨੇ ਗਰੈਜੂਏਸ਼ਨ ਕਰਕੇ ਕੁਝ ਸਮੇਂ ਲਈ ਸਰਕਾਰੀ ਮੁਲਾਜ਼ਮਤ ਕੀਤੀ ਪਰ ਕੋਈ ਗੱਲ ਸੀ ਜਿਹੜੀ ਉਹਨੂੰ ਬੇਚੈਨ ਰੱਖਦੀ। ਉਹ ਕਦੀ ਵੀ ਐਸ ਹਯਾਤੀ ਤੋਂ ਮੁਤਮਾਈਨ ਨਜ਼ਰ ਨਹੀਂ ਆਇਆ ਸੀ। ਕਦੀ ਉਹ ਦੂਰ ਬਹੁਤ ਦੂਰ ਅੰਬਰਾਂ 'ਤੇ ਲਿਸ਼ਕਦੇ ਤਾਰਿਆਂ ਨੂੰ ਵੇਖ ਕੇ ਖ਼ੁਸ਼ ਹੋਣ ਦੀ ਕੋਸ਼ਿਸ਼ ਕਰਦਾ ਤੇ ਕਦੀ ਬਸਤੀ ਦੇ ਕੱਚੇ ਘਰਾਂ 'ਚ ਖਿਲਰੇ ਹਨੇਰਿਆਂ ਨੂੰ ਵੇਖ ਕੇ ਘਬਰਾ ਜਾਂਦਾ। ਕਦੀ ਸੱਤ ਸਮੁੰਦਰ ਪਾਰ ਅੰਗੜਾਈਆਂ ਲੈਂਦੇ ਸੂਰਜ ਦੀਆਂ ਰੌਸ਼ਨ ਕਿਰਨਾਂ 'ਚ ਗਵਾਚ ਜਾਂਦਾ ਤੇ ਕਦੀ ਆਲੇ-ਦਵਾਲੇ ਖਿਲਰੇ ਰੋਹੀ ਦੇ ਕਿੱਕਰਾਂ ਦੀਆਂ ਟਹਿਣੀਆਂ 'ਚ ਪੁਰਾਣੀ ਲੀਰ ਤਰ੍ਹਾਂ ਫਸ ਕੇ ਜ਼ਖ਼ਮੀ ਹੋ ਜਾਂਦਾ। ਇਹ ਠਾਠਾਂ ਮਾਰਦੇ ਜਵਾਨ ਲਹੂ ਦਾ ਕਮਾਲ ਸੀ ਜਾਂ ਫੇਰ ਹਨੇਰ ਘੁੱਪ ਹਨੇਰੇ ਸਮੇਂ ਅੰਦਰ ਮੁਹੱਬਤਾਂ ਭਰੀਆਂ ਨਜ਼ਮਾਂ ਦੇ ਦੀਵੇ ਬਾਲ ਕੇ ਆਲਾ-ਦਵਾਲ਼ਾ ਰੌਸ਼ਨ ਕਰਨ ਦਾ ਜਨੂੰਨ ਕਿ ਉਹ ਸੋਚਾਂ ਵਿੱਚ ਹਰ ਵੇਲੇ ਕਿਸੇ ਉਕਾਬ ਤਰ੍ਹਾਂ ਉੱਡਦਾ ਰਹਿੰਦਾ ਸੀ।

ਫ਼ਾਰੂਕ ਨਦੀਮ ਦੇ ਦਿਲ ਵਿੱਚ ਇਹ ਗੱਲ ਬੈਠ ਗਈ ਸੀ ਕਿ ਜਦੋਂ ਨਜ਼ਮਾਂ ਵਿੱਚੋਂ ਜਜ਼ਬਿਆਂ ਨੂੰ ਮਹਿਕਾ ਦੇਣ ਵਾਲੇ ਪਿਆਰ ਦੇ ਫੁੱਲ ਕੁਮਲਾ ਜਾਵਣ ਤੇ ਨਜ਼ਮ ਉਸ ਕੰਡਿਆਲੀ ਥੋਹਰ ਜਿਹੀ ਹੋ ਜਾਂਦੀ ਹੈ ਜਿਹਦੇ ਬਾਰੇ ਸ਼ਿਵ ਕੁਮਾਰ ਨੇ ਕਿਹਾ ਸੀ ਕਿ:

ਨਾ ਕਿਸੇ ਮਾਲੀ ਸਿੰਜਿਆ ਮੈਨੂੰ
ਨਾ ਕੋਈ ਸਿੰਜਣਾ ਚਾਹੇ।

ਇਕ ਤੇ ਮੌਸਮ ਦਾ ਹੱਬਸ ਤੇ ਉੱਤੋਂ ਥਾਂ-ਥਾਂ ਖਿਲਰੇ ਹਯਾਤੀ ਦੇ ਦੁੱਖ। ਦੂਰ-ਦੂਰ ਤੱਕ ਜਾਗਦੀ ਸਵੇਰ ਦਾ ਕੋਈ ਨਿਸ਼ਾਨ ਨਹੀਂ ਸੀ। ਮਾਯੂਸੀ ਤੇ ਉਦਾਸੀ ਦੇ ਸਮੁੰਦਰਾਂ 'ਚ ਡੁੱਬਿਆ ਯਾਰ ਫ਼ਾਰੂਕ ਅੱਖਾਂ ਮੀਟ ਲੈਂਦਾ ਤੇ ਖਿਆਲਾਂ ਵਿੱਚ ਕੋਈ ਅਜਿਹੀ ਤਸਵੀਰ ਬਣਾਉਂਦਾ ਕਿ ਹਯਾਤੀ ਦੇ ਸਾਰੇ ਦੁੱਖ ਵਾ-ਵਰੋਲੇ ਵਾਂਗ ਬੱਦਲਾਂ

'ਚ ਉੱਡ ਜਾਂਦਾ ਤੇ ਯਾਰ ਫ਼ਾਰੂਕ ਹੌਲੀ-ਹੌਲੀ ਗੁਣਗੁਣਾਉਂਦਾ:

ਗਜ ਗਜ ਲੰਮੇ ਵਾਲ ਕੁੜੀ ਦੇ
ਬੱਦਲ ਕਾਲੇ ਸ਼ਾਹ।
ਵੇਖ ਕੇ ਓਹਨੂੰ ਭੁੱਲ ਜਾਂਦੇ ਨੇ
ਰਾਹੀ ਘਰ ਦੀ ਰਾਹ।

ਇਹ ਯਾਰ ਫ਼ਾਰੂਕ ਦਾ ਹੀ ਕਮਾਲ ਸੀ ਕਿ ਓਹਨੇ ਅੱਗਾਂ ਸੁੱਟਦੇ ਸਮੇਂ ਨੂੰ ਮੁਹੱਬਤਾਂ ਦੇ ਬੱਦਲਾਂ ਦੀ ਪਹਿਲੀ ਬਾਰਿਸ਼ ਨਾਲ਼ ਸੁਫਨਿਆਂ ਅੰਦਰ ਹੀ ਠਾਰ ਦਿੱਤਾ। ਭਖਦੇ ਸਮੇਂ 'ਚ ਕਲੇਜਾ ਠਾਰਦੀ ਮੁਹੱਬਤ ਦੀ ਉਂਗਲ ਫੜ ਕੇ ਮਸਤ ਹੋ ਜਾਣ ਵਾਲ਼ਾ ਫਾਰੂਕ ਨਦੀਮ ਆਖਦਾ ਹੈ ਕਿ:

ਲੋਗੜ ਕੱਤਾਂ ਸੂਤ ਬਣਾਵਾਂ
ਕੈਦੋਂ ਹੋਇਆ ਤੰਗ
ਮੈਂ ਮਾਹੀ ਦੀ ਮੰਗ
ਮਸਤ ਸਮੇਂ ਦੇ ਹੱਥਾਂ ਉੱਤੇ
ਮਾਹੀ ਮੇਰੇ ਸੰਗ
ਮੈਂ ਮਾਹੀ ਦੀ ਮੰਗ।

ਫ਼ਾਰੂਕ ਨਦੀਮ ਧਰਤੀ ਦਾ ਇਕ ਸੁੱਚਲ ਤੇ ਮਹਾਨ ਲਿਖਾਰੀ ਹੈ। ਆਪਣੇ ਵਸੇਬ ਨਾਲ਼ ਉਹਦੀ ਮੁਹੱਬਤ ਉਹਦੀਆਂ ਕਹਾਣੀਆਂ ਤੇ ਉਹਦੀਆਂ ਨਜ਼ਮਾਂ 'ਚੋਂ ਚਿੱਟੇ ਬੱਦਲਾਂ ਤਰ੍ਹਾਂ ਸਾਫ਼ ਵਿਖਾਈ ਦਿੰਦੀ ਹੈ। ਬਹੁਤ ਸਾਰੇ ਸੂਝਵਾਨਾਂ ਲਈ ਇਹ ਫ਼ੈਸਲਾ ਕਰਨਾ ਬਹੁਤ ਮੁਸ਼ਕਿਲ ਹੈ ਕਿ ਉਹ ਵੱਡਾ ਕਹਾਣੀਕਾਰ ਹੈ ਜਾਂ ਫੇਰ ਮਹਾਨ ਸ਼ਾਇਰ, ਕੋਈ ਅਜ਼ੀਮ ਕਾਲਮ ਨਿਗਾਰ ਹੈ ਜਾਂ ਫੇਰ ਮੰਝਿਆ ਹੋਇਆ ਡਰਾਮਾ ਨਿਗਾਰ। ਇਕੋ ਵਕਤ ਵਿੱਚ ਪੰਜਾਬੀ, ਅੰਗਰੇਜ਼ੀ ਤੇ ਉਰਦੂ ਜ਼ੁਬਾਨਾਂ ਰਾਹੀਂ ਅੰਦਰ ਦੀ ਭੜਾਸ ਕੱਢਣ ਵਾਲ਼ਾ ਫ਼ਾਰੂਕ ਨਦੀਮ ਹੁਣ ਤੀਕ 22 ਕਿਤਾਬਾਂ ਆਪਣੇ ਪੜ੍ਹਿਆਰਾਂ ਨੂੰ ਦੇ ਚੁੱਕਿਆ ਹੈ ਤੇ ਮਸੂਦ ਖੱਦਰਪੋਸ਼ ਸਮੇਤ ਕਈ ਐਵਾਰਡਜ਼ ਨਾਲ਼ ਨਿਵਾਜਿਆ ਜਾ ਚੁੱਕਿਆ ਏ।

ਫ਼ਾਰੂਕ ਨਦੀਮ ਦੀ ਅਦਬ ਨਾਲ਼ ਕਮਿੱਟਮੈਂਟ ਅੱਖਰਾਂ ਰਾਹੀਂ ਬਿਆਨ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਹ ਫਾਰੂਕ ਨਦੀਮ ਹੀ ਹੈ ਜਿਹਦੀਆਂ ਕਿਤਾਬਾਂ ਅਮਰੀਕਾ, ਕਨੇਡਾ, ਇੰਡੀਆ ਤੇ ਹੋਰ ਕਈ ਮੁਲਕਾਂ ਦੀਆਂ ਯੂਨੀਵਰਸਿਟੀਆਂ 'ਚ ਬਤੌਰ ਨਸਾਬ ਸ਼ਾਮਿਲ ਹਨ ਪਰ ਇਸ ਦੀ ਆਜਜ਼ੀ ਵੇਖੋ ਕਦੀ ਧੌਣ 'ਚ ਸਰੀਆ ਨਹੀਂ ਆਇਆ, ਕਦੇ ਆਕੜ ਕੇ ਮਾਣ ਨੀ ਕੀਤਾ, ਕਿਸੇ ਨਵੇਂ ਲਿਖਣ ਵਾਲੇ ਦਾ ਰਾਹ ਨੀ ਡੱਕਿਆ, ਸਗੋਂ ਆਪਣੇ ਨੌਜਵਾਨਾਂ ਨੂੰ ਬੜੇ ਜ਼ੋਰ ਨਾਲ ਆਖਦਾ ਰਿਹਾ ਹੈ ਕਿ:

ਥਾਂ-ਬ-ਥਾਈਂ ਸੂਲਾਂ ਗੱਡੀਆਂ
ਗਲੀਆਂ ਅੱਤ ਹਨੇਰ
ਜਦੋਂ ਤਾਈਂ ਨਾ ਦੀਵਾ ਜੱਗੇ
ਚੜ੍ਹਦੀ ਨਾ ਸਵੇਰ।

ਸਤਲੁਜ ਕੰਢੇ ਵੱਸ ਕੇ ਵੀ ਤ੍ਰੇਹੀ ਅੱਖਾਂ ਦਾ ਦੁੱਖ ਫਾਰੂਕ ਨਦੀਮ ਤੋਂ ਵੱਧ ਕੌਣ ਜਾਣੇਗਾ, ਸਵੇਰ ਤੋਂ ਸ਼ਾਮ ਤੱਕ ਇੱਕ ਰੋਟੀ ਦਾ ਸਵਾਲ ਕਰਦੀਆਂ ਅੱਖਾਂ ਕਦੋਂ ਬੰਦ ਹੋ ਜਾਵਣ, ਕੌਣ ਜਾਣਦਾ ਏ ਇਹ ਫਰੂਕ ਨਦੀਮ ਹੀ ਹੈ ਜਿਸ ਦੇ ਕਲਮ 'ਚੋਂ ਇਸ ਵਸੇਬ ਦੇ ਸੀਨੇ 'ਚ ਲੱਗਿਆ ਭਾਂਬੜ ਨਿਕਲਿਆ। ਫ਼ਾਰੂਕ ਨਦੀਮ ਦੇ ਅਫ਼ਸਾਨੇ "ਇਕ ਰੋਟੀ ਦਾ ਸਵਾਲ ਏ ਬਾਬਾ", "ਕਿੱਕਰ ਤੇ ਅੰਗੂਰ", "ਕਾਲੇ ਪੱਟ ਨਾ ਚੜ੍ਹੇ ਸਫ਼ੈਦੀ", "ਜੋਕਰ" ਤੇ "ਭੈਣ ਜੀ ਗਲ਼ਤੀ ਹੋਗੀ" ਆਲੇ-ਦਵਾਲੇ ਵੰਨ-ਸੁਵੰਨੇ ਕਿਰਦਾਰਾਂ ਦੀ ਸ਼ਕਲ ਵਿੱਚ ਰੋਂਦੇ ਤੇ ਕੁਰਲਾਂਦੇ ਦਿਖਾਈ ਦਿੰਦੇ ਹਨ। "ਫ਼ਾਰੂਕ ਕਹਾਣੀਆਂ" ਤੇ "ਨਦੀਮ ਕਹਾਣੀਆਂ" ਫ਼ਾਰੂਕ ਨਦੀਮ ਦੀਆਂ ਕਹਾਣੀਆਂ ਦੀਆਂ ਸ਼ਾਹਕਾਰ ਕਿਤਾਬਾਂ ਨੇ ਜਿਨ੍ਹਾਂ ਨੂੰ ਮਾਰੂਫ਼ ਐਵਾਰਡਾਂ ਨਾਲ਼ ਨਿਵਾਜਿਆ ਗਿਆ ਹੈ। ਫ਼ਾਰੂਕ ਨਦੀਮ ਆਪਣੀ ਪੰਜਾਬੀ ਸ਼ਾਇਰੀ ਦੀ ਕਿਤਾਬ "ਅੱਲ੍ਹੜ ਕੁੜੀ ਦਾ ਪਿਆਰ" 'ਚ ਸਾਡੇ ਰਹਿਤਲ ਦੀ ਮਜ਼ਲੂਮ ਤੇ ਗਰੀਬ ਧੀ ਦਾ ਦੁੱਖ ਉਲੀਕਦਿਆਂ ਹੋਇਆਂ ਕਹਿੰਦੇ ਹਨ ਕਿ:

ਗੋਹਿਆ ਥੱਪਣ ਵਾਲੀਆਂ ਕੁੜੀਆਂ
ਵੱਡੀ ਖੰਘੇ ਮਰਦੀਆਂ ਨੇ

ਤਨ ਦੀਆਂ ਅੱਡੀਆਂ ਗਿਰਵੀ ਰੱਖ ਕੇ ਸਾਹਵਾਂ ਮੰਗਣ ਵਾਲਿਆਂ ਨੂੰ ਅੱਜ ਦੇ ਸਮੇਂ ਦੀ ਕੁੜੱਤਣ ਯਾਦ ਕਰਾਉਂਦਿਆਂ ਹੋਇਆਂ ਆਖਦੇ ਨੇ ਕਿ:

ਸ਼ਹਿਦ ਚੱਟਣ ਦੇ ਗਏ ਜ਼ਮਾਨੇ
ਵਾਪਸ ਕੌਣ ਬੁਲਾਵੇ
ਕਿਹੜਾ ਰੁੱਗ ਸੁਲਾਵੇ
ਅੱਜ ਜੇ ਜੰਮੇ ਤਾਲੂ ਉੱਤੇ
ਗੁੜ੍ਹਤੀ ਜ਼ਹਿਰ ਦੀ ਚੱਟਣ
ਕੀ ਖੱਟਣ ?

ਅੰਨ-ਪਾਣੀ ਦੇ ਰੌਲਿਆਂ ਅੰਦਰ ਯਾਰ ਫ਼ਾਰੂਕ ਨੂੰ ਮਾਂ ਵਰਗੀ ਧਰਤੀ ਦੇ ਨਾਲ਼-ਨਾਲ਼ ਪੰਜਾਬ ਦੀ ਅੱਲ੍ਹੜ ਕੁੜੀ ਦੇ ਪਿਆਰ ਤੇ ਓਹਦੀਆਂ ਕਾਲੀਆਂ ਜ਼ੁਲਫ਼ਾਂ ਦੇ ਨਸ਼ਿਆਂ ਨੂੰ ਛੱਡ ਕੇ ਯੂਰਪ ਦੇ ਅੰਨ੍ਹੇ ਚਾਨਣ ਅੰਦਰ ਨਾ ਚਾਹੁੰਦਿਆਂ ਵੀ ਆਪਣਾ ਜੀਅ ਬਹਿਲਾਉਣਾ ਪਿਆ। ਦਿਨ ਭਰ ਸ਼ੋਰ ਮਚਾਂਦੀਆਂ ਗੱਡੀਆਂ ਤੇ ਝੂਠੇ ਹਾਸੇ ਹੱਸਦੀਆਂ ਰੁੱਤਾਂ ਤੋਂ ਤੰਗ ਆ ਕੇ ਰਾਤ ਦੀਆਂ ਬਾਹਵਾਂ 'ਚ ਬਾਹਵਾਂ ਪਾ ਕੇ ਫ਼ਾਰੂਕ ਨਦੀਮ ਆਪਣੇ ਸੋਹਣੇ ਪੰਜਾਬ ਦੇ ਖ਼ਾਬ ਦੇਖਦਾ ਹੈ ਤੇ ਆਖਦਾ ਹੈ ਕਿ:

ਖ਼ਾਬਾਂ ਵਰਗਾ ਸ਼ਹਿਰ ਸੀ ਮੇਰਾ
ਖ਼ਾਬਾਂ ਵਰਗੇ ਲੋਕ
ਖ਼ਾਬਾਂ ਵਰਗੀ ਇੱਕ ਕੁੜੀ ਨੇ
ਦਿੱਤਾ ਐਸਾ ਰੋਗ
ਖ਼ਾਬਾਂ ਪਿੱਛੇ ਅੰਮ ਗਵਾਈ
ਖ਼ਾਬ ਵੀ ਹੱਥ ਨਾ ਆਏ
ਜਿਹੜੇ ਫੁੱਲ ਨੇ ਪਿਆਰ ਦੇ ਬੀਜੇ
ਓਹ ਵੀ ਹੋਣ ਪਰਾਏ।

ਵਿਛੋੜੇ ਤੇ ਇਕਲਾਪੇ ਦੇ ਦੁੱਖਾਂ ਨੂੰ ਗਲ਼ ਲਾ ਯਾਰ ਫਰੂਕ ਦਿਲ ਖੋਲ੍ਹ ਕੇ ਰੋਂਦਾ ਹੈ। ਕੋਲ ਖਲੋਤੀਆਂ ਕੰਧਾਂ ਦੀਆਂ ਅੱਖਾਂ ਦਾ ਕੱਜਲ ਫੈਲ ਜਾਂਦਾ ਹੈ, ਯਾਦਾਂ ਦੀ ਸੂਲੀ ਚੜ੍ਹਿਆ ਫ਼ਾਰੂਕ ਨਦੀਮ ਆਖਦਾ ਹੈ ਕਿ:

ਖ਼ਾਬਾਂ ਪਿੱਛੇ ਸੱਤ ਸਮੁੰਦਰ
ਖ਼ਾਬਾਂ ਪਿੱਛੇ ਜੋਗ
ਖ਼ਾਬਾਂ ਨੇ ਇੱਕ ਸੂਲੀ ਦਿੱਤੀ
ਹੁਣ ਤੂੰ ਅੜਿਆ ਭੋਗ
ਭੋਗ ਵੇ ਅੜਿਆ ਭੋਗ।

ਯੂਰਪ ਦੇ ਕਈ ਮੁਲਕਾਂ ਦੇ ਨਾਲ਼-ਨਾਲ਼ ਅਮਰੀਕਾ ਦੇ ਪੈਂਡੇ ਕੱਟਣ ਵਾਲ਼ਾ ਫ਼ਾਰੂਕ ਨਦੀਮ ਆਪਣੀ ਮਿੱਟੀ ਤੇ ਆਪਣੀ ਰਹਿਤਲ ਨੂੰ ਨਹੀਂ ਭੁੱਲਦਾ। ਉਹਦੀਆਂ ਸਾਹਵਾਂ ਸੋਹਣੇ ਪੰਜਾਬ ਦੀ ਸੱਜਰੀ ਹਵਾ ਨਾਲ਼ ਮਹਿਕਦੀਆਂ ਰਹੀਆਂ। ਵੱਡੇ-ਵੱਡੇ ਮੁਲਕਾਂ ਦੇ ਵੱਡੇ-ਵੱਡੇ ਸ਼ਹਿਰਾਂ ਦੀਆਂ ਸੜਕਾਂ 'ਤੇ ਖਲੋ ਕੇ ਵੀ ਆਪਣੇ ਪੰਜਾਬ ਦੇ ਰੰਗਾਂ ਨੂੰ ਹੀ ਵੇਖਦਾ ਰਿਹਾ। ਅੱਖਾਂ ਨੂਟ ਕੇ ਹੌਲੀ-ਹੌਲੀ ਆਪਣੇ ਪਿੰਡ ਨਾਲ਼ ਗੱਲਾਂ ਕਰਦਿਆਂ ਰੋ-ਰੋ ਕੇ ਆਖਦਾ ਰਿਹਾ ਕਿ:

ਪਤਾ ਸੀ ਮੈਨੂੰ
ਪਿੰਡ ਪਰਤਣ ਦੀ ਰਾਹ ਦੇ ਉੱਤੇ
ਸ਼ਾਮਾਂ ਵੇਲੇ ਧੂੜ ਦੇ ਬੱਦਲ ਗੱਜਦੇ ਨੇ।
ਪਤਾ ਸੀ ਮੈਨੂੰ
ਦੂਰ ਦੁਰਾਡੇ ਗਏ ਮੁਸਾਫ਼ਿਰ
ਸ਼ਾਮ ਤੋਂ ਪਹਿਲਾਂ ਮੁੜ ਆਂਦੇ ਨੇ।
ਪਤਾ ਸੀ ਮੈਨੂੰ
ਦਿੰਹ ਡੁੱਬੇ ਤੋਂ
ਡਾਰ ਤੋਂ ਵਿਛੜੇ ਪੱਖੂ

ਢੋਰ ਡੰਗਰ ਤੇ
ਗਏ ਮੁਸਾਫ਼ਿਰ
ਘਰ ਦਾ ਰਾਹ ਭੁੱਲ ਜਾਂਦੇ ਨੇ।

ਫਰੂਕ ਨਦੀਮ ਦੀਆਂ 22 ਕਿਤਾਬਾਂ 'ਚ 6 ਅੰਗਰੇਜ਼ੀ, 8 ਉਰਦੂ ਤੇ 8 ਹੀ ਪੰਜਾਬੀ ਸ਼ਾਮਿਲ ਹਨ। ਫ਼ਾਰੂਕ ਨਦੀਮ ਨੇ ਕਈ ਨੈਸ਼ਨਲ ਸਤ੍ਹਾ ਦੇ ਅਖ਼ਬਾਰਾਂ 'ਚ ਕਾਲਮ ਦੇ ਨਾਲ਼-ਨਾਲ਼, ਜੀਓ ਟੀ.ਵੀ. ਤੇ ਸੀ.ਟੀ.ਵੀ. ਲਈ ਕਈ ਡਰਾਮੇ ਵੀ ਲਿਖੇ ਜਿਨ੍ਹਾਂ 'ਚ "ਅਲਿਫ਼", "ਲਾਵਾਰਿਸ" ਤੇ "ਅਜ਼ਾਬ' ਜਿਹੇ ਮਸ਼ਹੂਰ ਡਰਾਮੇ ਸ਼ਾਮਿਲ ਹਨ। ਫ਼ਾਰੂਕ ਨਦੀਮ ਟੀ.ਵੀ. ਚੈਨਲ ਲਈ ਕੰਮ ਕਰਨ ਦੇ ਨਾਲ਼-ਨਾਲ਼ ਅੱਜਕੱਲ੍ਹ ਪੰਜਾਬੀ ਸੇਵਕ ਬਤੌਰ ਪੀ.ਐਸ.ਡਬਲਿਊ., ਪੰਜਾਬ (ਸੋਚ ਵਿਚਾਰ) ਦੇ ਨਾਮ ਤੋਂ ਆਪਣਾ ਯੂ-ਟਿਊਬ ਚੈਨਲ ਚਲਾ ਰਹੇ ਹਨ।

ਫ਼ਾਰੂਕ ਨਦੀਮ ਦੀਆਂ ਪੰਜਾਬੀ ਕਿਤਾਬਾਂ 'ਚ "ਅੱਲ੍ਹੜ ਕੁੜੀ ਦਾ ਪਿਆਰ", "ਕਾਫ਼ੀਆਂ ਯਾਰ ਫ਼ਾਰੂਕ", "ਬੰਤੋ ਦਾ ਮੁੱਖ ਚੰਨ ਵਰਗਾ", "ਫ਼ਾਰੂਕ ਕਹਾਣੀਆਂ", "ਨਦੀਮ ਕਹਾਣੀਆਂ", "ਅਮਰੀਕਨ ਵੀਜ਼ਾ", "ਜਾਗ ਮੇਰੇ ਪੰਜਾਬ" ਤੇ "ਪਹਿਲੇ ਪਿਆਰ ਦਾ ਭੁਲੇਖਾ" ਸ਼ਾਮਿਲ ਹਨ। ਅੱਲ੍ਹੜ ਕੁੜੀ ਦੇ ਪਿਆਰ 'ਚ ਡੁੱਬੇ ਯਾਰ ਫ਼ਾਰੂਕ ਦੀਆਂ ਅੱਖਾਂ ਖੁੱਲ੍ਹੀਆਂ ਤਾਂ ਪੰਜਾਬ ਵੱਲ ਮੂੰਹ ਕਰਕੇ ਉਹਨੂੰ ਉੱਚੀ -ਉੱਚੀ ਕਹਿਣਾ ਪਿਆ ਕਿ:

ਰੰਗ ਉੱਡ ਗਏ ਖੇਸਾਂ ਦੇ
ਤੇਰੇ ਪਿੱਛੇ ਦੇਖ ਲਏ
ਅਸੀਂ ਦੁੱਖ ਪਰਦੇਸਾਂ ਦੇ।

ਗੱਲ ਇੱਥੇ ਨਹੀਂ ਮੁੱਕੀ, ਇਹ ਦਰਦ ਰੁਕਿਆ ਨਹੀਂ। ਫ਼ਾਰੂਕ ਨਦੀਮ ਨੂੰ ਆਪਣੇ ਦੇਸ 'ਚੋਂ ਇੱਕ ਅਵਾਜ਼ ਆਂਦੀ ਏ, ਫ਼ਾਰੂਕ ਨਦੀਮ ਅੱਖਾਂ ਬੰਦ ਕਰਕੇ ਗ਼ੌਰ ਨਾਲ਼ ਸੁਣਦਾ ਹੈ ਤੇ ਉਹਨੂੰ ਪਤਾ ਚੱਲਿਆ ਕਿ ਆਪਣਾ ਦੇਸ ਛੱਡ ਕੇ ਕਿਸ-ਕਿਸ ਦੇ ਦਿਲ ਵਿੱਚੋਂ ਹੂਕ ਨਿਕਲੀ ਹੈ:

ਚੁੱਲ੍ਹੇ 'ਤੇ ਖੇਸ ਪਿਆ
ਨਿੱਕਾ ਜਿਹਾ ਮਾਹੀ ਮੇਰਾ
ਉੱਤੋਂ ਟੁਰ ਪਰਦੇਸ ਗਿਆ।

ਫ਼ਾਰੂਕ ਨਦੀਮ ਵੀ ਸਾਦਗੀ ਤੇ ਆਜਜ਼ੀ ਨੂੰ ਆਪਣੇ ਤੋਂ ਦੂਰ ਨਹੀਂ ਹੋਣ ਦਿੰਦਾ, ਪੰਜਾਬੀ ਅਦਬ ਲਈ ਰੱਜ ਕੇ ਕੰਮ ਕਰਨ ਵਾਲ਼ਾ ਫ਼ਾਰੂਕ ਨਦੀਮ ਅੱਜ ਦੇ ਲਿਖਾਰੀਆਂ ਨੂੰ ਬੜੇ ਫ਼ਖ਼ਰ ਨਾਲ਼ ਆਖਦਾ ਹੈ ਕਿ:

ਮੈਨੂੰ ਕੱਪਣ ਤੋਂ ਬਾਅਦ
ਤੁਸੀਂ ਵੇਖਦੇ ਰਹਿਣਾ
ਜਿਉਂਦੇ ਰਹਿਸਣ
ਮੇਰੇ ਅੱਖਰ।

ਸਾਡੀ ਧਰਤੀ ਦੇ ਮਾਣ ਫਰੂਕ ਨਦੀਮ ਨੂੰ ਰੱਬ ਸਲਾਮਤ ਰੱਖੇ।

□□□

# ਹਨੇਰਿਆਂ ਵਿਚ ਦੀਵੇ ਬਾਲਦਾ
# ਸ਼ਾਇਰ - ਕੈਫ਼ੀ



ਬਹਾਵਲਨਗਰ ਦੀ ਤਹਿਸੀਲ ਚਿਸ਼ਤੀਆਂ ਦੀ ਧਰਤੀ ਅਦਬੀ ਲਿਹਾਜ਼ ਨਾਲ਼ ਬੜੀ ਜ਼ਰਖ਼ੇਜ਼ ਤੇ ਕਰਮਾਂ ਵਾਲੀ ਹੈ। ਇਹ ਧਰਤੀ ਰੰਗ-ਬਰੰਗੇ ਫੁੱਲਾਂ ਵਰਗੇ ਸ਼ਾਇਰਾਂ ਦੀਆਂ ਨਜ਼ਮਾਂ ਤੇ ਗ਼ਜ਼ਲਾਂ ਨਾਲ਼ ਮਹਿਕਦੀ ਪਈ ਹੈ। ਇਸ ਧਰਤੀ ਦੇ ਹਰ ਫੁੱਲ ਦੀ ਆਪਣੀ ਖ਼ੁਸ਼ਬੂ ਤੇ ਆਪਣਾ ਰੰਗ ਹੈ। ਦੂਰ ਖਲ਼ੋ ਕੇ ਵੇਖੋ ਤੇ ਬਾਗ਼ੇ ਵਿਚ ਬਹਾਰ ਜਿਹਾ ਮੰਜ਼ਰ ਜਾਪਦਾ ਹੈ। ਕੁਝ ਫੁੱਲਾਂ ਦੀ ਖ਼ੁਸ਼ਬੂ ਐਡੀ ਤੇਜ਼ ਤੇ ਮਿੱਠੀ ਹੈ ਕਿ ਉਹਨਾਂ ਦੀ ਮਹਿਕ ਨਾਲ਼ ਪੂਰਾ ਪੰਜਾਬ ਮਹਿਕਾਂ ਮਾਰਦਾ ਨਜ਼ਰ ਆਉਂਦਾ ਹੈ।

10 ਜਨਵਰੀ 1961 ਨੂੰ ਇਸ ਅਦਬ ਦੀ ਧਰਤੀ 'ਤੇ ਐਸਾ ਫੁੱਲ ਖਿੜਿਆ ਜਿਹਦਾ ਨਾਂ ਅਬਦੁੱਲ ਕਦੂਸ ਹੈ। ਅਬਦੁੱਲ ਕਦੂਸ ਨੇ ਹਯਾਤੀ ਦਾ ਸਫ਼ਰ ਆਪਣੇ ਸ਼ਹਿਰ ਚਿਸ਼ਤੀਆਂ ਤੋਂ ਸ਼ੁਰੂ ਕੀਤਾ ਤੇ ਮੁਢਲੀ ਤਾਲੀਮ ਮੁਕੰਮਲ ਕਰਨ ਤੋਂ ਬਾਅਦ ਸਿਆਸੀਆਤ 'ਚ ਮਾਸਟਰ ਕੀਤਾ ਤੇ 1985 ਵਿਚ ਸਰਕਾਰ ਦੇ ਸਕੂਲ ਵਿਚ ਦਰਸੋ ਤਦਰੀਸ ਦੇ ਸ਼ੋਬੇ ਨਾਲ਼ ਜੁੜਤ ਕਰ ਲਈ। 80 ਦੀ ਦਹਾਈ ਵਿਚ ਪੰਜਾਬੀ ਅਦਬ ਆਪਣੀ ਉਡਾਣ 'ਤੇ ਸੀ, ਤਰੱਕੀ ਪਸੰਦ ਤਨਜ਼ੀਮਾਂ ਪੂਰੇ ਪੰਜਾਬ ਵਿਚ ਪੰਜਾਬੀ ਅਦਬ ਦਾ ਪ੍ਰਚਾਰ ਕਰ ਰਹੀਆਂ ਸਨ ਤੇ ਪੰਜਾਬੀ ਲੇਖਕ ਆਪਣੀਆਂ ਕਹਾਣੀਆਂ, ਨਜ਼ਮਾਂ ਤੇ ਗ਼ਜ਼ਲਾਂ ਰਾਹੀਂ ਹਨੇਰਿਆਂ ਵਾਂਗੂੰ ਖਿਲਰੇ ਦੁੱਖਾਂ, ਦਰਦਾਂ ਤੇ ਊਚ-ਨੀਚ ਦੇ ਫ਼ਰਕ ਨੂੰ ਆਪਣੇ-ਆਪਣੇ ਰੰਗ ਅਤੇ ਆਪਣੇ-ਆਪਣੇ ਅੰਦਾਜ਼ ਨਾਲ਼ ਉਲੀਕ ਰਹੇ ਸਨ। ਉਸੇ ਸ਼ੋਰ ਤੇ ਉਸੇ ਦੌਰ ਦੇ ਅੰਦਰ ਅਬਦੁੱਲ ਕਦੂਸ ਨੇ ਆਪਣੇ ਸ਼ਹਿਰ ਚਿਸ਼ਤੀਆਂ ਦੇ ਉਦਾਸ ਚਿਹਰੇ 'ਤੇ ਝਾਤੀ ਮਾਰੀ ਤੇ ਉਹਦੀਆਂ ਅੱਖਾਂ ਭਰ ਆਈਆਂ। ਉਹਨੇ ਦਿਲ 'ਤੇ ਹੱਥ ਰੱਖ ਕੇ ਅਸਮਾਨਾਂ ਵੱਲ ਵੇਖਿਆ ਤੇ ਹੌਲੀ ਜਿਹੀ ਆਖਿਆ:

ਕਿੱਥੇ ਗਈਆਂ ਖ਼ੁਸ਼ੀਆਂ ਮੇਰੇ ਸ਼ਹਿਰ ਦੀਆਂ
ਉੱਡੀਆਂ ਉੱਡੀਆਂ ਵਸਤਾਂ ਮੇਰੇ ਸ਼ਹਿਰ ਦੀਆਂ
ਖ਼ਬਰੇ ਕਿਹੜੇ ਖ਼ੌਫ਼ ਨੇ ਤੰਬੂ ਤਾਣੇ ਨੇ
ਸੁੰਞੀਆਂ ਹੋਈਆਂ ਗਲ਼ੀਆਂ ਮੇਰੇ ਸ਼ਹਿਰ ਦੀਆਂ।

ਆਪਣੇ ਅੰਦਰ ਦਾ ਦੁੱਖ ਕਾਗਜ਼ 'ਤੇ ਉਲੀਕਣ ਤੋਂ ਬਾਅਦ ਅਬਦੁੱਲ ਕਦੂਸ

ਨੂੰ ਜਿਵੇਂ ਥੋੜ੍ਹਾ ਜਿੰਨਾ ਸਕੂਨ ਜਿਹਾ ਮਿਲਿਆ, ਰਾਹ ਭੁੱਲਦੇ ਸਾਹਵਾਂ ਦੀ ਰਫ਼ਤਾਰ ਥੋੜ੍ਹਾ ਕਾਬੂ 'ਚ ਆ ਗਈ ਤੇ ਕੁਝ ਸੁਰਤ ਵੀ ਬਹਾਲ ਹੋਣ ਲੱਗੀ ਤੇ ਅਬਦੁੱਲ ਕਦੂਸ ਨੇ ਮੇਜ਼ 'ਤੇ ਪਏ ਕਾਗਜ਼ 'ਤੇ ਝਾਤੀ ਪਾਈ ਤੇ ਉਹਨੂੰ ਅਹਿਸਾਸ ਹੋਇਆ ਕਿ ਉਹ ਨਿਰਾ ਅਬਦੁੱਲ ਕਦੂਸ ਨਹੀਂ ਸਗੋਂ ਅਬਦੁੱਲ ਕਦੂਸ ਕੈਫ਼ੀ ਹੋ ਗਿਆ ਹੈ। ਬੱਸ ਫਿਰ ਕੀ ਸੀ ਅਬਦੁੱਲ ਕਦੂਸ ਕੈਫ਼ੀ ਦੇ ਦੁਆਵਾਂ ਵਰਗੇ ਕਲਮ ਨੇ ਸਿਰ ਚੁੱਕਿਆ ਤੇ ਆਪਣੇ ਸ਼ਹਿਰ ਲਈ ਰੱਬ ਅੱਗੇ ਝੋਲੀ ਅੱਡ ਕੇ ਉੱਚੀ ਦੇਣੀ ਕਿਹਾ ਕਿ:

ਸਭ ਦੀ ਮੰਗਾਂ ਖ਼ੈਰ
ਮੈਂ ਰੱਬ ਤੋਂ ਕੈਫ਼ੀ ਜੀ
ਸ਼ਾਲਾ! ਦੂਰ ਬਲਾਵਾਂ
ਮੇਰੇ ਸ਼ਹਿਰ ਦੀਆਂ।

ਅਬਦੁੱਲ ਕਦੂਸ ਕੈਫ਼ੀ ਨੇ ਆਪਣੀ ਮਾਂ ਵਰਗੀ ਧਰਤੀ ਦੇ ਇਸ ਰੰਗ ਨੂੰ ਫਿੱਕਾ ਨਹੀਂ ਪੈਣ ਦਿੱਤਾ ਸਗੋਂ ਆਪਣੇ ਹੋਣ ਦਾ ਸਬੂਤ ਆਪਣੀਆਂ ਕਾਠਦਾਰ ਲਿਖਤਾਂ ਰਾਹੀਂ ਭਰਵੇਂ ਅੰਦਾਜ਼ 'ਚ ਦਿੱਤਾ। ਕੈਫ਼ੀ ਨੇ ਆਪਣੇ ਚੁੱਪ ਦੇ ਜਿੰਦਰੇ ਨੂੰ ਤੋੜ ਕੇ ਸਾਰੀ ਦੁਨੀਆਂ ਨੂੰ ਚੀਖ਼-ਚੀਖ਼ ਕੇ ਦੱਸਿਆ ਕਿ ਸਾਡਾ ਕੰਮ ਸਿਰਫ਼ ਹਿਜਰ, ਵਿਛੋੜੇ ਅਤੇ ਕਾਲ਼ੀਆਂ ਰਾਤਾਂ ਵਿਚ ਇਕਲਾਪੇ ਦੇ ਦੁੱਖਾਂ ਦਾ ਰੋਣਾ, ਰੋਣਾ ਨਹੀਂ ਆ ਸਗੋਂ ਅਸੀਂ ਇਕ ਮੁਆਸ਼ਰੇ ਦੀ ਨੀਂਹ ਰੱਖਣ ਵਾਲੇ ਆਂ। ਅਸੀਂ ਸੁੱਤਿਆਂ ਨੂੰ ਜਗਾਉਣ ਵਾਲੇ ਹਾਂ ਤੇ ਅਸੀਂ ਹਨੇਰਿਆਂ 'ਚ ਆਸਾਂ ਤੇ ਉਮੀਦਾਂ ਦੇ ਦੀਵੇ ਬਾਲਣ ਵਾਲੇ ਹਾਂ। ਇਸੇ ਤਨਾਜ਼ਰ 'ਚ ਅਬਦੁੱਲ ਕਦੂਸ ਕੈਫ਼ੀ ਨੇ ਕਿਹਾ ਕਿ:

ਇਸ਼ਕ ਸਮੁੰਦਰ ਵਿਚ ਜਦ ਵੜਨਾ ਪੈ ਜਾਂਦਾ ਹੈ
ਆਪਣਾ ਝੇੜਾ ਆਪ ਝਗੜਨਾ ਪੈ ਜਾਂਦਾ ਹੈ
ਅਸੀਂ ਸੱਚ ਦੇ ਦੀਵੇ ਬਾਲਣ ਵਾਲੇ ਲੋਕ ਹਾਂ
ਭਾਵੇਂ ਸੂਲੀ ਉੱਤੇ ਚੜ੍ਹਨਾ ਪੈ ਜਾਂਦਾ ਹੈ।

ਅਬਦੁੱਲ ਕਦੂਸ ਕੈਫ਼ੀ ਖੋਲ ਚੜ੍ਹੇ ਚਿਹਰਿਆਂ ਨੂੰ ਬੜੇ ਗ਼ੌਰ ਨਾਲ਼ ਦੇਖਦਾ ਹੈ ਤੇ ਉਹਨਾਂ ਦੇ ਅਸਲੀ ਰੰਗ ਨੂੰ ਪਹਿਚਾਣ ਜਾਂਦਾ ਹੈ। ਉਹਦੀ ਅੱਖ ਬੜੀ ਡੂੰਘੀ ਹੈ ਤੇ ਉਹਦਾ ਖ਼ਿਆਲ ਬੜਾ ਨਵੇਕਲਾ ਤੇ ਬੜਾ ਸੋਹਣਾ ਹੈ। ਉਹ ਮੁਆਸ਼ਰੇ ਦੇ ਹਰ ਕਿਰਦਾਰ ਨੂੰ ਨੇੜੇ ਹੋ ਕੇ ਬੜੇ ਗ਼ੌਰ ਨਾਲ਼ ਦੇਖਦਾ ਹੈ ਤੇ ਆਖਦਾ ਹੈ ਕਿ:

ਰੰਗ ਨਸਲ ਦੇ ਝੇੜੇ ਲੱਕੋਂ ਲੈ ਗਏ ਨੇ
ਮੁੱਲਾਂ ਕੈਦੋਂ ਖੇੜੇ ਲੱਕੋਂ ਲੈ ਗਏ ਨੇ
ਆਪਣੇ ਦੁੱਖ ਤੇ ਨਾਲ਼ ਖ਼ੁਸ਼ੀ ਦੇ ਜਰਿਆ ਸਾਂ
ਉਹਦੇ ਦਰਦ ਸੁਨੇਹੜੇ ਲੱਕੋਂ ਲੈ ਗਏ ਨੇ।

ਇਕ ਤਜਰਬਾਕਾਰ ਲਿਖਾਰੀ ਦੀ ਤਰ੍ਹਾਂ ਅਬਦੁੱਲ ਕਦੂਸ ਕੈਫ਼ੀ ਆਪਣੇ ਅੱਜ

ਦੇ ਨਾਲ਼-ਨਾਲ਼ ਆਪਣੇ ਕੱਲ੍ਹ ਦੇ ਬਾਰੇ ਵੀ ਬੜਾ ਫ਼ਿਕਰਮੰਦ ਵਿਖਾਈ ਦਿੰਦਾ ਹੈ। ਉਹ ਕੱਚੇ ਘਰ ਦੇ ਦੁੱਖ, ਸ਼ਹਿਰ ਦੇ ਹਿਰਸ, ਜ਼ਮੀਨਾਂ ਦੇ ਲੋਭ ਤੇ ਉੱਚੀਆਂ ਹਵੇਲੀਆਂ ਦੇ ਅੰਦਰਾਂ ਦੇ ਖ਼ੌਫ਼ ਦੇ ਨਾਲ਼-ਨਾਲ਼ ਆਪਣੇ ਸ਼ਹਿਰ ਦੇ ਬਾਗ਼ਾਂ 'ਚ ਖਿੜੀਆਂ ਮਾਸੂਮ ਕਲੀਆਂ ਨੂੰ ਆਪਣੀਆਂ ਲਿਖਤਾਂ 'ਚ ਇਸ ਤਰ੍ਹਾਂ ਲੈ ਕੇ ਆਉਂਦਾ ਹੈ ਕਿ ਗੱਲ ਸਿੱਧੀ ਦਿਲ ਵਿਚ ਉਤਰ ਜਾਂਦੀ ਹੈ:

ਪਲਕਾਂ ਹੇਠ ਲੁਕਾ ਕੇ ਤਾਰੇ ਸੋਚ ਰਿਹਾਂ
ਆਵਣ ਵਾਲੇ ਕੱਲ੍ਹ ਦੇ ਬਾਰੇ ਸੋਚ ਰਿਹਾਂ
ਯਾਰ ਦਿਲਾਂ ਵਿਚ ਕੁਝ ਨਾ ਕੁਝ ਤੇ ਸਾਂਝਾ ਆ
ਤੂੰ ਮੇਰੇ ਮੈਂ ਤੇਰੇ ਬਾਰੇ ਸੋਚ ਰਿਹਾਂ।

ਸਾਡੀ ਮਿੱਟੀ ਦਾ ਇਕ ਅਲਮੀਆ ਇਹ ਵੀ ਆ ਕਿ ਇੱਥੇ ਜੰਮਣ ਵਾਲੇ ਪੰਖ-ਪੰਖੇਰੂ, ਨੀਲੇ ਅੰਬਰਾਂ ਦੇ ਖ਼ਾਬ, ਪਿਆਸੀਆਂ ਅੱਖਾਂ ਵਿਚ ਸਜਾ ਕੇ ਬਗ਼ੈਰ ਸੋਚੇ ਸਮਝੇ ਉੱਚੀ ਉਡਾਰੀ ਮਾਰ ਜਾਂਦੇ ਨੇ ਤੇ ਧਰਤੀ ਮਾਂ ਨੂੰ ਰੋਂਦਿਆਂ ਕੁਰਲਾਉਂਦਿਆਂ ਛੱਡ ਕੇ ਦੂਰ ਖਲੋਤੇ ਸ਼ਹਿਰਾਂ ਦੇ ਵੱਡੇ-ਵੱਡੇ ਮਹਿਲਾਂ ਤੇ ਉੱਚੇ-ਉੱਚੇ ਬੁਰਜਾਂ ਓਹਲੇ ਲੁਕ ਜਾਂਦੇ ਨੇ ਪਰ ਥੋੜ੍ਹੀ ਹੀ ਦੇਰ ਮਗਰੋਂ ਜਦੋਂ ਮਹਿਕਾਂ ਮਾਰਦੀ ਮਿੱਟੀ ਦੀ ਯਾਦ ਸਤਾਉਂਦੀ ਹੈ ਤੇ ਦਿਲਾਂ ਦੀ ਧੜਕਣ ਤੇਜ਼ ਹੋ ਜਾਂਦੀ ਹੈ, ਇਕ ਯਾਦ ਸੀਨੇ ਅੰਦਰ ਛਾਲਾਂ ਮਾਰਨ ਲੱਗ ਪੈਂਦੀ ਹੈ ਤੇ ਇਕ ਸ਼ੇਅਰ ਹੂਕ ਦੀ ਤਰ੍ਹਾਂ ਨਿਕਲਦਾ ਹੈ:

ਐਸ ਵਰ੍ਹੇ ਵੀ ਜਾ ਨੀਂ ਹੋਣਾ ਵਤਨਾਂ ਨੂੰ
ਫੇਰ ਨਵੇਂ ਅੱਜ ਕੈਫ਼ੀ ਲਾਰੇ ਸੋਚ ਰਿਹਾਂ।

ਰਗਾਂ ਵਿਚ ਜਵਾਨ ਲਹੂ ਦਾ ਸ਼ੋਰ ਸੁਣ ਕੇ ਅਬਦੁੱਲ ਕਦੂਸ ਕੈਫ਼ੀ ਵੀ ਸ਼ੋਹਰਤ, ਇੱਜ਼ਤ ਤੇ ਉੱਚੇ ਦਰਜਿਆਂ ਲਈ ਚਿਸ਼ਤੀਆਂ 'ਚੋਂ ਹਿਜਰਤ ਕਰਕੇ ਲਾਹੌਰ ਸ਼ਹਿਰ ਆ ਜਾਂਦਾ ਹੈ ਪਰ ਇਹੋ ਹਕੀਕਤ ਹੈ ਕਿ ਜਦੋਂ ਬੰਦਾ ਆਪਣਿਆਂ ਤੋਂ ਦੂਰ ਹੋ ਜਾਂਦਾ ਹੈ ਤੇ ਪ੍ਰਦੇਸ ਦੇ ਓਪਰੇਪਣ ਦੇ ਨਾਲ਼-ਨਾਲ਼ ਗਰਮ ਹਵਾਵਾਂ ਦੇ ਸੇਕ ਨਾਲ਼ ਪਰ ਸੜਦੇ ਮਹਿਸੂਸ ਹੁੰਦੇ ਹਨ, ਅੰਨ੍ਹੇ ਚਾਨਣ ਨਾਲ਼ ਅੱਖਾਂ ਅੰਨ੍ਹੀਆਂ ਹੋ ਜਾਂਦੀਆਂ ਹਨ ਤੇ ਇਕਲਾਪੇ ਦੇ ਸੰਗਲਾਂ ਵਿਚ ਜਕੜੀ ਹਯਾਤੀ ਕਮਰੇ ਵਿਚ ਬੈਠੀ ਦਹਾੜਾਂ ਮਾਰ-ਮਾਰ ਕੇ ਰੋਂਦੀ ਹੈ, ਕੁਰਲਾਉਂਦੀ ਹੈ ਪਰ ਸਕੂਨ ਨਹੀਂ ਆਉਂਦਾ, ਇਸੇ ਪਲ ਅੰਦਰ ਵਿਛੜੇ ਰਿਸ਼ਤੇ ਹੀ ਤਾਜ਼ਾ ਹਵਾ ਦੇ ਬੁੱਲੇ ਵਾਂਗਰ ਯਾਰ ਦੇ ਰੰਗਲੇ ਖ਼ਤ ਦੀ ਤਰ੍ਹਾਂ ਅੱਖਾਂ ਸਾਹਮਣੇ ਆਣ ਖਲੋਂਦੇ ਨੇ ਤੇ ਪੱਤਝੜ ਦੇ ਮੌਸਮਾਂ ਵਿਚ ਬਹਾਰ ਆ ਜਾਂਦੀ ਹੈ ਤੇ ਕੈਫ਼ੀ ਦੀ ਗ਼ਜ਼ਲ ਬਹਾਰ ਦੇ ਗੀਤਾਂ ਦੀ ਤਰ੍ਹਾਂ ਕੰਨਾਂ ਵਿਚ ਰਸ ਘੋਲਣ ਲੱਗ ਪੈਂਦੀ ਹੈ:

ਉਹ ਜਦ ਸੁਨੇਹਾ ਘਲਦਾ ਏ
ਮੌਸਮ ਵੀ ਰੰਗ ਬਦਲਦਾ ਏ
ਦਿਲ ਦੀ ਰੱਤ ਪਿਆਉਣੀ ਪੈਂਦੀ

ਐਵੇਂ ਸ਼ੇਅਰ ਨਈ ਢਲਦਾ ਏ।

ਥੋੜ੍ਹਾ ਵਕਤ ਗੁਜ਼ਾਰਦਾ ਹੈ, ਵੇਲੇ ਦੀਆਂ ਔਖਤਾਂ ਤੇ ਮੁਸੀਬਤਾਂ ਝੱਲਦੇ ਕੈਫ਼ੀ ਨੂੰ ਹੋਸ਼ ਆਉਂਦਾ ਹੈ ਤੇ ਹਿਜਰ ਦੀ ਅੱਗ ਵਿਚ ਸੜਦੇ ਪੱਖੂਆਂ ਦੀ ਤਰ੍ਹਾਂ ਸੋਚਦਿਆਂ ਆਪਣੇ ਆਪ ਤੋਂ ਪੁੱਛਦਾ ਕਿ ਕੈਫ਼ੀ ਤੂੰ ਕੀ ਕੀਤਾ? ਕਿੱਥੇ ਸੀ ਤੇ ਕਿੱਥੇ ਆਣ ਖਲੋਤਾ ਹੈ? ਕੀ ਹੁੰਦਾ ਸੀ ਤੇ ਕੀ ਹੋ ਗਿਆ ਏਂ? ਥੱਕ ਹਾਰ ਕੇ ਸੋਚਦਿਆਂ-ਸੋਚਦਿਆਂ ਕੈਫ਼ੀ ਦੀ ਅੱਖ ਲੱਗ ਜਾਂਦੀ ਹੈ ਤੇ ਸੁਫ਼ਨੇ ਵਿਚ ਬੁੜਬੜਾਉਂਦਾ ਹੈ ਕਿ:


ਦਿਲ ਦੀ ਤੱਕੜੀ ਤੋਲੇ ਅੱਥਰੂ
ਸੱਚ ਜਦੋਂ ਵੀ ਬੋਲੇ ਅੱਥਰੂ
ਕੈਫ਼ੀ ਦਿਲ ਦੇ ਆਖੇ ਲੱਗ ਕੇ
ਗਲੀਆਂ ਦੇ ਵਿਚ ਰੋਲੇ ਅੱਥਰੂ।

ਕੈਫ਼ੀ ਨੇ ਆਪਣੇ ਸ਼ਹਿਰ ਦੀਆਂ ਗਲੀਆਂ ਛਾਣੀਆਂ, ਹਿਜਰਤ ਦੇ ਦੁੱਖ ਝੱਲੇ, ਆਪਣਿਆਂ ਤੋਂ ਦੂਰ ਰਹਿ ਕੇ ਇਕਲਾਪੇ ਦੀ ਜੇਲ੍ਹ ਕੱਟੀ ਤੇ ਆਪਣੇ ਜਿਗਰ ਦਾ ਲਹੂ ਸ਼ੇਅਰਾਂ ਰਾਹੀਂ ਕੱਢ ਕੇ ਪੰਜਾਬੀ ਪਿਆਰਿਆਂ ਨੂੰ ਪੇਸ਼ ਕੀਤਾ। ਹੁਣ ਤੱਕ ਅਬਦੁੱਲ ਕਦੂਸ ਕੈਫ਼ੀ ਪੰਜਾਬੀ ਅਦਬ ਨੂੰ "ਕਮਲੀ ਅੱਖ ਦੇ ਵੈਣ", "ਸੰਘਣੀ ਛਾਂ" ਅਤੇ "ਵਿਹੜਾ ਅੱਖੀਆਂ ਦਾ" ਦੀ ਸ਼ਕਲ ਵਿਚ ਤਿੰਨ ਖ਼ੂਬਸੂਰਤ ਕਿਤਾਬਾਂ ਦੇ ਚੁੱਕਿਆ ਹੈ। ਅਬਦੁੱਲ ਕਦੂਸ ਕੈਫ਼ੀ ਪੰਜਾਬੀ ਜ਼ੁਬਾਨ ਦੇ ਨਾਲ਼-ਨਾਲ਼ ਉਰਦੂ ਵਿਚ ਵੀ ਸ਼ੇਅਰ ਕਹਿੰਦਾ ਹੈ ਤੇ ਉਹਦੀ ਉਰਦੂ ਸ਼ਾਇਰੀ ਦੀ ਇਕ ਕਿਤਾਬ ਵੀ ਪਬਲਿਸ਼ ਹੋ ਚੁੱਕੀ ਹੈ। ਅਬਦੁੱਲ ਕਦੂਸ ਕੈਫ਼ੀ ਅੱਜਕੱਲ੍ਹ ਲਾਹੌਰ ਤੋਂ ਵਾਪਸ ਆਪਣੇ ਅਬਾਈ ਸ਼ਹਿਰ ਚਿਸ਼ਤੀਆਂ ਆ ਚੁੱਕਿਆ ਹੈ। ਅਬਦੁੱਲ ਕਦੂਸ ਕੈਫ਼ੀ ਫਰਵਰੀ 2021 'ਚ ਸਰਕਾਰੀ ਮੁਲਾਜ਼ਮਤ ਤੋਂ ਰਿਟਾਇਰਮੈਂਟ ਲੈਣ ਤੋਂ ਬਾਅਦ ਆਪਣੇ ਮਾਜ਼ੀ ਵੱਲ ਵੇਖਦਾ ਹੈ ਤੇ ਆਪਣਾ ਕਲਮ ਚੁੱਕ ਕੇ ਬੜੇ ਫ਼ਖਰ ਨਾਲ਼ ਆਖਦਾ ਹੈ:

ਚੜ੍ਹਦੇ ਸੂਰਜ ਵਾਂਗ
ਸਵੇਰਾ ਕਰ ਦਿੱਤਾ
ਅੱਖਾਂ ਮੂਹਰਿਓਂ
ਦੂਰ ਹਨੇਰਾ ਕਰ ਦਿੱਤਾ
ਕੂੜ ਦਾ ਝੰਡਾ ਨੀਂਵਾਂ ਕਰਕੇ ਕੈਫ਼ੀ ਨੇ
ਆਪਣੇ ਸੱਚ ਦਾ ਨਾਮ ਉਚੇਰਾ ਕਰ ਦਿੱਤਾ
ਰੱਬ ਅਬਦੁੱਲ ਕਦੂਸ ਕੈਫ਼ੀ ਨੂੰ ਸਲਾਮਤ ਰੱਖੇ।

□□□

# ਚਿਸ਼ਤੀਆਂ ਦਾ ਦਰਵੇਸ਼ ਸ਼ਾਇਰ
# ਆਸ਼ਿਕ-ਅਲੀ-ਅੰਜੁਮ



ਸਾਂਵਲੀ ਰੰਗਤ, ਮਾਸੂਮ ਚਿਹਰੇ 'ਤੇ ਨਿੱਕੀ ਨਿੱਕੀ ਸਫ਼ੈਦ ਦਾੜ੍ਹੀ, ਭਰੀਆਂ ਅੱਖਾਂ 'ਚ ਰੋਂਦੇ ਕੁਰਲਾਉਂਦੇ ਸਮਾਜ ਦਾ ਗਹਿਰਾ ਦੁੱਖ, ਸੀਨੇ 'ਚ ਸ਼ੋਰ ਮਚਾਉਂਦਿਆਂ-ਮਚਾਉਂਦਿਆਂ ਥੱਕ ਹਾਰ ਕੇ ਮਾਯੂਸੀ ਦੀ ਬੁੱਕਲ 'ਚ ਲਿਪਟੀਆਂ ਜਿਉਂਦੀਆਂ-ਮਰਦੀਆਂ ਸੱਧਰਾਂ। ਦਰਵੇਸ਼ ਤਬੀਅਤ, ਆਜਜ਼ੀ, ਨਾ ਕਿਸੇ ਗੱਲ 'ਤੇ ਗੁੱਸਾ ਨਾ ਕੋਈ ਸ਼ਿਕਵਾ ਤੇ ਨਾ ਹੀ ਸ਼ਿਕਾਇਤ। ਹਜ਼ਾਰਾਂ ਦੁੱਖਾਂ ਨੂੰ ਸੀਨੇ 'ਚ ਦਬਾ ਕੇ ਬੁੱਲ੍ਹੀਆਂ 'ਤੇ ਮਸਨੂਈ ਹਾਸੇ ਰੱਖ ਕੇ ਯਾਰਾਂ ਦੇ ਜ਼ਖ਼ਮਾਂ 'ਤੇ ਮਰ੍ਹਮ ਰੱਖਣਾ ਉਹਦਾ ਹੀ ਖਾਸਾ ਸੀ। ਕੈਸਾ ਸ਼ਖਸ ਸੀ ? ਲੋਕਾਈ ਦੇ ਕੰਮ ਆਉਣਾ, ਦੋਸਤਾਂ ਦੇ ਮੋਢੇ ਨਾਲ਼ ਮੋਢਾ ਲਾ ਕੇ ਖਲੋਣਾ ਪਰ ਕਦੀ ਕੋਈ ਅਹਿਸਾਨ ਨਹੀਂ, ਕੋਈ ਵਿਖਾਵਾ ਨਹੀਂ, ਉਦਾਸ ਬੁੱਲ੍ਹੀਆਂ 'ਤੇ ਹਮੇਸ਼ ਇੱਕ ਮਹਿਕਦੇ ਫੁੱਲ ਦੀ ਤਰ੍ਹਾਂ ਨਿੱਕਾ ਜਿਹਾ ਹਾਸਾ ਰੱਖਣਾ ਉਹਦਾ ਇਹ ਕਮਾਲ ਸੀ। ਮੇਰੀਆਂ ਉਹਦੇ ਨਾਲ ਮੁਸ਼ਕਿਲ ਨਾਲ਼ ਕੋਈ ਦੋ ਚਾਰ ਮੁਲਾਕਾਤਾਂ ਹੀ ਹੋਣੀਆਂ ਪਰ ਖ਼ਬਰੇ ਕੀ ਜਾਦੂ ਸੀ ਉਹਦੇ ਕੋਲ਼, ਜਾਂਦਿਆਂ-ਜਾਂਦਿਆਂ ਮੁਰੀਦ ਕਰ ਗਿਆ। ਜੇ ਕਦੀ ਦੋਸਤਾਂ ਦੇ ਇਸਰਾਰ 'ਤੇ ਆਪਣੇ ਸੀਨੇ ਦਾ ਦਰਦ ਨਜ਼ਮਾਂ ਦੀ ਸ਼ਕਲ 'ਚ ਸੁਣਾਉਣਾ ਤੇ ਸੁਣਨ ਵਾਲਿਆਂ ਦੀਆਂ ਅੱਖਾਂ 'ਚੋਂ ਹੜ੍ਹ ਵਗ ਪੈਂਦਾ। ਉਹਦੀਆਂ ਨਜ਼ਮਾਂ ਸਾਡੇ ਵਸੇਬ ਦੇ ਦੁੱਖਾਂ ਤਕਲੀਫਾਂ ਦਾ ਹਕੀਕੀ ਅਕਸ ਹੁੰਦੀਆਂ ਸਨ। ਇਕ ਤੇ ਅੱਗ ਵਿੱਚ ਭਖਦੇ ਅੱਖਰਾਂ ਦਾ ਸੇਕ ਉੱਤੋਂ ਆਸ਼ਿਕ-ਅਲੀ-ਅੰਜੁਮ ਦੀ ਆਵਾਜ਼ ਦਾ ਸੋਜ਼ ਪੂਰੀ ਮਹਿਫਿਲ ਨੂੰ ਉਦਾਸ ਕਰ ਜਾਂਦਾ। ਆਲਾ-ਦਵਾਲ਼ਾ ਦਰਦ ਦੀ ਕੈਫ਼ੀਅਤ ਨਾਲ਼ ਸੁੰਨ ਹੋ ਜਾਂਦਾ, ਵਿਹੜੇ ਦਾ ਪਿੰਡਾ ਅੰਬਲ ਜਾਂਦਾ ਤੇ ਕੱਚੀਆਂ ਕੰਧਾਂ ਦਾ ਕਲੇਜਾ ਹਿਲ ਜਾਂਦਾ। ਆਸ਼ਿਕ-ਅਲੀ-ਅੰਜੁਮ ਸਿਗਰਟ ਦਾ ਲੰਮਾ ਕਸ਼ ਲਾਉਂਦਾ ਤੇ ਅਸਮਾਨਾਂ ਵੱਲ ਵੇਖ ਕੇ ਕਹਿੰਦਾ:

ਸੋਚਾਂ ਡੁੱਬੀਆਂ ਡੂੰਘ ਸਮੁੰਦਰਾਂ
ਪੈਂਡੇ ਕਰਦੀਆਂ ਅੱਖਾਂ
ਜੁੱਸਿਆਂ ਵਿੱਚ ਤਰੇੜਾਂ ਪਈਆਂ
ਹੰਝੂਆਂ ਭਰੀਆਂ ਅੱਖਾਂ
ਕੱਚੀ ਨੀਂਹ ਤੇ ਪਿੱਲੀਆਂ ਇੱਟਾਂ
ਬਣਦੇ ਕਿੰਝ ਚੁਬਾਰੇ

ਆਪਣੇ ਘਰ ਨੂੰ ਖਾ ਗਈਆਂ ਨੇ
ਆਪਣੇ ਘਰ ਦੀਆਂ ਅੱਖਾਂ।

1966 ਦੇ ਭਖਦੇ ਸੂਰਜ ਹੇਠਾਂ ਅੱਖਾਂ ਖੋਲ੍ਹਣ ਵਾਲ਼ਾ ਆਸ਼ਿਕ-ਅਲੀ-ਅੰਜੁਮ ਜਮਾਂਦਰੂ ਹੀ ਲੀਰੋ-ਲੀਰ ਹਯਾਤੀ ਨਾਲ ਵੰਨ-ਸੁਵੰਨੇ ਦੁੱਖਾਂ ਦੀ ਪੰਡ ਸਿਰ 'ਤੇ ਚੁੱਕੀ ਇਨ੍ਹਾਂ ਰੋਹੀ ਦਿਆਂ ਟਿੱਬਿਆਂ 'ਚ ਟੁਰਦਾ ਰਿਹਾ, ਸੜੀਆਂ ਰੁੱਤਾਂ, ਉਜੜੇ ਮੌਸਮ, ਥਲ ਦੇ ਭਖਦੇ ਟਿੱਬੇ ਤੇ ਨੰਗੇ ਪੈਰ ਤੁਰਦਿਆਂ-ਤੁਰਦਿਆਂ ਚੇਤਰ ਵਰਗੀ ਜਵਾਨ ਉਮਰ 'ਚ ਅਪੜਿਆ ਤੇ ਕੁਝ ਸੁਰਤ ਆਈ, ਆਲਾ-ਦਵਾਲ਼ਾ ਤੱਕਿਆ ਤੇ ਖਬਰਾਂ ਹੋਈਆਂ ਕਿ ਵੰਨ-ਸਵੰਨੇ ਪੰਛੀ ਹਵਾਵਾਂ ਦਾ ਸੀਨਾ ਚੀਰ ਕੇ ਹੱਥ ਨਾ ਆਵਣ ਵਾਲੇ ਸੁਫ਼ਨਿਆਂ ਦੀ ਤਰ੍ਹਾਂ ਕਦੀ ਇਧਰ ਲੰਘ ਜਾਂਦੇ ਨੇ ਤੇ ਕਦੀ ਉਧਰ ਤੇ ਦਰਵੇਸ਼ ਆਸ਼ਕ ਦੰਦਾਂ ਹੇਠ ਉਂਗਲਾਂ ਦੇ ਕੇ ਸੋਚੀਂ ਪੈ ਜਾਂਦਾ ਕਿ:

ਸੋਚ ਦੇ ਪੰਛੀ ਉਡਦੇ ਜਾਵਣ
ਹਾਰ ਦੇ ਕਿਧਰੇ ਪੁਗਦੇ ਜਾਵਣ
ਵੰਨੋ ਵੰਨ ਦੀਆਂ ਡਾਰਾਂ ਨੇ
ਰੁੱਤਾਂ ਨਾਲ ਬਹਾਰਾਂ ਨੇ
ਡਾਢੀ ਕੀਤੀ ਸੋਚ ਵਿਚਾਰ
ਰਹਿ ਖਲੋਤੇ ਅੱਧ ਵਿਚਕਾਰ
ਕੋਈ ਜੱਗ ਦਾ ਹਿੱਸਾ ਲਿਖ ਗਿਆ।
ਕੋਈ ਹੀਰ ਦਾ ਕਿੱਸਾ ਲਿਖ ਗਿਆ
ਕੋਈ ਦੋ ਦਿਨ ਪਹਿਲੇ ਟੁਰ ਗਿਆ ਸੀ
ਕੋਈ ਮੇਲੇ ਵਿੱਚ ਗਵਾਚ ਗਿਆ।

ਉਹ ਕੈਸਾ ਦਰਵੇਸ਼ ਸੀ ਕਦੀ ਉਹ ਆਪਣੀ ਗੁਮਨਾਮ ਜਾਤ ਨੂੰ ਵੇਖਦਾ ਕਦੀ ਤਖ਼ਤ 'ਤੇ ਬੈਠੇ ਰਾਜਿਆਂ ਨੂੰ ਵੰਨ-ਸੁਵੰਨੀਆਂ ਸੋਚਾਂ ਸੋਚਣ ਵਾਲ਼ਾ ਆਸ਼ਿਕ-ਅਲੀ-ਅੰਜੁਮ ਸੋਚਾਂ 'ਚ ਡੁੱਬੇ ਸ਼ਹਿਰ ਵੱਲ ਝਾਤੀ ਮਾਰਦਾ ਤੇ ਇਕਦਮ ਹੱਸ ਕੇ ਕਹਿ ਜਾਂਦਾ:

ਸੋਚਾਂ ਦੇ ਵਿੱਚ ਡੁੱਬੇ ਹੋਏ
ਸ਼ਹਿਰ ਵਖਾਲੀ ਦਿੰਦੇ ਨੇ
ਹਾਕਮ ਵੀ ਅੱਜ ਫੇਰ ਉਹਨਾਂ ਦੇ
ਕਹਿਰ ਵਿਖਾਲੀ ਦਿੰਦੇ ਨੇ।

ਇੱਕ ਸ਼ਾਇਰ ਸਮਾਜ ਤੇ ਵਸੇਬ ਦੇ ਦਰਦ ਤੋਂ ਕਿੰਝ ਬਚ ਸਕਦਾ ਹੈ, ਢਿੱਡ ਵਿਚ ਕੁਝ ਨਾ ਹੋਵੇ ਤੇ ਰਟਿਆ ਕਲਮਾ ਵੀ ਭੁੱਲ ਜਾਂਦਾ ਹੈ, ਅੱਖ ਦਾ ਪਾਣੀ ਸੁੱਕ ਜਾਂਦਾ ਹੈ, ਬੰਦਾ ਅੰਬਰਾਂ 'ਚ ਉੱਡਦੇ ਬੱਦਲਾਂ ਨੂੰ ਵੇਖਦਾ ਹੈ ਤੇ ਸੀਨੇ 'ਚ ਉਬਾਲ ਜਿਹੇ ਉੱਠਣ ਲੱਗ ਪੈਂਦੇ ਨੇ ਤੇ ਲੁਕਾਈ ਦੇ ਦਰਦ 'ਚ ਡੁੱਬੇ ਹੋਏ ਦਰਵੇਸ਼ ਸ਼ਾਇਰ ਨੂੰ

ਇਹ ਕਹਿਣਾ ਪੈਂਦਾ ਹੈ ਕਿ:

ਸੋਚਾਂ ਵਿੱਚ ਸਵਾਲ ਉਠਦੇ ਨੇ
ਸੀਨੇ ਵਿੱਚ ਉਬਾਲ ਉੱਠਦੇ ਨੇ
ਦੁਖੜੇ ਗਿਣ ਗਿਣ ਸੌਂ ਜਾਨਾ ਵਾਂ
ਤੜਕੇ ਫੇਰ ਇਹ ਨਾਲ ਉੱਠਦੇ ਨੇ।

ਆਸ਼ਿਕ-ਅਲੀ-ਅੰਜੁਮ ਨੂੰ ਇਸ ਜ਼ਿੰਦਗੀ ਦੀਆਂ ਔਖਤਾਂ ਦਾ ਪਤਾ ਸੀ। ਇਸ ਲਈ ਉਹ ਕਦੀ ਹਿੰਮਤ ਨਹੀਂ ਹਾਰਿਆ, ਡਿਗਦਾ ਰਿਹਾ, ਟੁਰਦਾ ਰਿਹਾ, ਕਿੰਨੀ ਵਾਰੀ ਸਾਹ ਚੜ੍ਹਿਆ, ਲੱਤਾਂ ਜਵਾਬ ਦੇ ਗਈਆਂ ਪਰ ਡਟਿਆ ਰਿਹਾ, ਹਮੇਸ਼ਾਂ ਇਹੋ ਸੋਚਿਆ ਕਿ ਰਾਤ ਜਿੰਨੀ ਵੀ ਕਾਲੀ ਹੋ ਜਾਵੇ ਸਵੇਰ ਦਾ ਰਾਹ ਨਹੀਂ ਡੱਕ ਸਕਦੀ। ਆਸ਼ਿਕ-ਅਲੀ-ਅੰਜੁਮ ਆਮ ਦਰਵੇਸ਼ ਨਹੀਂ ਸੀ ਸਗੋਂ ਡੂੰਘਾ ਦਰਵੇਸ਼ ਸੀ। ਇਸੇ ਲਈ ਪੈਰਾਂ 'ਚ ਬੁੱਲ੍ਹੇ ਦੇ ਘੁੰਗਰੂ ਬੰਨ੍ਹ ਕੇ ਉੱਚੀ ਉੱਚੀ ਕਹਿਣ ਲੱਗਾ:

ਗਿੱਲੀ ਥਾਂ ਤੋਂ ਬਚਦਾ ਰਹਿਨਾਂ
ਇਸੇ ਲਈ ਤੇ ਮੱਚਦਾ ਰਹਿਨਾਂ
ਜੱਗ ਦੇ ਇਸ ਵਰਤਾਵੇ ਦੇ ਵਿੱਚ
ਬੁੱਲੇ ਵਾਂਗੂ ਨੱਚਦਾ ਰਹਿਨਾਂ

ਇੰਝ ਨਹੀਂ ਹੋਇਆ ਕਿ ਲੋਕਾਂ ਦੀ ਤਰ੍ਹਾਂ ਆਸ਼ਿਕ-ਅਲੀ ਆਇਆ ਤੇ ਉਹ ਗਿਆ। ਨਹੀਂ ਨਹੀਂ ਉਹ ਆਪਣੇ ਸਮਾਜ ਨੂੰ, ਆਪਣੇ ਵਸੇਬ ਨੂੰ, ਆਪਣੀ ਲੁਕਾਈ ਨੂੰ, ਆਪਣੇ ਪੜ੍ਹਿਆਰਾਂ ਨੂੰ ਆਪਣੇ ਜਿਗਰ ਦਾ ਲਹੂ ਨਿਚੋੜ ਕੇ "ਦੋ ਪਰਾਗੇ", "ਘੁੰਮਣਘੇਰੀਆਂ" ਤੇ "ਪੈਂਡੇ ਕਰਦੀਆਂ ਅੱਖਾਂ" ਦੇ ਕੇ ਗਿਆ। ਆਸ਼ਿਕ-ਅਲੀ-ਅੰਜੁਮ ਇਸ ਮਿੱਟੀ ਦੇ ਅਕਸਰ ਲਿਖਾਰੀਆਂ ਦੀ ਤਰ੍ਹਾਂ ਆਪਣੇ ਆਪ ਨੂੰ ਨੁਮਾਇਆ ਕਰਨ ਲਈ ਅਸਮਾਨਾਂ ਵੱਲ ਮੂੰਹ ਕਰਕੇ ਥੁੱਕਣ ਦੀ ਕੋਸ਼ਿਸ਼ ਨਹੀਂ ਸੀ ਕਰਦਾ, ਸਗੋਂ ਸੂਰਜ ਚੰਨ ਸਿਤਾਰਿਆਂ ਦੇ ਰੱਬ 'ਤੇ ਪੱਕਾ ਇਮਾਨ ਰੱਖਦਾ ਸੀ, ਉਹੋ ਗੱਲ ਸੀ ਕਿ ਆਪਣੇ ਜਵਾਨਾਂ ਨੂੰ ਹੱਲਾਸ਼ੇਰੀ ਦਿੰਦਿਆਂ ਹੋਇਆਂ ਆਖਦਾ ਸੀ ਕਿ:

ਸੋਚਾਂ ਵਿੱਚ ਜਹਾਨ ਨੂੰ ਰੱਖ
ਸੀਨੇ ਵਿੱਚ ਕੁਰਾਨ ਨੂੰ ਰੱਖ
ਅਜ਼ਲੀ ਦੁਸ਼ਮਣ ਭੁੱਲ ਨਾ ਜਾਵੀਂ
ਕਸ ਕੇ ਤੀਰ ਕਮਾਨ ਨੂੰ ਰੱਖ।

ਆਸ਼ਿਕ-ਅਲੀ-ਅੰਜੁਮ ਭਾਵੇਂ ਥਲ ਦੀ ਅੱਗ ਵਿੱਚ ਸੜਦਾ ਰਿਹਾ ਪਰ ਆਪਣੇ ਨਾਂ ਦੀ ਤਰ੍ਹਾਂ ਹਮੇਸ਼ਾ ਇੱਕ ਸੁੱਚਾ ਤੇ ਖਰਾ ਆਸ਼ਕ ਹੀ ਰਿਹਾ। ਉਹਦਾ

ਇਸ਼ਕ ਸੀ ਆਪਣੇ ਸਮਾਜ ਨਾਲ, ਆਪਣੀਆਂ ਰੀਤਾਂ ਤੇ ਰਸਮੋਂ-ਰਿਵਾਜ ਨਾਲ਼, ਉਹਦਾ ਇਸ਼ਕ ਸੀ ਆਪਣੀਆਂ ਨਜ਼ਮਾਂ ਤੇ ਗਜ਼ਲਾਂ ਨਾਲ਼, ਉਹਦਾ ਇਸ਼ਕ ਸੀ ਆਪਣੀ ਬੋਲੀ ਨਾਲ਼। ਉਹਦਾ ਇਹ ਇਸ਼ਕ ਜਨੂੰਨ ਬਣ ਕੇ ਮਰਦੇ ਦਮ ਤੱਕ ਰਿਹਾ ਤੇ ਮੈਨੂੰ ਪੱਕ ਆ ਕਿ ਕਿਆਮਤ ਤੱਕ ਰਹੇਗਾ। ਉਹ ਆਸ਼ਿਕ ਇਹੋ ਜਿਹਾ ਆਸ਼ਿਕ ਸੀ ਜੋ ਕਦੀ-ਕਦੀ ਅੱਖਾਂ ਬੰਦ ਕਰਕੇ ਇਸ਼ਕ ਦਾ ਐਸਾ ਰਾਗ ਛੇੜ ਦਿੰਦਾ ਕਿ ਆਲਾ-ਦੁਆਲਾ ਵੀ ਇਸ਼ਕ ਹਕੀਕੀ 'ਚ ਡੁੱਬ ਜਾਂਦਾ ਤੇ ਉਹਦੇ ਸੀਨੇ 'ਚੋਂ ਹੌਲੀ-ਹੌਲੀ ਆਵਾਜ਼ ਆਉਂਦੀ ਕਿ:

ਆਪ ਹੀ ਚੰਨ ਤੇ ਆਪ ਹੀ ਤਾਰਾ
ਸਭ ਕੁਝ ਆਪੇ ਆਪ ਦੁਖਿਆਰਾ
ਚਾਰ ਚੁਫ਼ੇਰੇ ਦਮ-ਦਮ ਅੰਦਰ
ਫੇਰ ਵੀ ਜਾਪੇ ਕੱਲਾ ਕਾਰਾ
ਮੈਂ ਮਾਹੀ ਦਾ ਸਾਂਝੇਦਾਰ
ਭਾਵੇਂ ਮੈਂ ਇਕ ਮਿੱਟੀ ਗਾਰਾ।

ਆਪਣੇ ਆਪ ਨੂੰ ਮਿੱਟੀ ਗਾਰਾ ਕਹਿਣ ਵਾਲ਼ਾ ਲਿਸ਼ਕਦਾ ਤਾਰਾ 27 ਜਨਵਰੀ 2021 ਨੂੰ ਸਾਨੂੰ ਰੋਂਦਿਆਂ ਛੱਡ ਕੇ ਅੰਬਰਾਂ 'ਚ ਗਵਾਚ ਗਿਆ।

□□□

# ਕਣਕਾਂ 'ਚ ਖਲੋਤਾ ਰੰਗਲਾ ਮੋਰ
# ਸ਼ਹਿਜ਼ਾਦ ਜੋਈਆ



ਮੈਂ ਪਹਿਲੀ ਵਾਰੀ ਉਹਨੂੰ ਉਹਦੀ ਫੋਟੋ ਰਾਹੀਂ ਮਿਲਿਆ। ਉਹ ਇੱਕ ਪੁਰਾਣੀ ਜਿਹੀ ਸਾਈਕਲ, ਜਿਹਦੇ ਦੋਹਾਂ ਪਾਸੇ ਪੁਰਾਣੀਆਂ ਬੋਤਲਾਂ ਤੇ ਕਾਗਤਾਂ ਨਾਲ ਭਰੇ ਥੈਲੇ ਲਟਕ ਰਹੇ ਸਨ ਤੇ ਇੰਜ ਬੈਠਾ ਮੁਸਕੁਰਾ ਰਿਹਾ ਸੀ ਜਿਵੇਂ ਮੁਗਲੀਆ ਦੌਰ ਦਾ ਕੋਈ ਸ਼ਹਿਜ਼ਾਦਾ ਪਹਿਲੀ ਵਾਰੀ ਸ਼ਾਹੀ ਤਖ਼ਤ 'ਤੇ ਬੜੇ ਚਾਵਾਂ ਨਾਲ ਬੈਠਾ ਹੋਵੇ। ਗੰਦਮੀ ਰੰਗ ਤੇ ਨਿੱਕੀ-ਨਿੱਕੀ ਦਾੜ੍ਹੀ, ਚਿਹਰੇ 'ਤੇ ਚੇਤਰ ਦੇ ਗੁਲਾਬਾਂ ਵਰਗਾ ਮਾਸੂਮ ਹਾਸਾ, ਖੇਤਾਂ ਵਿੱਚ ਖਿੜੀ ਕਪਾਹਵਾਂ ਦੇ ਰੰਗ ਵਰਗੇ ਚਿੱਟੇ ਸਫੈਦ ਦੰਦ ਤੇ ਵਾਰਸ ਸ਼ਾਹ ਦੇ ਰੰਗਲੇ ਪੰਜਾਬ ਦੇ ਗੱਭਰੂਆਂ ਵਰਗਾ ਪਿੰਡਾ ਤੇ ਬੁੱਲ੍ਹੀਆਂ 'ਤੇ ਮੁਹੱਬਤਾਂ ਭਰੀਆਂ ਨਜ਼ਮਾਂ। ਉਸ ਤੋਂ ਬਾਅਦ ਅਕਸਰ ਉਹਦੇ ਨਾਲ ਮੁਲਾਕਾਤਾਂ ਦਾ ਸਿਲਸਿਲਾ ਉਹਦੀ ਫੋਟੋਆਂ ਰਾਹੀਂ ਚਲਦਾ ਰਿਹਾ। ਕਦੀ ਉਹ ਫੋਟੋ ਖਿਚਾਣ ਲਈ ਪਿੰਡ ਦੀ ਟਾਹਲੀ ਹੇਠਾਂ ਬੈਠੇ ਮਲੰਗ ਦੇ ਗਲਮੇ 'ਚੋਂ ਮੋਟੇ-ਮੋਟੇ ਮਣਕਿਆਂ ਵਾਲੀ ਤਸਬੀ ਉਤਾਰ ਕੇ ਆਪਣੇ ਗਲ ਵਿੱਚ ਪਾ ਲੈਂਦਾ, ਕਦੀ ਗਲੀਆਂ 'ਚ ਪਾਟੇ-ਪੁਰਾਣੇ ਲੀੜਿਆਂ 'ਚ ਨਸਦੇ ਫਿਰਦੇ ਨਿਆਣਿਆਂ ਦੇ ਨਾਲ ਬੰਟੇ ਗਗੜਾਂ ਖੇਡਦਿਆਂ ਦੀ ਫੋਟੋ ਖਿੱਚ ਕੇ ਚੜ੍ਹਦੇ ਤੇ ਲਹਿੰਦੇ ਪੰਜਾਬ ਦਿਆਂ ਪੰਜਾਬੀਆਂ ਦੇ ਬੁੱਲ੍ਹਾਂ 'ਤੇ ਪਤਾਸਿਆਂ ਵਰਗੇ ਹਾਸੇ ਵੰਡਦਾ ਵਿਖਾਈ ਦਿੰਦਾ ਤੇ ਕਦੀ ਉਹ ਮਸਤ ਹਵਾਵਾਂ 'ਚ ਹੱਸਦੀਆਂ ਕਣਕਾਂ ਦੀਆਂ ਖੇਤੀਆਂ 'ਚ ਖਲ੍ਹੋ ਕੇ ਗਲ ਵਿੱਚ ਤੁਫੈਲੇ ਮਰਾਸੀ ਦਾ ਢੋਲ ਪਾ ਕੇ ਪੂਰੇ ਜ਼ੋਰ ਨਾਲ ਇੰਝ ਹੱਸਦਾ ਕਿ ਉਹਦੀਆਂ ਕਣਕਾਂ ਦੇ ਰੰਗ ਵਰਗੀਆਂ ਗੱਲ੍ਹਾਂ ਤੇ ਨਿੱਕੀ-ਨਿੱਕੀ ਕਾਲੀ ਦਾੜ੍ਹੀ 'ਚੋਂ ਸ਼ਰਬਤੀ ਬੁੱਲ੍ਹਾਂ ਦੀ ਬਾਰੀ ਖੁੱਲ੍ਹ ਜਾਣੀ ਤੇ ਤਾਜ਼ਾ ਮੱਖਣ ਦੇ ਪੇੜੇ ਵਰਗੇ ਚਿੱਟੇ ਦੰਦਾਂ ਦਾ ਲਿਸ਼ਕਾਰਾ ਅੱਖਾਂ ਕੱਢਦੇ ਸੂਰਜ ਦੀਆਂ ਤਰਿੱਖੀਆਂ ਕਿਰਨਾਂ ਨਾਲ ਟਕਰਾ ਜਾਂਦਾ। ਉਹ ਕਦੀ ਮਸਤ ਮਲੰਗ, ਕਦੀ ਫ਼ਕੀਰ, ਕਦੀ ਰਾਂਝਾ, ਕਦੀ ਹੀਰ, ਕਦੀ ਉੱਕਾ ਮਰਿਆ-ਮੁੱਕਿਆ ਤੇ ਕਦੀ ਮੁਰੱਬਿਆਂ ਦਾ ਮਾਲਕ ਪਿੰਡ ਦਾ ਨੰਬਰਦਾਰ, ਚੌਧਰੀ ਤੇ ਵੱਡਾ ਜਾਗੀਰਦਾਰ। ਮੈਨੂੰ ਉਹਦੀ ਕੱਖ ਸਮਝ ਨੀ ਸੀ ਆ ਰਹੀ ਕਿ ਆਖ਼ਰ ਇਹ ਕੌਣ ਹੈ ? ਕਿੱਥੇ ਰਹਿੰਦਾ ਹੈ ? ਮੈਂ ਇਹਨਾਂ ਸਵਾਲਾਂ ਦੇ ਜਵਾਬ ਲੱਭ ਹੀ ਰਿਹਾ ਸੀ ਕਿ ਉਹਦੀ ਇਕ ਫੋਟੋ ਅੱਖਾਂ ਅੱਗੇ ਆ ਗਈ, ਜਿਹੜੀ ਹਮੇਸ਼ਾ ਦੀ ਤਰ੍ਹਾਂ

ਹੱਸੀ ਜਾ ਰਹੀ ਸੀ ਤੇ ਨਾਲ਼ ਮੁਸਕਰਾਉਂਦਿਆਂ ਹੋਇਆਂ ਕਹਿ ਰਹੀ ਸੀ:

ਮੈਂ ਹਾਲੀ ਮੈਂ ਰੱਜਿਆ ਪੁੱਜਿਆ
ਹੰਝੂ ਮੇਰੇ ਕੰਮੀ
ਮੇਰੇ ਸੁਖ ਦੀ ਲਿਸ਼ਕੇ ਮੇਰੇ
ਹੱਥਾਂ ਦੇ ਵਿੱਚ ਜੰਮੀ
ਮੈਂ ਜੋਗੀ ਮੈਂ ਭੁੱਖਣ ਭਾਣਾ
ਵੇਲਾ ਮੈਨੂੰ ਠੱਗੇ
ਆਵਣ ਵਾਲੇ ਪਲ ਦਾ ਮੱਥਾ
ਪਿਛਲੇ ਵਰਗਾ ਲੱਗੇ।

ਉਹਦੇ ਨਾਲ਼ ਗੱਲ ਕਰਕੇ ਚੰਗਾ ਲੱਗਿਆ ਜਿਵੇਂ ਵਰ੍ਹਿਆਂ ਦਾ ਥਕੇਵਾਂ ਲਹਿ ਗਿਆ ਹੋਵੇ ਤੇ ਨਾਲ਼ੇ ਉਹਦੇ ਬਾਰੇ ਜਾਣਕਾਰੀ ਦਾ ਤਜੱਸੁਸ ਹੋਰ ਵੱਧ ਗਿਆ। ਥੋੜ੍ਹੇ ਸਮੇਂ ਮਗਰੋਂ ਇਹ ਪਤਾ ਚੱਲ ਗਿਆ ਕਿ ਇਹਦਾ ਨਾਂ ਸ਼ਹਿਜ਼ਾਦ ਜੋਈਆ ਹੈ ਤੇ ਜਨਾਬ ਬਹਾਵਲਨਗਰ ਦੀ ਤਹਿਸੀਲ ਮਿਨਚਨ ਅਬਾਦ ਦੇ ਪਿੰਡ ਅੱਕਾਂਵਾਲੀ ਦੇ ਰਹਿਣ ਵਾਲੇ ਨੇ ਤੇ ਅੱਜਕੱਲ੍ਹ ਬਹਾਵਲਗਰ ਸ਼ਹਿਰ ਦੇ ਕਾਲਜ ਪੰਜਾਬੀ ਦੇ ਪ੍ਰੋਫੈਸਰ ਲੱਗੇ ਹੋਏ ਨੇ। ਇਹ ਜਾਣ ਕੇ ਮੈਨੂੰ ਇੱਕ ਹੋਰ ਝਟਕਾ ਲੱਗਿਆ ਕਿ ਪ੍ਰੋਫੈਸਰ? ਤੇ ਉਹ ਵੀ ਪੰਜਾਬੀ ਦੇ? ਮੈਂ ਹੈਰਾਨੀ ਨਾਲ ਸੋਚਦਾ ਰਿਹਾ ਕਿ ਅਗਰ ਇਹ ਕਾਲਜ ਦਾ ਪ੍ਰੋਫੈਸਰ ਹੈ ਤੇ ਉਹ ਫੋਟੋਆਂ 'ਚ ਕੌਣ ਸੀ? ਕਦੀ ਕਾਗਜ਼ ਚੁੱਕਣ ਵਾਲੇ ਸਾਈਕਲ 'ਤੇ, ਕਦੀ ਟਾਹਲੀ ਹੇਠ ਬੈਠੇ ਮਲੰਗ ਦੇ ਨਾਲ਼, ਕਦੀ ਪਿੰਡੇ ਦੇ ਪਾਟੇ-ਪੁਰਾਣੇ ਲੀੜਿਆਂ 'ਚ ਨੱਸਦੇ ਫਿਰਦੇ ਗਗੜਾਂ ਖੇਡਦੇ ਨਿਆਣਿਆਂ ਨਾਲ ਤੇ ਕਦੀ ਪਿੰਡ ਦੇ ਚੌਧਰੀ ਨਾਲ਼। ਇਹ ਮਾਜਰਾ ਕੀ ਹੈ? ਫਿਰ ਬਸ ਹੌਲ਼ੀ-ਹੌਲ਼ੀ ਖਬਰਾਂ ਹੋਈਆਂ ਕਿ ਇਹ ਪੰਜਾਬ ਦਾ ਉਹ ਗੱਭਰੂ ਹੈ ਜਿਹਨੇ ਬਾਬਾ ਬੁੱਲ੍ਹੇ ਸ਼ਾਹ ਦੀ ਤਰ੍ਹਾਂ ਆਪਣੇ ਅੰਦਰ ਦੀ "ਮੈਂ" ਨੂੰ ਮਾਰ ਕੇ ਹਰ ਕਿਸਮ ਦੇ ਇਨਸਾਨਾਂ ਨਾਲ ਜੀਣਾ ਸਿੱਖ ਲਿਆ ਹੈ। ਇਹ ਇਕ ਵੱਡਾ ਆਦਮੀ ਤੇ ਸੋਹਣਾ ਸ਼ਾਇਰ ਹੋਣ ਦੇ ਨਾਲ਼-ਨਾਲ਼ ਇੱਕ ਮਹਾਨ ਪੰਜਾਬੀ ਸੇਵਕ ਹੈ। ਉਹਦੀ ਨਜ਼ਮ ਵੇਖ ਕੇ ਇਕਦਮ ਚੌਂਕ ਗਿਆ ਕਿ ਬਾਕੀ ਅੱਖਰਾਂ ਦੀ ਇਹ ਉਡਾਨ ਕਿਸੇ ਸਤ੍ਹੀ ਇਲਮ ਰੱਖਣ ਵਾਲੇ ਦੀ ਕਦੀ ਵੀ ਨਹੀਂ ਹੋ ਸਕਦੀ:

ਨਿਤ ਅੱਖਾਂ ਵਿੱਚ ਖ਼ਾਬਾਂ ਖਿੜਨਾ
ਨਿਤ ਸੂਰਜ ਨੇ ਚੜ੍ਹਨਾ
ਨਿਤ ਮੰਡਾਸਾ ਬੰਨ੍ਹ ਦੁਖਾਂ ਨੇ
ਹਰ ਵਿਹੜੇ ਵਿੱਚ ਵੜਨਾ
ਨਿਤ ਬਲਬਾਂ ਨੇ ਅੰਨ੍ਹਾ ਚਾਨਣ

ਹਰ ਕਮਰੇ ਵਿੱਚ ਢੋਣਾ
ਨਿਤ ਘਰ ਬੈਠੀਆਂ ਸਾਂਝੀਆਂ ਲੋੜਾਂ
ਦੂਰ ਗਿਆਂ ਨੂੰ ਰੋਣਾ।

ਸ਼ਹਿਜ਼ਾਦ 7 ਜੁਲਾਈ 1989 'ਚ ਪੈਦਾ ਹੋਇਆ। ਮੁਢਲੀ ਤਾਲੀਮ ਆਪਣੇ ਆਬਾਈ ਇਲਾਕੇ ਅੱਕਾਂਵਾਲੀ ਮਿਕਲੋੜ ਗੰਜ ਤੇ ਮਿਨਚਨ ਅਬਾਦ ਤੋਂ ਹਾਸਲ ਕਰਨ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ 2013 'ਚ ਪੰਜਾਬੀ ਲਿਟਰੇਚਰ 'ਚ ਮਾਸਟਰ ਤੇ, 2016 'ਚ ਐਮ.ਫਿਲ. ਕੀਤਾ ਤੇ ਅੱਜਕੱਲ੍ਹ ਪੀਐਚ.ਡੀ. ਸਕਾਲਰ ਹੈ ਤੇ ਅਕਤੂਬਰ 2015 ਤੋਂ ਬਹਾਵਲਨਗਰ ਸਰਕਾਰੀ ਕਾਲਜ ਪੰਜਾਬੀ ਪੜ੍ਹਾ ਰਿਹਾ ਹੈ। ਸ਼ਹਿਜ਼ਾਦ ਉਤੋਂ ਭਾਵੇਂ ਹਰ ਵਕਤ ਹੱਸਣ-ਖੇਡਣ ਵਾਲ਼ਾ ਇਕ ਗੱਭਰੂ ਹੈ ਪਰ ਜਿੱਥੇ ਹਨੇਰੇ ਵੇਖਦਾ ਹੈ, ਜਿੱਥੇ ਜ਼ੁਲਮ ਅੱਗੇ ਚੁੱਪਾਂ ਵੱਟੀ ਸਮਾਜ ਵੇਖਦਾ ਹੈ, ਉਥੇ ਉਹਦੇ ਲਹੂ ਵਿੱਚੋਂ ਬਹਾਵਲਨਗਰ ਦੀ ਮਿੱਟੀ ਬੋਲ ਪੈਂਦੀ ਹੈ ਤੇ ਉਹ ਪੂਰੇ ਜ਼ੋਰ ਨਾਲ਼ ਆਖਦਾ ਹੈ:

ਜਿਹੜਾ ਸਿਰ ਵੀ ਇੱਥੇ ਝੁਕਿਆ ਹੋਇਆ ਹੈ,
ਇੰਝ ਹੀ ਸਮਝੋ ਮਰਿਆ ਮੁੱਕਿਆ ਹੋਇਆ ਹੈ
ਉਹਨੂੰ ਮਸਜਿਦ ਮੰਦਰ ਲੱਭਦੇ ਫਿਰਦੇ ਨੇ
ਜਿਹੜਾ ਕਿਧਰੇ ਅੰਦਰ ਲੁਕਿਆ ਹੋਇਆ ਏ।

ਜਿਵੇਂ-ਜਿਵੇਂ ਸ਼ਹਿਜ਼ਾਦ ਜੋਈਆ ਨਾਲ਼ ਤੁਆਰੁੱਫ਼ ਹੁੰਦਾ ਗਿਆ ਉਵੇਂ-ਉਵੇਂ ਸੋਚਾਂ ਦੀਆਂ ਗੰਢਾਂ ਖੁੱਲ੍ਹਦੀਆਂ ਗਈਆਂ। ਵਕਤ ਗੁਜ਼ਰਨ ਦੇ ਨਾਲ਼-ਨਾਲ਼ ਮੈਂ ਸ਼ਹਿਜ਼ਾਦ ਜੋਈਆ ਨੂੰ ਪੜ੍ਹਦਾ ਰਿਹਾ ਤੇ ਖ਼ਬਰਾਂ ਹੋਈਆਂ ਕਿ ਉਹਦੇ ਅੰਦਰ ਨਾ ਰੂਹ ਨੂੰ ਖਾਣ ਵਾਲ਼ਾ ਹਸਦ ਏ, ਨਾ ਹੀ ਦੂਜੇ ਨਾਮ-ਨਿਹਾਦ ਸ਼ਾਇਰਾਂ ਦੀ ਤਰ੍ਹਾਂ ਲੋਭ ਤੇ ਹਵਸ ਦਾ ਮਾਰਿਆ ਹੋਇਆ ਲਿਖਾਰੀ ਹੈ, ਸਗੋਂ ਆਪਣੇ ਸ਼ੇਅਰਾਂ ਵਾਂਗਰ ਉੱਕਾ ਸਾਫ਼ ਤੇ ਖਰਾ ਇਨਸਾਨ ਹੈ।

ਸ਼ਹਿਜ਼ਾਦ ਜੋਈਆ ਦੇ ਸ਼ੇਅਰਾਂ ਦੀ ਬੇਸਾਖ਼ਤਗੀ ਤੇ ਬਰਜ਼ਸਤਗੀ ਵਗਦੇ ਪਾਣੀਆਂ ਤਰ੍ਹਾਂ ਮਹਿਸੂਸ ਹੁੰਦੀ ਹੈ। ਉਹਦੇ ਸ਼ੇਅਰ ਪੜ੍ਹ ਕੇ ਇੰਝ ਜਾਪਦਾ ਹੈ ਕਿ ਜਿਵੇਂ ਬੰਦਾ ਹਵਾਵਾਂ 'ਚ ਬਣ ਰਹੀਆਂ ਤਸਵੀਰਾਂ ਵੇਖ ਰਿਹਾ ਹੋਵੇ:

ਉਮਰੋਂ ਲੰਮਾ ਪੰਧ ਤੇ ਮੈਂ
ਰਾਵਾਂ ਕੱਢਣ ਦੰਦ ਤੇ ਮੈਂ
ਓਹਨੇ ਬੂਹਾ ਢੋਇਆ ਤੇ
ਦਿਲ ਰੱਖ ਆਇਆ ਕੰਧ 'ਤੇ ਮੈਂ।

ਸ਼ਹਿਜ਼ਾਦ ਜੋਈਆ ਦੀ ਹਾਲੇ ਕੋਈ ਕਿਤਾਬ ਛਾਪੇ ਨਹੀਂ ਚੜ੍ਹੀ ਪਰ ਜਿਹੜੀ

ਗੱਲ ਕਰਨ ਦਾ ਚੱਜ ਸ਼ਹਿਜ਼ਾਦ ਜੋਈਆ ਨੂੰ ਹੈ ਸ਼ਾਇਦ ਗਿਣਤੀ ਵਧਾਉਣ ਦੇ ਚੱਕਰਾਂ 'ਚ ਪਏ ਹਰ ਸਾਲ ਕਿਤਾਬਾਂ ਛਪਵਾਉਣ ਵਾਲੇ ਸ਼ਾਇਰਾਂ ਅਦੀਬਾਂ ਨੂੰ ਵੀ ਨਹੀਂ। ਤਸ਼ਬੀਹ, ਤਲਮੀਂਹ, ਅਲਾਮਤਾਂ ਅਤੇ ਇਸ਼ਤਿਆਰਿਆਂ ਨੂੰ ਵੱਖਰੇ ਅੰਦਾਜ਼ 'ਚ ਵਰਤਣ ਦਾ ਚੱਜ ਸ਼ਹਿਜ਼ਾਦ ਜੋਈਆ ਨੂੰ ਦੂਜਿਆਂ ਤੋਂ ਮੁਨਫ਼ਰਿਦ ਕਰ ਦਿੰਦਾ ਹੈ:

ਕਾਂ ਤੇ ਬੜਾ ਸਿਆਣਾ ਸੀ
ਵੇਖ ਰਿਹਾਂ ਵਾਂ ਗੰਦ 'ਤੇ ਮੈਂ
ਯੂਸੁਫ਼ ਵਿਕਣਾ ਏ ਸ਼ਹਿਜ਼ਾਦ,
ਓਹ ਏ ਦੌਲਤਮੰਦ ਤੇ ਮੈਂ।

ਸ਼ਹਿਜ਼ਾਦ ਜੋਈਆ ਪੰਜਾਬੀ ਸੇਵਕ ਵੱਡਾ ਹੈ ਜਾਂ ਸ਼ਾਇਰ ਵੱਡਾ ਮੈਂ ਹਾਲੇ ਤੱਕ ਫ਼ੈਸਲਾ ਨਹੀਂ ਕਰ ਸਕਿਆ। ਇਕ ਪਾਸੇ ਉਹਦੀਆਂ ਪੂਰੇ ਪੰਜਾਬ 'ਚ ਮਾਂ-ਬੋਲੀ ਲਈ ਕੋਸ਼ਸ਼ਾਂ ਵੇਖਦਾ ਹਾਂ, ਦੂਜੇ ਪਾਸੇ ਸਮੁੰਦਰਾਂ ਦੀਆਂ ਛੱਲਾਂ ਵਾਂਗਰ ਛਾਲਾਂ ਮਾਰਦੀਆਂ ਉਹਦੀਆਂ ਨਜ਼ਮਾਂ। ਸ਼ਹਿਜ਼ਾਦ ਜੋਈਆ "ਪੰਜਾਬੀ ਪ੍ਰਚਾਰ" ਤਨਜ਼ੀਮ ਦਾ ਜਨੂਬੀ ਪੰਜਾਬ ਦਾ ਪ੍ਰਧਾਨ ਹੈ। ਇਹਦੇ ਨਾਲ਼-ਨਾਲ਼ ਉਹ ਨਜ਼ਮਾਂ... ਬੋਲੀਆਂ ਤੇ ਗ਼ਜ਼ਲਾਂ ਦਾ ਸ਼ਾਇਰ। ਇਕ ਪਾਸੇ ਉਹ ਮਹਾਨ ਪੰਜਾਬੀ ਸੇਵਕ। ਦੂਜੇ ਪਾਸੇ ਮਹਾਨ ਸ਼ਾਇਰ:

ਸਾਵਾ ਦੁੱਖ ਆਂ
ਮੈਂ ਇਕ ਰੁੱਖ ਆਂ
ਵਿਚ ਥਲਾਂ ਦੇ
ਮਿਸਰੀ ਭੁੱਖ ਆਂ।

ਲੋਕਾਈ ਦੇ ਹਨੇਰਿਆਂ ਨੂੰ ਲਿਖਤਾਂ ਦੇ ਚਾਨਣ ਨਾਲ਼ ਰੌਸ਼ਨ ਕਰਨ ਵਾਲ਼ਾ ਸ਼ਹਿਜ਼ਾਦ ਜੋਈਆ ਹਰ ਵੇਲੇ ਇਸੇ ਆਹਰ 'ਚ ਲੱਗਿਆ ਰਹਿੰਦਾ ਹੈ ਕਿ ਕਿਸੇ ਦਿਲ ਨੂੰ ਤਕਲੀਫ਼ ਨਾ ਪਹੁੰਚੇ, ਕਿਸੇ ਅੱਖ 'ਚ ਅੱਥਰੂ ਨਾ ਆਵੇ, ਪਰਛਾਵੇਂ ਦੀ ਤਰ੍ਹਾਂ ਹਰਦਮ ਨਾਲ਼ ਰਹਿਣ ਵਾਲ਼ਾ ਸੱਜਣ, ਮਿੱਤਰ, ਜਿੰਦ ਤੇ ਜਾਨ ਕਦੀ ਮੰਜ਼ਰ ਤੋਂ ਹਟ ਵੀ ਜਾਵੇ ਉਹ ਗਿਲਾ ਨਹੀਂ ਕਰਦਾ, ਸਗੋਂ ਹੱਸ ਕੇ ਗੱਲ ਨੂੰ ਟਾਲ ਦਿੰਦਾ ਹੈ ਤੇ ਹੌਲੀ ਜਿਹੀ ਆਖਦਾ ਹੈ ਕਿ:

ਜੇ ਉਹ ਚੁੱਪਾਂ ਵੱਟ ਗਏ ਨੇ
ਮੇਰੇ ਸਾਹ ਕੀ ਘੱਟ ਗਏ ਨੇ ?
ਠੰਡੀ ਠਾਰ ਤਲੀ 'ਤੇ ਉਹ
ਬਲਦੇ ਹੰਝੂ ਸੱਟ ਗਏ ਨੇ।

ਲੋਕਾਈ ਨੂੰ ਜੋੜਨ ਵਾਲ਼ਾ ਸ਼ਹਿਜ਼ਾਦ ਜੋਈਆ ਹਰ ਵੇਲੇ ਮੁਹੱਬਤਾਂ ਦੀਆਂ

ਕਣਕਾਂ ਬੀਜਦਾ ਵਿਖਾਈ ਦਿੰਦਾ ਹੈ। ਉਹ ਕੂੰਜਾਂ ਦੀ ਡਾਰ ਨੂੰ ਅਸਮਾਨਾਂ 'ਚ ਉੱਡਦਾ ਵੇਖਦਾ ਹੈ ਤੇ ਇੰਝ ਲੱਗਦਾ ਏ ਜਿਵੇਂ ਉਹਦੇ ਕਲੇਜੇ ਵਿੱਚ ਠੰਡ ਪੈ ਗਈ ਹੋਵੇ। ਸ਼ਾਇਦ ਉਹ ਵਿਛੋੜੇ ਤੋਂ, ਵਿੱਥਾਂ ਤੋਂ ਤਕਸੀਮ ਹੋਣ ਤੋਂ ਬਹੁਤ ਘਬਰਾਉਂਦਾ ਹੈ, ਬਹੁਤ ਡਰਦਾ ਹੈ। ਇਸ ਲਈ ਉਹ ਅੱਜ ਵੀ ਭੁੱਲਿਆਂ ਨੂੰ ਚੀਖ-ਚੀਖ ਕੇ ਯਾਦ ਕਰਵਾ ਰਿਹਾ ਕਿ:

ਜਦੋਂ ਹਿਰਸ ਨੂੰ ਜਰਬਾਂ ਲੱਗੀਆਂ
ਤੇ ਵਿਹੜੇ ਤਕਸੀਮ ਹੋ ਗਏ
ਰੱਬ ਉਹਨੂੰ ਸਲਾਮਤ ਰੱਖੇ।

□□□

# ਬੰਦ ਗਲੀ ਦੇ ਆਖ਼ਰੀ ਮਕਾਨ ਦਾ ਵਾਸੀ
## ਇਮਰਾਨ ਨਕਵੀ



ਹਨੇਰੇ ਸੁੱਟਦੀ ਰਾਤ ਏ ਬੰਦ ਗਲੀ ਦੇ ਆਖ਼ਰੀ ਮਕਾਨ ਵਿਚ ਕੰਡਿਆਲੇ ਬਿਸਤਰ 'ਤੇ ਪਾਸੇ ਬਦਲਦਾ ਇੱਕ ਜਣਾ ਆਪਣੇ ਸੱਜੇ ਖੱਬੇ ਤੇ ਕਦੇ ਸਾਹਵੇਂ ਖਲੋਤੀ ਕੰਧ ਨੂੰ ਘੂਰ ਰਿਹਾ, ਹਰ ਕੰਧ ਦਾ ਵੱਖਰਾ ਰੰਗ ਹੈ, ਲਾਲ, ਕਾਲਾ, ਪੀਲਾ ਤੇ ਨੀਲਾ। ਡਰਦੇ ਮਾਰਿਆਂ ਅੱਖਾਂ ਨੂਟਦਾ ਹੈ ਤੇ ਨਚਦੇ ਪਰਛਾਵੇਂ ਸਾਹਵੇਂ ਆਣ ਖਲੋਂਦੇ ਨੇ। ਰਾਤਾਂ ਦੇ ਪਰਛਾਵੇਂ, ਅੱਗਾਂ ਦੇ ਪਰਛਾਵੇਂ, ਪਾਣੀ ਦੇ ਪਰਛਾਵੇਂ, ਉੱਚੇ-ਨੀਵੇਂ, ਵੱਡੇ ਤੇ ਛੋਟੇ ਪਰਛਾਵਿਆਂ ਦੀਆਂ ਡਰਾ ਦੇਣ ਵਾਲੀਆਂ ਚੀਕਾਂ ਤੇ ਕੁਰਲਾਟਾਂ ਪੂਰੇ ਕਮਰੇ 'ਚ ਫੈਲ ਰਹੀਆਂ ਹਨ। ਅੱਖਾਂ ਮੀਟੀ ਜਣਾ ਇਕਦਮ ਘਬਰਾ ਕੇ ਅੱਖਾਂ ਖੋਲ੍ਹ ਲੈਂਦਾ ਹੈ ਤੇ ਕੰਧਾਂ ਉੱਤੇ ਦੰਦੀਆਂ ਕੱਢ-ਕੱਢ ਨੱਚਣ ਵਾਲੇ ਕੁਝ ਪਰਛਾਵੇਂ ਤਾਂ ਛਲਾਵਿਆਂ ਵਾਂਗ ਗ਼ਾਇਬ ਹੋ ਜਾਂਦੇ ਨੇ ਤੇ ਕੋਈ ਛਾਲ ਮਾਰ ਕੇ ਮਕੜੀਆਂ ਦੇ ਜਾਲਿਆਂ 'ਚ ਲੁਕੀ ਛੱਤ ਉੱਤੇ ਚਾਮਚੜਿੱਕਾਂ ਵਾਂਗੂੰ ਪੁੱਠੇ ਲਮਕ ਜਾਂਦੇ ਹਨ। ਅੱਖਾਂ ਖੋਲ੍ਹਣ ਦੇ ਥੋੜ੍ਹੀ ਦੇਰ ਮਗਰੋਂ ਕਮਰੇ ਦਾ ਧੁੰਦਲਾ ਮੰਜ਼ਰ ਸਾਫ਼ ਹੋਣ ਲੱਗ ਪੈਂਦਾ ਹੈ। ਕੰਧਾਂ ਦੇ ਰੰਗ ਇਕਦਮ ਬਦਲ ਜਾਂਦੇ ਨੇ, ਕਮਰੇ 'ਚ ਥੋੜ੍ਹੀ ਦੇਰ ਲਈ ਚੁੱਪ ਦਾ ਚਾਨਣ ਫੈਲ ਜਾਂਦਾ ਹੈ। ਬੰਦ ਗਲੀ ਦੇ ਆਖ਼ਰੀ ਮਕਾਨ ਵਿਚ ਕੰਡਿਆਲੇ ਬਿਸਤਰ 'ਤੇ ਲੇਟਿਆ ਹੋਇਆ ਜਣਾ ਗ਼ਾਇਬ ਹੋਣ ਵਾਲੇ ਪਰਛਾਵਿਆਂ ਨੂੰ ਸੋਚਦਿਆਂ-ਸੋਚਦਿਆਂ ਹੌਲ਼ੀ ਜਿਹੀ ਨਾਲ਼ ਮੇਜ਼ 'ਤੇ ਪਏ ਗੁਲਦਸਤੇ ਦੇ ਕੰਨਾਂ 'ਚ ਆਖਦਾ ਹੈ ਕਿ:

ਇਕ ਪਰਛਾਵਾਂ ਮੇਰੇ ਹੱਥੀਂ ਪੈਰੀਂ ਬੰਨ੍ਹੇ ਰੱਸੇ
ਇਕ ਪਰਛਾਵਾਂ ਠੁੱਡੇ ਮਾਰੇ ਇਕ ਪਰਛਾਵਾਂ ਹੱਸੇ
ਇਕ ਪਰਛਾਵਾਂ ਕੰਧੋਂ ਲਹਿ ਕੇ ਮਾਰੇ ਹਿੱਕ 'ਤੇ ਮੁੱਕਾ
ਇਕ ਪਰਛਾਵਾਂ ਆ ਕੇ ਮੇਰੇ ਅੱਗੇ ਪਿੱਛੇ ਨੱਸੇ
ਇਕ ਪਰਛਾਵਾਂ ਸੂਰਜ ਬਣ ਕੇ ਸੁੱਟੇ ਭੜਕੀ ਅੱਗ 'ਚ
ਇਕ ਪਰਛਾਵਾਂ ਮੀਂਹ ਵਿੱਚ ਬੱਦਲ ਲੈ ਕੇ ਛਮ-ਛਮ ਵੱਸੇ।
ਇਕ ਪਰਛਾਵਾਂ ਜ਼ਹਿਰ ਦਾ ਠੂਠਾ ਦੇ ਕੇ ਆਖੇ ਪੀ ਜਾ
ਇਕ ਪਰਛਾਵਾਂ ਚਾਨਣ ਦੇ ਕੇ ਜੀਣ ਦਾ ਕਾਰਨ ਦੱਸੇ।

ਬੰਦ ਗਲ਼ੀ ਦੇ ਆਖਰੀ ਮਕਾਨ ਦਾ ਵਾਸੀ ਗੁਲਦਸਤੇ ਦੇ ਕੰਨਾਂ ਵਿੱਚ ਆਲੇ-

ਦਵਾਲੇ ਦੇ ਸੱਭੇ ਪਰਛਾਵਿਆਂ ਦੇ ਕਰਤੂਤ ਦੱਸ ਕੇ ਰਾਤ ਦੇ ਪਿਛਲੇ ਪਹਿਰ ਘਰ ਤੋਂ ਬਾਹਰ ਨੱਸ ਆਉਂਦਾ ਹੈ। ਅੱਧੀ ਰਾਤ ਦੀ ਚੁੱਪ ਤੇ ਸਹਿਮੀਆਂ-ਸਹਿਮੀਆਂ ਸੜਕਾਂ 'ਤੇ ਨੰਗੇ ਪੈਰੀਂ ਟੁਰਦਿਆਂ-ਟੁਰਦਿਆਂ ਬੰਦ ਗਲੀ ਦੇ ਆਖ਼ਰੀ ਮਕਾਨ ਦਾ ਵਾਸੀ ਥੋੜ੍ਹੀ ਹੀ ਦੂਰ ਜਾ ਕੇ ਰੁਕ ਜਾਂਦਾ ਹੈ ਤੇ ਕਾਲੀ ਰੱਤ 'ਚ ਡੁੱਬੀ ਸੜਕ ਨੂੰ ਗ਼ੌਰ ਨਾਲ਼ ਵੇਖਦਿਆਂ ਹੋਇਆਂ ਕੋਲ ਖਲੋਤੇ ਹਨੇਰਿਆਂ 'ਚ ਡੁੱਬੇ ਇੱਕ ਖੰਭੇ ਨੂੰ ਆਖਦਾ ਹੈ ਕਿ:

ਅੱਧੀ ਰਾਤੀ
ਘੁੱਪ ਹਨੇਰੇ
ਲਹੂ ਨਾਲ ਬੀਜੀਆਂ ਰਾਹਵਾਂ ਉੱਤੇ
ਕਲਮ 'ਕੱਲਾ ਟੁਰਿਆ ਜਾਵੇ
ਖ਼ਬਰੇ ਮੇਰਾ ਸਾਇਆ ਕਿਉਂ?

ਬੰਦ ਗਲੀ ਦੇ ਆਖ਼ਰੀ ਮਕਾਨ ਦਾ ਵਾਸੀ ਇੰਨੀ ਗੱਲ ਕਰਕੇ ਛੇਤੀ ਨਾਲ ਅੱਗੇ ਲੰਘ ਜਾਂਦਾ ਹੈ। ਇੰਝ ਲੱਗਦਾ ਸੀ ਜਿਵੇਂ ਉਹ ਹਨੇਰੀ ਰਾਤ 'ਚ ਨੱਸਣ ਦੇ ਭੇਦ ਬੜੇ ਚਿਰ ਤੋਂ ਜਾਣਦਾ ਹੋਵੇ। ਦੂਰ ਹੋਰ ਦੂਰ ਸਗੋਂ ਕਾਫ਼ੀ ਦੂਰ ਜਾ ਕੇ ਵਰ੍ਹਿਆਂ ਤੋਂ ਉਜੜੇ ਲੇਖਾਂ ਦੀ ਬੁੱਕਲ ਮਾਰੀ ਰੇਲਵੇ ਸਟੇਸ਼ਨ ਦੀਆਂ ਜੰਗਾਲ ਖਾਧੀਆਂ ਲਾਈਨਾਂ 'ਤੇ ਅੱਪੜ ਜਾਂਦਾ ਹੈ ਤੇ ਥੱਕ ਹਾਰ ਕੇ ਉਥੇ ਹੀ ਦੋ ਲਾਈਨਾਂ ਦੇ ਵਿਚਕਾਰ ਟੰਗਾਂ ਖਿਲਾਰ ਕੇ ਬਹਿ ਜਾਂਦਾ ਹੈ। ਥੋੜ੍ਹੀ ਦੇਰ ਮਗਰੋਂ ਉਹ ਅਸਮਾਨਾਂ ਤੇ ਕਾਲੇ ਬੱਦਲਾਂ 'ਚ ਭੋਰਾ ਕੁ ਮੂੰਹ ਕੱਢ ਕੇ ਝਾਤੀਆਂ ਮਾਰਨ ਵਾਲੇ ਇੱਕ ਨਿੱਕੇ ਜਿਹੇ ਤਾਰੇ ਵੱਲ ਵੇਖ ਕੇ ਉੱਚੀ ਦੇਣੀ ਆਖਦਾ ਹੈ ਕਿ:

ਨ੍ਹੇਰੇ ਪੈਂਡੇ ਮੁੱਕਦੇ ਨਹੀਓਂ
ਪੈ ਗਏ ਟੁਰ ਟੁਰ ਛਾਲੇ
ਅਸਮਾਨਾਂ 'ਤੇ ਤਾਰੇ ਕੋਈ ਨਹੀਂ
ਰਸਤਾ ਦੱਸਣ ਵਾਲੇ।

ਬੰਦ ਗਲੀ ਦੇ ਆਖ਼ਰੀ ਮਕਾਨ ਦੇ ਵਾਸੀ ਦੀ ਗੱਲ ਮੁੱਕਣ ਤੋਂ ਪਹਿਲਾਂ ਬੱਦਲਾਂ ਦੀ ਬੁੱਕਲ 'ਚੋਂ ਮੂੰਹ ਕੱਢਦਾ ਨਿੱਕਾ ਜਿਹਾ ਤਾਰਾ ਇਕਦਮ ਗਾਇਬ ਹੋ ਜਾਂਦਾ ਹੈ। ਬੰਦ ਗਲੀ ਦੇ ਆਖ਼ਰੀ ਮਕਾਨ ਦਾ ਵਾਸੀ ਆਪਣੇ ਅੱਗੇ ਵੇਖਦਾ ਹੈ ਕੋਈ ਨਜ਼ਰ ਨਹੀਂ ਆਉਂਦਾ। ਉਹ ਆਪਣੇ ਸੱਜੇ ਖੱਬੇ ਝਾਤੀ ਮਾਰਦਾ ਹੈ ਉਥੇ ਵੀ ਹਨੇਰੇ ਦੇ ਸਿਵਾ ਕੁਝ ਨਜ਼ਰ ਨਹੀਂ ਆਉਂਦਾ ਤੇ ਉਹ ਡਰ ਕੇ ਆਪਣੇ ਪਿੱਛੇ ਵੇਖਦਾ ਹੈ ਤੇ ਕਿਸੇ ਪਹਾੜ ਵਾਂਗੂੰ ਖਿਲਰੇ ਪੁਰਾਣੇ ਪਿੱਪਲ ਦੇ ਵੱਡੇ ਰੁੱਖ ਦਾ ਪਰਛਾਵਾਂ ਆਪਣੀਆਂ ਬਾਹਵਾਂ ਖਿਲਾਰੀ ਖੜੋਤਾ ਸੀ। ਬੰਦ ਗਲੀ ਦੇ ਆਖ਼ਰੀ ਮਕਾਨ ਦਾ ਵਾਸੀ ਇੱਕ ਪਿੱਪਲ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਜ਼ੋਰ ਦੇਣੀ ਆਖਦਾ ਹੈ ਕਿ:

ਚਾਵਾਂ ਵਾਲੇ ਮੌਸਮ ਖੁਸ ਗਏ

ਫਿੱਕੀ ਪੈ ਗਈ ਪੌਣ
ਜੇਕਰ ਸੱਚੀ ਗੱਲ ਕਰ ਦਈਏ
ਵੱਢ ਦਿੰਦੇ ਨੇ ਧੌਣ
ਸਭ ਨੂੰ ਆਪਣੀ-ਆਪਣੀ ਪਈ ਏ
ਮਹਿਰਮ ਦਿਲ ਦਾ ਕੌਣ ?

ਰਾਤ ਦਾ ਪੈਂਡਾ ਕਦੋਂ ਮੁੱਕਿਆ ਉਹਨੂੰ ਕੋਈ ਖ਼ਬਰ ਨਹੀਂ। ਕਿਹੜੇ ਵੇਲੇ ਬੰਦ ਗਲੀ ਦੇ ਆਖਰੀ ਮਕਾਨ ਦੇ ਕੰਡਿਆਲੇ ਬਿਸਤਰ 'ਤੇ ਜਾ ਸੁੱਤਾ ਉਹਨੂੰ ਕੋਈ ਸੁਰਤ ਨਹੀਂ। ਅੱਖ ਖੁੱਲ੍ਹੀ ਤੇ ਅੱਗਾਂ ਸੁੱਟਦੇ ਸੂਰਜ ਦੀਆਂ ਤਰਿੱਖੀਆਂ ਤੇ ਤੇਜ਼ ਕਿਰਨਾਂ ਸਾਹਵੇਂ ਖਲੋਤੀ ਪੁਰਾਣੀ ਕੰਧ ਦੇ ਸੀਨੇ 'ਤੇ ਆਣ ਖਲੋਤੀਆਂ ਸਨ, ਬੰਦ ਗਲੀ ਦੇ ਆਖ਼ਰੀ ਮਕਾਨ ਦਾ ਵਾਸੀ ਅੱਖਾਂ ਮਲਦਾ ਉੱਠ ਖਲੋਂਦਾ ਹੈ ਤੇ ਬਾਰੀ 'ਚੋਂ ਸੂਰਜ ਨੂੰ ਮੁਖ਼ਾਤਿਬ ਕਰਕੇ ਆਖਦਾ ਹੈ ਕਿ:

ਇਧਰ ਵੇਖ ਇਹ ਗੁਲਦਾਨ 'ਚ ਪਏ ਸੁੱਕੇ ਫੁੱਲਾਂ ਦੀ ਖ਼ੁਸ਼ਬੂ ਕਦੋਂ ਦੀ ਮਰ ਗਈ ਹੈ। ਇਹਦੀਆਂ ਖ਼ੁਸ਼ਕ ਟਹਿਣੀਆਂ ਦੀਆਂ ਅੱਖਾਂ 'ਚ ਤਰੇਲ ਚੀਕਾਂ ਮਾਰਦੀ ਵਿਖਾਈ ਦੇ ਰਹੀ ਹੈ। ਮਰਦਿਆਂ-ਮਰਦਿਆਂ ਇਨ੍ਹਾਂ ਸੁੱਕੀਆਂ ਟਹਿਣੀਆਂ ਦੀਆਂ ਬੁੱਲ੍ਹੀਆਂ 'ਤੇ ਇੱਕੋ ਗੱਲ ਹੈ ਕਿ:

ਅਸਮਾਨਾਂ ਤੇ ਸੂਰਜ ਉਬਲੇ
ਧਰਤੀ ਉੱਤੇ ਪਾਣੀ।
ਵਿੱਚ ਵਿਚਾਲੇ ਸੜਦੀ ਜਾਵੇ
ਠਰਦੀ ਜਿੰਦ ਨਿਮਾਣੀ।

ਬੰਦ ਗਲ਼ੀ ਦੇ ਆਖ਼ਰੀ ਮਕਾਨ ਦਾ ਵਾਸੀ ਆਪਣੇ ਸਰ੍ਹਾਣੇ ਥੱਲੋਂ ਇਕ ਕਾਗਜ਼ ਕੱਢਦਾ ਹੈ ਤੇ ਉਹਨੂੰ ਆਪਣੇ ਭੱਖਦੇ ਸੀਨੇ ਨਾਲ਼ ਲਾ ਕੇ ਇੱਕ ਵਾਰੀ ਫੇਰ ਖਿੜਕੀ 'ਚੋਂ ਝਾਤੀਆਂ ਮਾਰਦੀਆਂ ਸੂਰਜ ਦੀਆਂ ਕਿਰਨਾਂ ਨੂੰ ਆਖਦਾ ਹੈ ਕਿ:

ਰਾਤ ਭਰ ਹਨੇਰਿਆਂ ਨਾਲ਼ ਪਰਛਾਵਿਆਂ ਨਾਲ ਲੜ-ਲੜ ਕੇ ਮੈਂ ਨਿਢਾਲ ਕਿਉਂ ਹੋ ਜਾਨਾਂ ਵਾਂ, ਰਾਤਾਂ ਦਾ ਦਰਦ ਮੈਨੂੰ ਸੌਣ ਕਿਉਂ ਨਹੀਂ ਦਿੰਦਾ ? ਉਹ ਬੋਲਦਾ ਚਲਾ ਜਾਂਦਾ ਹੈ ਉਹ ਸੂਰਜ ਦੀਆਂ ਤੇਜ਼ ਕਿਰਨਾਂ ਤੋਂ ਸਵਾਲ ਕਰਦਾ ਹੈ ਕਿ ਧਰਤੀ ਦੀਆਂ ਕੰਧਾਂ ਲਹੂ ਲੁਹਾਨ ਕਿਉਂ ਹੋ ਗਈਆਂ ਨੇ ? ਵੱਡੇ ਤੇ ਤਗੜੇ ਪਰਛਾਵੇਂ ਕਮਜ਼ੋਰ ਤੇ ਮਾੜੇ ਪਰਛਾਵਿਆਂ ਨੂੰ ਚੀਰ-ਫਾੜ ਕੇ ਖਾ ਕਿਉਂ ਜਾਂਦੇ ਨੇ ? ਉਹ ਅੱਖਾਂ 'ਚ ਕਈ ਸਵਾਲ ਲੁਕਾਈ ਆਖਦਾ ਹੈ ਕਿ ਮੈਂ ਬੰਦ ਗਲੀ ਦੇ ਆਖ਼ਰੀ ਮਕਾਨ ਦੇ ਕੰਡਿਆਲੇ ਬਿਸਤਰ 'ਤੇ ਪਿਆ ਰੋਂਦਾ ਰਹਿੰਦਾ ਹਾਂ, ਕੁਰਲਾਉਂਦਾ ਰਹਿੰਦਾ ਹਾਂ, ਮੇਰੇ ਸੀਨੇ 'ਤੇ ਪੱਥਰਾਂ ਵਰਗੇ ਦੁੱਖਾਂ ਦਾ ਭਾਰ ਹੈ ਉਹਨੂੰ ਹੌਲ਼ਾ ਕਰਦੇ ਮੇਰੇ ਸਵਾਲਾਂ ਦਾ ਜਵਾਬ ਦੇ ਦੇ। ਉਹ ਚੀਕਦਿਆਂ-ਚੀਕਦਿਆਂ ਸੂਰਜ ਦੀਆਂ ਕਿਰਨਾਂ ਦੇ ਹੱਥ ਫੜ ਲੈਂਦਾ ਹੈ ਤੇ

ਉਹਦੀਆਂ ਮਿੰਨਤਾਂ ਤਰਲੇ ਕਰਦਿਆਂ ਆਖਦਾ ਹੈ ਕਿ ਇਹ ਮੇਰੀ ਬਸਤੀ ਮੇਰੇ ਸ਼ਹਿਰ ਤੇ ਮੇਰੇ ਵਰਗੀਆਂ ਰੋਂਦੀਆਂ ਕੁਰਲਾਂਦੀਆਂ ਜ਼ਿੰਦਗੀਆਂ ਦੇ ਹਾਲ ਆਪਣੇ ਸੂਰਜ ਤੀਕ ਅੱਪੜਾ ਦੇ, ਆਪਣੇ ਸੂਰਜ ਨੂੰ ਆਖੀਂ ਇਹ ਚਿੱਠੀ ਇਕ ਬੰਦ ਗਲੀ ਦੇ ਆਖ਼ਰੀ ਮਕਾਨ ਦੇ ਵਾਸੀ ਦੀ ਨਹੀਂ ਹੈ, ਸਗੋਂ ਪੂਰੀ ਬਸਤੀ ਤੇ ਪੂਰੇ ਸ਼ਹਿਰ ਦੀ ਹੈ:

ਜੋ ਅਫ਼ਸਾਨੇ ਦੁੱਖਾਂ ਦੇ ਨੇ
ਉਹਨਾਂ ਦਾ ਸਿਰਨਾਵਾਂ ਨਹੀਂ ਹੈ
ਇੱਥੇ ਹਰ ਕੋਈ 'ਕੱਲਾ ਰਹਿੰਦਾ
ਸੰਗੀ ਕੋਈ ਪਰਛਾਵਾਂ ਨਹੀਂ ਹੈ
ਲੰਮੀਆਂ ਲੰਮੀਆਂ ਬਾਤਾਂ ਵਾਂਗੂੰ
ਸਾਡੇ ਦਿਨ ਵੀ ਰਾਤਾਂ ਵਾਂਗੂੰ
ਇਕ ਦੂਜੇ ਦੇ ਪੱਖੇ ਪੈਂਦੇ
ਉੱਚੀਆਂ-ਨੀਵੀਆਂ ਜਾਤਾਂ ਵਾਂਗੂੰ।

ਬੰਦ ਗਲੀ ਦੇ ਆਖ਼ਰੀ ਮਕਾਨ ਦਾ ਵਾਸੀ ਬੋਲਦਿਆਂ-ਬੋਲਦਿਆਂ ਆਖਦਾ ਹੈ ਕਿ ਸੂਰਜ ਨੂੰ ਸਾਰੀਆਂ ਗੱਲਾਂ ਦੱਸ ਕੇ ਇਹ ਵੀ ਆਖ ਦੇਵੀਂ ਕਿ:

ਰਾਤਾਂ ਵਾਂਗੂ ਫੁੱਲ ਖਿੜੇ ਨੇ
ਧਰਤੀ ਵਿੱਚੋਂ ਉੱਗਿਆ ਨ੍ਹੇਰਾ
ਸਾਹਵਾਂ ਹਾਰੇ ਲੋਕੀ ਕਹਿੰਦੇ
ਵਾਵਾਂ ਦੇ ਵਿੱਚ ਘੁਲਿਆਂ ਨੇਰ੍ਹਾ।

ਬੰਦ ਗਲੀ ਦੇ ਆਖ਼ਰੀ ਮਕਾਨ ਦਾ ਵਾਸੀ ਸੂਰਜ ਨੂੰ ਚਿੱਠੀ ਘੱਲ ਕੇ ਥੋੜ੍ਹਾ ਸਕੂਨ 'ਚ ਆ ਜਾਂਦਾ ਹੈ ਜਿਵੇਂ ਕਿ ਉਹਦੇ ਸੀਨੇ ਤੋਂ ਭਾਰ ਲੱਥ ਗਿਆ ਹੋਵੇ, ਉਹਨੂੰ ਇੰਝ ਮਹਿਸੂਸ ਹੁੰਦਾ ਹੈ ਕਿ ਉਹਨੇ ਧੁੱਪਾਂ 'ਚ ਸੜਦੀ-ਬਲਦੀ ਧਰਤੀ ਦੇ ਦੁੱਖਾਂ ਦਾ ਹਾਲ ਅੰਬਰਾਂ ਤੀਕ ਅੱਪੜਾ ਦਿੱਤਾ ਹੈ ਪਰ ਹਨੇਰਿਆਂ ਤੋਂ ਡਰਦੇ ਜਣੇ ਨੂੰ ਖ਼ਬਰੇ ਹਾਲੀ ਹੋਰ ਔਖਤਾਂ ਦਾ ਸਾਹਮਣਾ ਸੀ ਕਿ ਘਰ ਤੋਂ ਬਾਹਰ ਨਿਕਲਦਾ ਹੈ ਤੇ ਅੱਗਾਂ ਸੁੱਟਦੇ ਸੂਰਜ ਦੇ ਸੇਕ ਨਾਲ਼ ਸੜਕਾਂ ਚੁੱਲ੍ਹੇ ਤੇ ਪਏ ਤਵੇ ਵਾਂਗ ਭਖ ਰਹੀਆਂ ਸਨ। ਗੱਡੀਆਂ ਸਕੂਟਰਾਂ ਤੇ ਮੋਟਰਾਂ ਦੇ ਸ਼ੋਰ ਤੇ ਕਾਲੇ ਧੂੰਏ ਨਾਲ ਦਰਖ਼ਤਾਂ 'ਤੇ ਬੈਠੇ ਪੰਛੀਆਂ ਦੇ ਰੰਗ ਸੜ ਕੇ ਸਵਾਹ ਹੋ ਗਏ ਸਨ, ਇੰਝ ਲੱਗਦਾ ਸੀ ਜਿਵੇਂ ਸਾਰਾ ਸ਼ਹਿਰ ਹੀ ਅੱਗ ਦੀ ਭੱਠੀ ਵਿੱਚੋਂ ਧੂੰਆਂ ਬਣ ਕੇ ਉੱਡ ਜਾਵੇਗਾ। ਬੰਦ ਗਲ਼ੀ ਦੇ ਆਖ਼ਰੀ ਮਕਾਨ ਦਾ ਵਾਸੀ ਇਹ ਮੰਜ਼ਰ ਵੇਖਦਾ ਹੈ ਤੇ ਉਹਦੇ ਕਲੇਜੇ 'ਚੋਂ ਇੱਕ ਲੰਮੀ ਹੂਕ ਨਿਕਲਦੀ ਹੈ:

ਰਗ ਰਗ ਦੇ ਵਿੱਚ ਜ਼ਹਿਰ ਸੀ ਉਥੇ
ਖ਼ਬਰੇ ਕਿਹੜਾ ਕਹਿਰ ਸੀ ਉਥੇ

ਬੱਦਲਾਂ ਦੇ ਵਿੱਚ ਪੈਰ ਸੜੇ ਸਨ
ਐਡਾ ਤੱਤਾ ਪਹਿਰ ਸੀ ਉਥੇ।


20 ਜੂਨ 1981 'ਚ ਬਹਾਵਲਨਗਰ ਦੀ ਇੱਕ ਬੰਦ ਗਲੀ ਦੇ ਆਖਰੀ ਮਕਾਨ 'ਚ ਅੱਖਾਂ ਖੋਲ੍ਹਣ ਵਾਲੇ ਦਾ ਨਾਂ ਇਮਰਾਨ ਹੈ ਜਿਹੜਾ ਕਈ ਵਰ੍ਹਿਆਂ ਤੀਕਰ ਰਾਤ ਦੇ ਹਨੇਰਿਆਂ ਤੇ ਭਖਦੇ ਸੂਰਜ ਦੀਆਂ ਅੱਗਾਂ ਨੂੰ ਜਰਦਾ ਰਿਹਾ ਪਰ ਹਯਾਤੀ ਦਾ ਸਫ਼ਰ ਨਹੀਂ ਰੋਕਿਆ, ਹਿੰਮਤ ਨਹੀਂ ਹਾਰਿਆ। ਉਹਨੇ ਉਰਦੂ ਲਿਟਰੇਚਰ 'ਚ ਮਾਸਟਰ ਕੀਤਾ ਤੇ ਅਦਬ ਦੀ ਦੁਨੀਆਂ 'ਚ ਐਸ.ਏ. (ਸਈਅਦ ਅਲੀ) ਇਮਰਾਨ ਨਕਵੀ ਦੇ ਨਾਮ ਤੋਂ ਪਹਿਚਾਨਿਆ ਜਾਣ ਲੱਗਿਆ। ਇਮਰਾਨ ਨਕਵੀ ਜਮਾਂਦਰੂ ਅਦੀਬ ਹੈ। ਉਹਨੇ ਨਿੱਕੀ ਉਮਰ 'ਚ ਹੀ ਆਪਣੀ ਤਾਲੀਮ ਦੇ ਦੌਰਾਨ 2002 ਵਿੱਚ ਉਰਦੂ ਕਹਾਣੀਆਂ ਦੀ ਕਿਤਾਬ "ਕਾਂਚ ਕੀ ਗੁੜੀਆ" ਆਪਣੇ ਪੜ੍ਹਿਆਰਾਂ ਨੂੰ ਦਿੱਤੀ। ਉਹਦੀ ਪੰਜਾਬੀ ਸ਼ਾਇਰੀ ਦੀ ਕਿਤਾਬ "ਪਾਣੀ ਦਾ ਪਰਛਾਵਾਂ" ਸਾਲ 2013 ਵਿੱਚ ਛਾਪੇ ਚੜ੍ਹੀ, ਜਿਹਨੂੰ ਮਹਿਕਾ ਅਦਬੀ ਐਵਾਰਡ ਨਾਲ਼ ਨਿਵਾਜ਼ਿਆ ਗਿਆ। ਇਮਰਾਨ ਨਕਵੀ ਉਰਦੂ ਅਫ਼ਸਾਨਾ, ਉਰਦੂ-ਪੰਜਾਬੀ ਸ਼ਾਇਰੀ, ਮੰਜ਼ਰ ਨਾਮੇ ਤੇ ਨਾਵਲ-ਨਿਗਾਰੀ ਕਰਦਾ ਹੈ। ਉਹਦਾ ਇੱਕ ਉਰਦੂ ਨਾਵਲ "ਤਸ਼ਕੀ" ਕਈ ਸਾਲਾਂ ਤੋਂ ਛਾਪੇ ਚੜ੍ਹਨ ਵਾਲ਼ਾ ਹੈ ਜਿਹਦੇ ਵਿੱਚ ਇਮਰਾਨ ਨਕਵੀ ਦਾ ਅਲਾਮਤੀ ਰੰਗ ਚੌਦਵੀਂ ਦੇ ਚੰਨ ਦੀ ਤਰ੍ਹਾਂ ਪੂਰੇ ਜੋਬਨ 'ਤੇ ਵਿਖਾਈ ਦਿੰਦਾ ਹੈ। ਉਸ ਨਾਵਲ ਵਿੱਚ ਇਮਰਾਨ ਨਕਵੀ ਆਲੇ-ਦੁਆਲੇ ਪਈਆਂ ਹੋਈਆਂ ਬੇਜਾਨ ਚੀਜ਼ਾਂ ਨਾਲ ਗੱਲਾਂ ਕਰਦਾ ਤੇ ਉਹਨਾਂ ਦੀਆਂ ਗੱਲਾਂ ਸੁਣਦਾ ਵਿਖਾਈ ਦਿੰਦਾ ਹੈ। ਬੰਦ ਗਲੀ ਦੇ ਆਖ਼ਰੀ ਮਕਾਨ ਦਾ ਵਾਸੀ ਅੱਜਕੱਲ੍ਹ ਬਤੌਰ ਉਰਦੂ ਉਸਤਾਦ ਡੀ.ਪੀ.ਐਸ. ਸਕੂਲ ਬਹਾਵਲਨਗਰ ਵਿੱਚ ਆਪਣੀਆਂ ਖ਼ਿਦਮਾਤ-ਸਰ-ਅੰਜਾਮ ਦੇ ਰਿਹਾ ਹੈ ਤੇ ਨਾਲ਼-ਨਾਲ਼ ਸੁੱਤੇ ਪਏ ਸ਼ਹਿਰ ਵੱਲ ਵੇਖਦਿਆਂ ਹੋਇਆਂ ਆਖ ਰਿਹਾ ਹੈ ਕਿ:

ਅੱਖਾਂ ਨੂੰ ਦੇ ਛੱਡੀ ਜੀਭ
ਬੁੱਲ੍ਹਾਂ ਉੱਤੇ ਰੱਖੀ ਚੁੱਪ
ਕੱਲਾ ਬੋਲ ਰਿਹਾ ਵਾਂ ਮੈਂ
ਬਸਤੀ ਦੇ ਵਿੱਚ ਲੰਮੀ ਚੁੱਪ।

□□□

# ਅਸਾਂ ਪੰਛੀ ਥਲ ਦਿਆਂ ਟਿੱਬਿਆਂ ਦੇ

# ਅਲੀ ਅਰਸ਼ਦ ਮੀਰ ਦੀ ਸ਼ਾਇਰੀ



ਰੁੱਖਾਂ ਦੇ ਪੈਰ ਸੜ ਰਹੇ ਨੇ ਥਲ ਦੀਆਂ ਗਰਮ ਹਵਾਵਾਂ ਨੇ ਪੰਖ-ਪਖੇਰੂਆਂ ਦੇ ਮੁਕੱਦਰਾਂ ਵਿੱਚ ਹਿਜਰਤ ਦੇ ਦੁੱਖ ਲਿਖ ਛੋੜੇ ਹਨ। ਕਦੀ ਜੁੱਸਿਆਂ 'ਚ ਸਤਲੁਜ ਦੀਆਂ ਛੱਲਾਂ ਵਾਂਗ ਲਹੂ ਨਚਦੇ ਸਨ, ਹੁਣ ਸਤਲੁਜ ਦੇ ਤੱਸੇ ਕੰਢੇ ਅੱਧੀ ਰਾਤ ਨੂੰ ਛੂਕਣ ਵਾਲੇ ਸੱਪਾਂ ਨੇ ਸਾਰੇ ਸ਼ਹਿਰ ਅੰਦਰ ਜ਼ਹਿਰ ਭਰ ਛੋੜਿਆ ਹੈ, ਸਤਲੁਜ ਦੇ ਬੁੱਲ੍ਹਾਂ 'ਤੇ ਪਿਆਸ ਨਾਲ ਪਾਪੜੀ ਜੰਮੀ ਹੈ, ਸੀਨਾ ਫੰਡਰ ਤੇ ਅੰਦਰੋਂ ਕੌੜਾ ਜ਼ਹਿਰ ਹੋ ਗਿਆ ਹੈ। ਪਿਆਰ ਤੇ ਮੁਹੱਬਤਾਂ ਦੇ ਮਾਸੂਮ ਪੰਛੀਆਂ ਨੂੰ ਪੈਂਡੇ ਕੱਟਣੇ ਪੈ ਗਏ ਤੇ ਇੱਕ ਪੰਛੀ ਉਜੜੇ ਰੁੱਖ ਦੀ ਡਿੱਗਦੀ ਟਹਿਣੀ 'ਤੇ ਬੈਠਾ ਦਰਦਾਂ ਦੀ ਲੈਅ ਛੇੜਨ ਲੱਗ ਪਿਆ ਹੈ:

ਰੱਤ ਜੁਸੇ ਦੀ ਚੱਟ ਗਏ
ਬੁੱਲ੍ਹ ਕਾਲੇ ਨੀਲੇ ਪੈਰ
ਰੂਹ ਰਾਤਾਂ ਵਿੱਚ ਥਰ ਥਰ ਕੰਬੇ
ਫ਼ਜਰੇ ਮਿਲਿਆ ਜ਼ਹਿਰ।

ਇਹ ਪੰਛੀ ਸੂਰਜ ਦੀ ਅੱਗ ਤੇ ਥਲ ਦੀ ਭੱਠੀ ਤੋਂ ਮੁੱਖ ਨਹੀਂ ਪਰਤਾਉਂਦਾ ਡਰਦਾ ਨਹੀਂ, ਫਨੀਅਰ ਸੱਪਾਂ ਤੋਂ ਘਬਰਾਂਦਾ ਨਹੀਂ, ਬਲਕਿ ਚੀਖ-ਚੀਖ ਕੇ ਕਿੱਕਰਾਂ 'ਚ ਮੂੰਹ ਲੁਕੋਏ ਵੇਲੇ ਦਿਆਂ ਉੱਲੂਆਂ, ਇੱਲਾਂ ਤੇ ਕਾਵਾਂ ਨੂੰ ਲਲਕਾਰਦਿਆਂ ਹੋਇਆਂ ਆਲੇ-ਦਵਾਲੇ ਨੂੰ ਝੰਜੋੜਦਾ ਹੈ ਤੇ ਖ਼ਬਰਦਾਰ ਕਰਦਾ ਹੈ:

ਕਹਿਰ ਸ਼ਹਿਰ 'ਤੇ ਵਰ੍ਹਦਾ ਵੇਖੋ
ਅੱਖ ਨਾ ਨੂਟੇ ਕੋਈ
ਮੌਤ ਦੀ ਪੀਂਘ ਚੜ੍ਹੀ ਅਸਮਾਨੇ
ਆ ਕੇ ਝੂਟੇ ਕੋਈ।

ਦਰਦਾਂ ਤੇ ਹੰਝੂਆਂ ਦੇ ਪੈਂਡੇ ਕੱਟਣ ਵਾਲ਼ਾ ਇਹ ਪੰਛੀ ਫਿਰ ਵੀ ਕਿਸੇ ਦੂਜੇ ਨੂੰ ਦੋਸ਼ ਨਹੀਂ ਦਿੰਦਾ ਸਗੋਂ ਆਪਣੇ ਆਪ ਨੂੰ ਹੀ ਕਸੂਰਵਾਰ ਠਹਿਰਾਉਂਦਿਆਂ ਹੋਇਆਂ ਆਖਦਾ ਹੈ ਕਿ:

ਹੱਥੀਂ ਪੈਰ ਦੋਜ਼ਖ਼ ਵਿੱਚ ਧੱਸੇ
ਚੁੰਮਿਆ ਥਲ ਦਾ ਆਬ
ਰਾਵਲ ਉਲਟ ਹਿਸਾਬ।
ਚੱਖ ਸਵਾਦ ਫ਼ਜ਼ਰ ਦਾ ਰੋਇਆ
ਪਿਛਲੇ ਪਹਿਰ ਦਾ ਖ਼ਾਬ
ਰਾਵਲ ਉਲਟ ਹਿਸਾਬ।

ਹਿਜਰਤ ਦੀਆਂ ਪੀੜਾਂ ਜਰਦਾ ਪੰਛੀ ਫੇਰ ਵੀ ਆਪਣੀ ਗੋਤ ਨਹੀਂ ਭੁੱਲਦਾ, ਆਪਣੀ ਮਿੱਟੀ ਨਾਲ ਜੁੜਿਆ ਰਹਿੰਦਾ ਹੈ, ਦੂਜੇ ਸ਼ਹਿਰ ਦੇ ਬਾਗਾਂ ਵਿੱਚ ਕੂਕਣ ਵਾਲੇ ਪੰਖ ਪਖੇਰੂਆਂ ਨੂੰ ਆਪਣੀ ਹਿਜਰਤ ਦਾ ਕਾਰਨ ਵੀ ਦੱਸਦਾ ਹੈ ਤੇ ਆਪਣੇ ਅੰਦਰ ਦਾ ਦੁੱਖ ਵੀਃ

ਸੈ ਹਜ਼ਾਰ ਕਿਤਾਬਾਂ ਪੜ੍ਹੀਆਂ
ਪਰ ਕਾਵੜ ਨਾ ਮਰਦੀ
ਜਿਸ ਘਰ ਸਾਨੂੰ ਬੇਘਰ ਕੀਤਾ
ਰੋਜ਼ ਫ਼ਿਕਰ ਉਸ ਘਰ ਦੀ।

ਸਤਲੁਜ ਦੇ ਕੰਢੇ 'ਚੋਂ ਹਿਜਰਤ ਕਰਨ ਵਾਲ਼ਾ ਪੰਛੀ ਪਰਦੇਸ ਦੀ ਚੱਕੀ ਵਿੱਚ ਦਾਣਿਆਂ ਵਾਂਗ ਪਿਸਦਾ ਰਹਿੰਦਾ ਹੈ ਤੇ ਦਿਲਾਂ ਦੇ ਅਰਮਾਨ ਦਿਲਾਂ 'ਚ ਲੈ ਕੇ ਹੋਰ ਅੱਗੇ ਤੁਰ ਜਾਂਦਾ ਹੈਃ

ਤਨ ਅੰਦਰ ਜੋ ਸਾਹ ਵਗਦੇ ਨੇ,
ਹੱਥੀਂ ਦਰਦ ਨਿਸ਼ਾਨੀ ਦੇ
ਦਿਲ ਅੰਦਰ ਦਫਨਾਏ ਰਹਿ ਗਏ,
ਚਾਅ ਤੇਰੀ ਮਹਿਮਾਨੀ ਦੇ।

ਆਪਣੀ ਮਿੱਟੀ ਨੂੰ ਐਵੇਂ ਨਹੀਂ ਛੱਡਿਆ ਜਾ ਸਕਦਾ ਤੇ ਨਾ ਹੀ ਮਿੱਟੀ ਮਿੱਟੀ ਤੋਂ ਵੱਖ ਹੋ ਸਕਦੀ ਹੈ। ਜਿਹੜੇ ਥਲ ਦੋਜ਼ਖ਼ ਬਣ ਜਾਂਦੇ ਨੇ, ਉਹਨਾਂ ਪਿੱਛੇ ਵੀ ਕੋਈ ਕਾਰਨ ਹੁੰਦਾ ਹੈ। ਦਰਿਆਵਾਂ ਦੇ ਸੀਨੇ ਐਵੇਂ ਹੀ ਬੰਜਰ ਨਹੀਂ ਹੋ ਜਾਂਦੇ ਹਿਜਰਤ ਕਰਨ ਵਾਲੇ ਪੰਛੀ ਸਭ ਜਾਣਦੇ ਹੁੰਦੇ ਨੇ ਸਗੋਂ ਵਸੇਬ ਦੇ ਝਗੜੇ-ਝੇੜੇ ਆਪਣੇ ਗੀਤਾਂ ਰਾਹੀਂ ਦੱਸ ਵੀ ਰਹੇ ਹੁੰਦੇ ਨੇਃ

ਡਾਂਗਾਂ ਪਕੜ ਪਕਾਵਾਂ ਕਣਕਾਂ
ਰੱਤ ਬੰਨਿਆ ਤੇ ਗੱਡਾ।

ਹਰ ਦਮ ਦੁਖ ਬਾਹਰ ਥੀ ਵੱਸੇ
ਕਣਕ ਖਿੜੇ ਹੱਥ ਕੱਢਾ।

ਦਰਿਆਵਾਂ ਦੇ ਕੰਢਿਆਂ 'ਤੇ ਨੰਬਰਦਾਰੀ ਕਰਨ ਵਾਲੇ ਮਗਰਮੱਛ ਜੇ ਮਾੜੇ ਪੰਛੀਆਂ ਦੇ ਦੁੱਖ ਨਾ ਸਮਝਣ ਉਹਨਾਂ ਦਿਆਂ ਲੇਖਾਂ ਦੀਆਂ ਕੁੱਖਾਂ 'ਚੋਂ ਇੱਕ ਦਿਨ ਦੁੱਖਾਂ ਦੇ ਭਾਂਬੜ ਜੰਮਦੇ ਨੇ ਉਥੋਂ ਹਿਜਰਤ ਕਰਨ ਵਾਲੇ ਪੰਛੀ ਪਹਿਲੇ ਆਖ ਚੁੱਕੇ ਹੁੰਦੇ ਨੇ:

ਲੰਬੜਾਂ ਦੇ ਡੇਰੇ ਦੇ ਉੱਤੇ
ਕੁਛੜਾਂ ਹਰੀਆਂ ਹੋਈਆਂ
ਪਰ ਲੰਬੜਾਂ ਦੀਆਂ ਕੁੜੀਆਂ ਜੰਮਣ
ਕੁੱਤੀਆਂ ਮਰੀਆਂ ਹੋਈਆਂ।

ਤੇ ਕੁਝ ਪੱਖੂਆਂ ਦੀਆਂ ਜੀਭਾਂ 'ਤੇ ਇਹ ਗੱਲ ਵੀ ਹੁੰਦੀ ਹੈ ਕਿ:

ਸ਼ੋਇਅਰਰ ਖਾਨ ਨਮਾਸ਼ੀ ਸਾਡੀ
ਲੈ ਚੁਬਾਰੇ ਸੁੱਤਾ
ਪਰ ਅੱਜ ਖਾਂ ਦੀ ਆਵਦੀ ਧੀ ਨੂੰ
ਚੱਟੇ ਖਲਾ ਪਿਆ ਕੁੱਤਾ।

ਸਤਲੁਜ ਦੇ ਕੰਢੇ ਤੋਂ ਹਿਜਰਤ ਕਰਨ ਵਾਲ਼ਾ ਪੰਛੀ ਰੁਕਿਆ ਨਹੀਂ ਤੇ ਨਾ ਹੀ ਉਹਨੇ ਸਮੇਂ ਨੂੰ ਰੁਕਣ ਦਿੱਤਾ ਸਗੋਂ ਸਮੇਂ ਦੇ ਨਾਲ਼-ਨਾਲ਼ ਉੱਡਦਿਆਂ-ਉੱਡਦਿਆਂ ਗਰਮ ਤੇ ਸਰਦ ਹਵਾਵਾਂ ਨਾਲ ਲੜਦਿਆਂ-ਲੜਦਿਆਂ ਜ਼ਾਲਮ ਸਮਾਜ ਨੂੰ ਇਹੋ ਆਖ ਰਿਹਾ ਹੁੰਦਾ ਹੈ ਕਿ:

ਤੇਜ਼ ਤਰਿੱਖੀ ਬਾਰਿਸ਼ ਦੇ ਨਾਲ਼
ਮਿੱਟੀ ਕਰਦੀ ਜੰਗ
ਲੰਘ ਓਏ ਸਮਿਆ ਲੰਘ
ਰੋਜ਼ ਹੋਈ 'ਗਰ ਕਾਬ ਲਹੂ ਵਿੱਚ
ਕਚ ਸ਼ੀਸ਼ੇ ਦੀ ਵੰਗ।
ਲੰਘ ਓਏ ਸਮਿਆਂ ਲੰਘ।
ਅਰਸ਼ਦ ਜਾਨ ਜੁੱਸੇ ਵਿੱਚ
ਅਕਸਰ ਹੋ ਜਾਂਦੀ ਹੈ ਤੰਗ
ਲੰਘ ਓਏ ਸਮਿਆਂ ਲੰਘ।

ਦੁੱਖ ਸੜਦੇ ਸਮੇਂ ਨੂੰ ਲੰਘਾਉਂਦਿਆਂ-ਲੰਘਾਉਂਦਿਆਂ ਪੰਛੀ ਆਪਣੇ ਮਿੱਤਰ ਤੇ ਨਾਲ਼-ਨਾਲ਼ ਉਡਦਿਆਂ ਯਾਰਾਂ ਬੇਲੀਆਂ ਤੇ ਭਰਾਵਾਂ ਨੂੰ ਭੁੱਲ ਨਹੀਂ ਜਾਂਦਾ ਸਗੋਂ ਮੌਸਮਾਂ ਦੀ ਬਦਮਾਸ਼ੀ ਵੇਖਦਿਆਂ ਹੀ ਆਪਣਾ ਦਰਦ ਭੁਲਾ ਕੇ ਉਹਨਾਂ ਦੀ ਯਾਦ ਵਿੱਚ ਤੜਫ਼ ਜਾਂਦਾ ਹੈ:

ਠੰਡੀ ਬਰਫ ਹਵਾ ਦੀ ਚਾਦਰ
ਗਰਮ ਜ਼ਮੀਨ 'ਤੇ ਪਾਈ
ਅੱਖੀਆਂ ਦੇ ਪਾਣੀ ਦੇ ਅੰਦਰ
ਚਮਕੇ ਸਾਵੀ ਕਾਈ।
ਮਿੱਟੀ ਵਿੱਚ ਖੜ੍ਹਾ ਬੈਠੇ ਆਂ
ਹੰਸਾਂ ਵਰਗੇ ਭਾਈ।

ਫੇਰ ਕੀ ਹੁੰਦਾ ਹੈ ਪੈਂਡੇ ਕੱਟਣ ਵਾਲ਼ਾ ਪੰਛੀ ਦੁੱਖਾਂ ਦੇ ਗੀਤ ਅਲਾਪਦਿਆਂ-ਅਲਾਪਦਿਆਂ ਵੇਲੇ ਦੇ ਭੰਵਰ ਅੰਦਰ ਗਵਾ ਜਾਂਦਾ ਹੈ ਤੇ ਆਖ ਰਿਹਾ ਹੁੰਦਾ ਹੈ ਕਿ:

ਵਕਤੋਂ ਪਹਿਲਾਂ ਘਰੋਂ ਬਾਹਰ
ਸਾਨੂੰ ਜੰਮ ਪਰਾਲੀਆਂ ਅੰਦਰ
ਕਾਠ ਅੰਦਰ ਕਲਬੂਤ ਵਜੂਦ ਨੂੰ
ਆ ਚੱਲ ਆਪ ਗਵਾਚੀਏ।

ਅਲੀ ਅਰਸ਼ਦ ਮੀਰ ਪਹਿਲੀ ਜਨਵਰੀ 1951 ਨੂੰ ਪੈਦਾ ਹੋਇਆ ਸੀ। ਅਲੀ ਅਰਸ਼ਦ ਮੀਰ ਪੇਸ਼ੇ ਦੇ ਲਿਹਾਜ਼ ਨਾਲ ਸਰਕਾਰੀ ਕਾਲਜ ਵਿੱਚ ਪੰਜਾਬੀ ਦੇ ਪ੍ਰੋਫੈਸਰ ਸੀ ਤੇ ਸਰਕਾਰੀ ਮੁਲਾਜ਼ਮਤ ਪਾਰੋਂ ਹੀ ਕਈ ਸ਼ਹਿਰਾਂ 'ਚ ਹਿਜਰਤ ਕਰਕੇ ਜਾਣਾ ਪਿਆ। ਉਹਨਾਂ ਨੇ ਪੰਜਾਬੀ ਜ਼ੁਬਾਨ ਵਿਚ ਮਾਸਟਰ ਕੀਤਾ ਸੀ, ਪੰਜਾਬੀ ਸ਼ਾਇਰੀ ਦੇ ਨਾਲ਼-ਨਾਲ਼ ਉਹਨਾਂ ਉਰਦੂ ਜ਼ੁਬਾਨ ਵਿੱਚ ਵੀ ਸ਼ਾਇਰੀ ਕੀਤੀ। ਉਹਨਾਂ ਦੇ ਕਈ ਨਾਅਰੇ ਵੀ ਅਵਾਮ ਵਿੱਚ ਬੜੇ ਮਕਬੂਲ ਹੋਏ, ਜਿਨ੍ਹਾਂ ਵਿੱਚ "ਗਿਰਤੀ ਹੋਈ ਦੀਵਾਰ ਕੋ ਏਕ ਧੱਕਾ ਔਰ ਦੋ" ਵੀ ਸ਼ਾਮਿਲ ਹੈ। ਅਲੀ ਅਰਸ਼ਦ ਮੀਰ ਇੱਕ ਇਨਕਲਾਬੀ ਸ਼ਾਇਰ ਮਸ਼ਹੂਰ ਹੋਏ। ਅਲੀ ਅਰਸ਼ਦ ਮੀਰ ਹੋਰਾਂ ਦੇ ਕਲਾਮ ਦਾ ਸ਼ਾਹਮੁਖੀ ਦੇ ਨਾਲ਼-ਨਾਲ਼ ਅੰਗਰੇਜ਼ੀ ਤੇ ਗੁਰਮੁਖੀ ਰਸਮੁਲ ਖਾਤੇ 'ਚ ਵੀ ਉਲੱਥਾ ਕੀਤਾ ਗਿਆ। ਉਹਨਾਂ ਦੇ ਚਲਾਣਾ ਕਰ ਜਾਣ ਤੋਂ ਬਾਅਦ ਉਹਨਾਂ ਦੀ ਕਿਤਾਬ "ਇੱਕ ਕਥਾ ਦੀਵਾਰ" ਉਹਨਾਂ ਦੇ ਪੁੱਤਰ ਸਰਮਦ ਫਰੋਗ ਅਰਸ਼ਦ, ਹਸਨ ਜੁਨੈਦ ਅਰਸ਼ਦ ਤੇ ਮਸੂਦ ਤਨਵੀਰ ਅਰਸ਼ਦ ਹੋਰਾਂ ਛਾਪੇ ਕਰਵਾਈ ਤੇ ਹਰ ਸਾਲ ਲਾਹੌਰ ਸ਼ਹਿਰ 'ਚ ਇਕ ਅਦਬੀ ਇਕੱਠ ਵੀ ਅਲੀ ਅਰਸ਼ਦ ਮੀਰ ਮੇਲੇ ਦੇ ਨਾਂ ਤੋਂ ਸਜਾਇਆ ਜਾਂਦਾ ਹੈ, ਜਿਸ ਵਿਚ ਮੁਸ਼ਾਇਰਾ, ਨਾਟਕ, ਅਦਬੀ ਗੱਲਬਾਤ ਤੇ ਮੌਸੀਕੀ ਦਾ ਇਹਤਮਾਮ ਕੀਤਾ ਜਾਂਦਾ ਹੈ। ਅਲੀ ਅਰਸ਼ਦ ਮੀਰ ਇਹ ਆਖਦਿਆਂ ਹੋਇਆਂ ਬਹੁਤ ਦੂਰ ਹਿਜਰਤ ਕਰ ਗਿਆ:

ਕਬਰਾਂ ਵਿੱਚ ਆ ਲੱਥਿਆ ਅਰਸ਼ਦ,
ਫਜ਼ਰੇ ਸ਼ੋਰ ਸਮੰਦਰਾਂ ਦਾ
ਭਲੀਆਂ ਰੂਹਾਂ ਭੁੱਲ ਗਈਆਂ
ਜਾਣੀਆਂ ਬੁੱਝੀਆਂ ਅੰਦਰਾਂ ਦਾ।

ਸਾਰੀ ਹਯਾਤੀ ਲੋਕਾਈ ਦੇ ਦਰਦਾਂ ਨੂੰ ਮੋਢਾ ਦਿੰਦਿਆਂ-ਦਿੰਦਿਆਂ ਅਲੀ ਅਰਸ਼ਦ ਮੀਰ 16 ਅਕਤੂਬਰ 2008 ਨੂੰ ਇਸ ਦੁਨੀਆਂ ਤੋਂ ਕੂਚ ਕਰ ਗਿਆ। ਉਹਨਾਂ ਨੂੰ ਉਹਨਾਂ ਦੇ ਆਬਾਈ ਸ਼ਹਿਰ ਚਿਸ਼ਤੀਆਂ ਵਿੱਚ ਹੀ ਸਪੁਰਦ-ਏ-ਖ਼ਾਕ ਕੀਤਾ ਗਿਆ। ਰੱਬ ਉਹਨਾਂ ਦੇ ਦਰਜ਼ਾਤ ਬੁਲੰਦ ਫਰਮਾਵੇ ਤੇ ਜਨਤਾ 'ਚ ਉੱਚਾ ਮੁਕਾਮ ਦੇਵੇ।

ਆਮੀਨ!

□□□

## ਹੁੰਮਸ ਭਰੇ ਮੌਸਮਾਂ 'ਚ ਤਾਜ਼ਾ ਹਵਾ ਦਾ ਬੁੱਲਾ

# ਤਲਹਾ ਬਿਨ ਸੁਹੇਲ



ਹੁੰਮਸ ਭਰੇ ਮੌਸਮਾਂ 'ਚ ਉਹ ਮੈਨੂੰ ਸਵੇਰ ਦੀ ਸੱਜਰੀ ਹਵਾ ਦੇ ਬੁੱਲੇ ਵਾਂਗ ਮਿਲਿਆ ਤੇ ਦਿਨਾਂ 'ਚ ਹੀ ਰੂਹ ਤੱਕ ਅੱਪੜ ਗਿਆ। ਘੁੱਪ ਹਨੇਰੀਆਂ ਰਾਤਾਂ ਵਰਗੀਆਂ ਲੰਮੀਆਂ ਤੇ ਕਾਲੀਆਂ ਜ਼ੁਲਫ਼ਾਂ 'ਚ ਚਿੱਟੇ ਦਿਨ ਵਰਗੇ ਚਿਹਰੇ 'ਤੇ ਹਮੇਸ਼ਾ ਮੁਹੱਬਤਾਂ ਭਰੀ ਮੁਸਕਾਨ ਹੀ ਵੇਖੀ। ਉਹਦੇ ਸਮੁੰਦਰੀ ਅੱਖਾਂ ਵਿੱਚ ਕਿੰਨੇ ਹੀ ਖ਼ਾਬ ਹੱਥਾਂ ਵਿੱਚ ਹੱਥ ਪਾ ਕੇ ਕੋਹ ਕਾਫ਼ ਦੀਆਂ ਵਾਦੀਆਂ ਵਿੱਚ ਰਿਸਮਾਤੀ ਪਰਛਾਵਿਆਂ ਤਰ੍ਹਾਂ ਪੈਲਾਂ ਪਾਉਂਦੇ ਸਾਫ਼ ਵਿਖਾਈ ਦਿੰਦੇ ਸਨ। ਹੁੰਮਸ ਭਰੇ ਮੌਸਮਾਂ ਦੀ ਕਾਲੀ ਰਾਤ ਦੇ ਪਿਛਲੇ ਪਹਿਰ ਦੀ ਤਰ੍ਹਾਂ ਚੁੱਪ ਰਹਿਣ ਵਾਲੇ ਤਲਹਾ ਬਿਨ ਸੁਹੇਲ ਦੇ ਸੀਨੇ ਅੰਦਰ ਕਿੰਨੀਆਂ ਸਦੀਆਂ ਦੇ ਪੈਂਡਿਆਂ ਦਾ ਦੁੱਖ ਹੈ, ਕੋਈ ਨਹੀਂ ਜਾਣਦਾ। ਦੀਵਿਆਂ ਵਾਂਗਰ ਬਲਦੀਆਂ ਅੱਖਾਂ 'ਚ ਬਿਰਹਾ ਦੀ ਰੜਕ ਦੇ ਨਾਲ਼-ਨਾਲ਼ ਕਿੰਨੀਆਂ ਰਾਤਾਂ ਦਾ ਜਗਰਾਤਾ ਹੈ, ਕੋਈ ਨਹੀਂ ਜਾਣਦਾ। ਗੁਲਾਬ ਦੀ ਟਹਿਣੀ ਵਰਗੇ ਨਰਮ-ਓ-ਨਾਜ਼ੁਕ ਤੇ ਮਹਿਕਦੇ ਜਿਸਮ ਤੇ ਇਸ ਕਲਿਹਣੇ ਸਮੇਂ ਦਾ ਕਿੰਨਾ ਕੁ ਬੋਝ ਹੈ ਮੈਨੂੰ ਉਦੋਂ ਪਤਾ ਚੱਲਿਆ ਜਦੋਂ ਉਹਦਾ ਪਹਿਲਾ ਸ਼ੇਅਰੀ ਪਰਾਗਾ "ਦਿਲ ਦਰਗਾਹ" ਸਾਹਮਣੇ ਆਇਆ:

ਜੀ ਕਰਦਾ ਹੈ ਟੁਰ ਜਾਵਾਂ ਮੈਂ
ਕਿਸੇ ਅਜਿਹੀ ਥਾਂ
ਜਿੱਥੇ ਨਾ ਕੋਈ ਬੰਦਾ ਹੋਵੇ
ਨਾ ਕੋਈ ਸ਼ਹਿਰ, ਗਰਾਂ
ਉੱਚੀ ਉੱਚੀ ਰੋਵਾਂ ਉਥੇ
ਲਾ ਕੇ ਦਿਲ ਦਾ ਜ਼ੋਰ
ਰੋਂਦੇ ਰੋਂਦੇ ਤੋੜ ਦਿਆਂ ਮੈਂ
ਇਹ ਸਾਹਵਾਂ ਦੀ ਡੋਰ।

ਨਿੱਕੀ ਉਮਰੇ ਵੱਡੇ ਰੋਗ ਲੱਗ ਜਾਵਣ ਤੇ ਬੰਦਾ ਰੋਹੀ ਵਿੱਚ ਖਲੋਤੇ 'ਕੱਲੇ ਰੁੱਖ ਦੀ ਤਰ੍ਹਾਂ ਅੱਗਾਂ ਸੁੱਟਦੇ ਸੂਰਜ ਦੇ ਭਾਂਬੜ 'ਚ ਅੰਦਰੋ-ਅੰਦਰੀ ਸੜਦਾ ਬਲਦਾ

ਰਹਿੰਦਾ ਹੈ। ਤੱਤੀ ਹਵਾ ਦੇ ਝੱਖੜ ਰੇਸ਼ਮੀ ਬਦਨ ਦਾ ਮਾਸ ਸਾੜ ਕੇ ਰੱਖ ਦਿੰਦੇ ਹਨ। ਦਿਨ ਦਾ ਚਾਨਣ ਵੀ ਪਹਾੜੀ ਕਿੱਕਰਾਂ ਦੀਆਂ ਤੇਜ਼ ਤਰਿੱਖੀਆਂ ਸੂਲਾਂ ਵਾਂਗਰ ਸਮੁੰਦਰੀ ਅੱਖਾਂ 'ਚੋਂ ਚੋਭੇ ਮਾਰਨ ਲੱਗ ਪੈਂਦਾ ਹੈ ਤੇ ਅੰਦਰ ਬੈਠੇ ਖ਼ਾਬਾਂ ਦਾ ਵਜੂਦ ਲਹੂ ਲੁਹਾਣ ਹੋ ਜਾਂਦਾ ਹੈ। ਬੰਦਾ ਸੌਂਦਿਆਂ-ਜਾਗਦਿਆਂ ਆਲੇ-ਦੁਆਲੇ ਕੰਧਾਂ ਉੱਤੇ ਨੱਚਣ ਵਾਲੇ ਪਰਛਾਵਿਆਂ ਤੋਂ ਘਬਰਾ ਕੇ ਸੋਚਾਂ ਦੀ ਬੁੱਕਲ ਵਿੱਚ ਗਵਾਚ ਜਾਂਦਾ ਹੈ:

ਕਮਰੇ ਦੀ ਦੀਵਾਰ ਦੇ ਉੱਤੇ
ਫਿਰ ਅੱਜ ਮੇਰੀ ਅੱਖ ਦੇ ਸਾਹਵੇਂ
ਦੋ ਪਰਛਾਵੇਂ ਉੱਗੇ ਨੇ
ਮੈਨੂੰ ਜਰਾ ਸਿਆਣ ਨਾ ਹੋਵੇ
ਕਿਧਰੇ ਵਹਿਮ ਗੁਮਾਨ ਨਾ ਹੋਵੇ।

ਨਸ਼ੀਲੀਆਂ ਅੱਖਾਂ 'ਚ ਜਗਦੀ ਪਹਿਲੇ ਪਿਆਰ ਦੀ ਫੋਟੋ ਅੱਗੇ-ਪਿੱਛੇ, ਉਪਰ-ਨੀਚੇ, ਆਲੇ-ਦੁਆਲੇ ਝਾਕਾ ਦੇ ਕੇ ਨੱਸ ਜਾਣ ਵਾਲੇ ਪਰਛਾਵਿਆਂ ਤੋਂ ਲੁਕਾਉਣ ਲਈ ਬੰਦਾ ਸ਼ਿਵ ਦੀਆਂ ਨਜ਼ਮਾਂ 'ਚ ਗਵਾਚ ਜਾਂਦਾ ਹੈ ਤੇ ਉਹਦੀਆਂ ਬਹਿਰਾਂ ਵਿੱਚ ਹੀ ਮੁਹੱਬਤਾਂ ਦੇ ਗੀਤ ਗਾਉਣ ਲੱਗ ਪੈਂਦਾ ਹੈ:

ਅੱਖੀਆਂ 'ਚੋਂ ਦਿਸਦਾ ਹੈ
ਪਿਆਰ ਤੇਰਾ ਸੋਹਣੀਏ ਨੀ,
ਕਿਤੇ ਕੋਈ ਪੜ੍ਹ ਨਾ ਲਵੇ
ਨਿੱਕੀ ਜਿੰਨੀ ਗੱਲ ਦਾ ਨੀ
ਵੈਰੀ ਇਹ ਜ਼ਮਾਨਾ ਕਿਤੇ
ਕਿੱਸਾ ਕੋਈ ਘੜ ਨਾ ਲਵੇ।

ਜੋਬਨ ਰੁੱਤੇ ਟਹਿਣੀਆਂ ਤੋਂ ਵੱਖ ਹੋਣ ਵਾਲੇ ਪੱਤਰ ਪੈਰਾਂ ਦੀ ਖ਼ਾਕ ਬਣ ਜਾਂਦੇ ਹਨ, ਸਮੁੰਦਰੀ ਅੱਖਾਂ ਦੇ ਖ਼ਾਬ ਉਡਾਰੀ ਮਾਰ ਕੇ ਉੱਚੇ ਬੁਰਜਾਂ 'ਤੇ ਜਾ ਬਹਿਣ ਤੇ ਮਸਤ ਬਹਾਰਾਂ ਦੇ ਮੌਸਮ ਵੀ ਅੱਗਾਂ ਸੁੱਟਦੇ ਹਾੜ੍ਹ-ਜੇਠ ਦੇ ਵਾਂਗਰ ਪਿੰਡਾ ਸਾੜਨ ਲੱਗ ਪੈਂਦੇ ਹਨ:

ਹਾੜ੍ਹ ਦਾ ਮੌਸਮ
ਸਾਨੂੰ ਸੂਲੀ ਚਾੜ੍ਹਦਾ ਮੌਸਮ
ਹਾੜ੍ਹ ਦਾ ਮੌਸਮ

ਨੱਕ ਦਾ ਕੋਕਾ
ਫੇਰ ਇਕ ਵਾਰੀ ਦੇ ਗਿਆ ਧੋਖਾ
ਨੱਕ ਦਾ ਕੋਕਾ

ਇਹ ਬਿਲਕੁਲ ਠੀਕ ਹੈ ਕਿ ਦਿਲ 'ਤੇ ਫੱਟ ਲੱਗਣ 'ਚ ਹੀ ਲੱਗਦਾ ਹੈ, ਕਿਹੜੀ ਸੂਰਤ, ਕਿਹੜਾ ਰੰਗ, ਕਿਹੜੀ ਅਦਾ ਕਿਸ ਵੇਲੇ ਜਿਗਰ 'ਤੇ ਵਾਰ ਕਰ ਜਾਏ ਕੋਈ ਪਤਾ ਨਹੀਂ ਤਾਹੀਓਂ ਤਲਹਾ ਨੂੰ ਦੋ ਲਾਈਨਾਂ ਦੇ ਨਜ਼ਮੀ 'ਚ ਕਹਿਣਾ ਪਿਆ ਕਿ:

ਝੱਟ ਲੱਗਿਆ ਸੀ
ਜਦ ਇਸ ਦਿਲ 'ਤੇ ਫੱਟ ਲੱਗਿਆ ਸੀ
ਝੱਟ ਲੱਗਿਆ ਸੀ।

ਥੋੜ੍ਹੀ ਦੇਰ ਦੇ ਸਰੂਰ ਮਗਰੋਂ ਮੰਜ਼ਰ ਰੰਗ ਬਦਲ ਲੈਂਦੇ ਹਨ, ਸਫ਼ੈਦ ਕਾਲਾ ਤੇ ਹਰਾ ਪੀਲਾ ਲੱਗਣ ਲੱਗ ਪੈਂਦਾ ਹੈ, ਰੇਸ਼ਮੀ ਹੱਥ ਸੁਰਖ਼ ਗੁਲਾਬਾਂ ਦੇ ਹੋਠਾਂ 'ਤੇ ਰੱਖੇ ਤੇ ਕੰਡਿਆਂ 'ਚ ਉਲਝ ਕੇ ਲਹੂ ਲੁਹਾਨ ਹੋ ਜਾਂਦੇ ਹਨ, ਗਵਾਚੀ ਸੁਰਤ ਪਰਤ ਕੇ ਆਉਂਦੀ ਹੈ ਤੇ ਘਰ ਦੀਆਂ ਨੁਕਰਾਂ 'ਚ ਕੁਰਲਾਟਾਂ ਮਾਰਦੀ ਜਿੰਦੜੀ ਅੱਖੀਆਂ ਦੇ ਹੰਝੂ ਲੁਕਾਉਂਦੀ ਫਿਰਦੀ ਹੈ:

ਅੱਖ ਦਾ ਪਾਣੀ
ਕਹਿ ਨਾ ਦੇਵੇ ਯਾਰ ਕਹਾਣੀ
ਅੱਖ ਦਾ ਪਾਣੀ

ਚੁੱਪ ਚੁਪੀਤੇ
ਯਾਰ ਮੈਂ ਕਿੰਨੇ ਅਥਰੂ ਪੀਤੇ
ਚੁੱਪ ਚੁਪੀਤੇ

ਇਕਲਾਪੇ ਦੀ ਸੂਲੀ 'ਤੇ ਟੰਗਿਆ ਰੇਸ਼ਮੀ ਬਦਨ ਭੱਖਦੇ ਸਹਿਰਾਵਾਂ 'ਚ ਖਲੋਤੇ ਰੁੱਖ ਦੀਆਂ ਟਹਿਣੀਆਂ ਵਾਂਗਰ ਦਿਨਾਂ 'ਚ ਕੁਮਲਾ ਜਾਂਦਾ ਹੈ, ਸਮੁੰਦਰੀ ਅੱਖ ਦਾ ਸਾਰਾ ਨਸ਼ਾ ਹੰਝੂਆਂ ਰਾਹੀਂ ਮਿੱਟੀ ਦਾ ਗਾਰਾ ਬਣ ਕੇ ਪੈਰਾਂ ਦੀ ਧੂੜ ਬਣ ਜਾਂਦਾ ਹੈ ਤੇ ਬੁੱਲ੍ਹੀਆਂ 'ਤੇ ਮੁਸਕਾਨ ਦੇ ਫੁੱਲ ਸਜਾਉਣ ਵਾਲ਼ਾ ਤਲਹਾ ਪੂਰਾ ਜ਼ੋਰ ਲਾ ਕੇ ਅੰਦਰ ਦੀ ਕੁੜੱਤਣ ਬਾਹਰ ਕੱਢ ਦਿੰਦਾ ਹੈ:

ਅੱਗ ਦੇ ਅੰਦਰ
ਕਾਹਨੂੰ ਘੱਲਿਆ ਜੱਗ ਦੇ ਅੰਦਰ
ਅੱਗ ਦੇ ਅੰਦਰ

ਇਕਲਾਪੇ ਦੀ ਅੱਗ ਵਿੱਚ ਸੜਦੀਆਂ ਅੱਖਾਂ ਕਦੀ ਵਿਹੜੇ 'ਚ ਖਲੋਤੇ ਨਿੰਮ ਦੇ ਰੁੱਖ ਦੀਆਂ ਟਹਿਣੀਆਂ 'ਤੇ ਬੈਠੇ ਪਰਿੰਦਿਆਂ ਨੂੰ ਵੇਖਦੀਆਂ ਹਨ, ਕਦੀ ਬੂਹੇ ਵੱਲ ਨੱਸਦੀਆਂ ਹਨ ਤੇ ਕਦੀ ਕੰਧ 'ਤੇ ਲੱਗੀ ਪਰੀਸਤਾਨ ਦੀਆਂ ਪਰੀਆਂ ਵਰਗੀ ਇਕ ਤਸਵੀਰ 'ਤੇ ਆ ਕੇ ਡਿੱਗ ਪੈਂਦੀਆਂ ਹਨ ਤੇ ਡਾਰੋਂ ਵਿਛੜੀ ਕੂੰਜ ਦੀ ਕੁਰਲਾਟ ਵਾਂਗ ਇੱਕ ਆਵਾਜ਼ ਕਮਰੇ ਵਿੱਚ ਗੂੰਜਣ ਲੱਗ ਪੈਂਦੀ ਹੈ:

ਹੁਣ ਇਸ ਘਰ ਵਿੱਚ ਕਦੀ ਕਿਸੇ ਨੇ ਨਹੀਂ ਆਣਾ
ਕਿਉਂ ਚੀਜ਼ਾਂ ਤੋਂ ਮਿੱਟੀ ਝਾੜੀ ਜਾਂਦੇ ਹੋ
ਜਿਹਦੀ ਜਿਹੜੀ ਥਾਂ ਹੈ
ਉਥੇ ਰਹਿਣ ਦਿਓ
ਕਿਉਂ ਹਰ ਇਕ ਨੂੰ ਦਿਲ ਵਿਚ ਵਾੜੀ ਜਾਂਦੇ ਹੋ।

ਤਲਹਾ ਬਿਨ ਸੁਹੇਲ ਦਾ ਪਹਿਲਾ ਸ਼ੇਅਰੀ ਪਰਾਗਾ "ਦਿਲ ਦਰਗਾਹ" ਪਹਿਲੇ ਪਿਆਰ ਦੀ ਤਰ੍ਹਾਂ ਮਹਿਕਾਂ ਮਾਰਦਾ ਵਿਖਾਈ ਦਿੰਦਾ ਹੈ। ਇਸ ਪਰਾਗੇ ਵਿਚ ਤਲਹਾ ਨੇ ਆਪਣੀ ਦਾਖ਼ਲੀ ਤੇ ਖ਼ਾਰਜੀ ਕੈਫ਼ੀਅਤ ਨੂੰ ਗ਼ਜ਼ਲਾਂ, ਨਜ਼ਮਾਂ, ਨਜ਼ਮੀਏ ਤੇ ਬੋਲੀਆਂ ਰਾਹੀਂ ਬੜੇ ਸੋਹਣੇ ਅੰਦਾਜ਼ ਵਿਚ ਬਿਆਨਿਆ ਹੈ। ਮੈਨੂੰ ਯਕੀਨ ਹੈ ਕਿ ਤਲਹਾ ਆਪਣੇ ਅੰਦਰ ਦੇ ਦਰਦ ਨੂੰ ਹਯਾਤੀ ਦੇ ਕਾਗਜ਼ 'ਤੇ ਉਲੀਕ ਕੇ ਦਿਲ ਦੀ ਭੱਠੀ ਵਿੱਚ ਪਕਾਉਂਦਾ ਰਿਹਾ ਹੈ ਤੇ ਇੱਕ ਲੰਮੇ ਪੈਂਡੇ ਮਗਰੋਂ ਕੁੰਦਨ ਬਣਾ ਕੇ "ਦਿਲ ਦਰਗਾਹ" ਦੀ ਸੂਰਤ ਵਿਚ ਬਾਹਰ ਕੱਢ ਰਿਹਾ ਹੈ:

ਉਦੋਂ ਤੱਕ ਲਿਖਤਾਂ ਦਾ ਰੰਗ ਦਿੱਸੇ ਫਿੱਕਾ
ਨਾਲੇ ਅੱਖਰਾਂ 'ਚ ਜਾਨ ਨਾ ਪਵੇ
ਜਦੋਂ ਤੱਕ ਰੱਤ ਸਾਡੀ
ਦਿਲ ਵਾਲੀ ਭੱਠੀ ਵਿੱਚ
ਚੰਗੀ ਤਰ੍ਹਾਂ ਸੜ ਨਾ ਲਵੇ।

ਤਲਹਾ ਬਿਨ ਸੁਹੇਲ 25 ਅਗਸਤ 1998 ਨੂੰ ਬਹਾਵਲਨਗਰ 'ਚ ਹਕੀਮ ਸੁਹੇਲ ਅਮਜਦ ਦੇ ਘਰ ਪੈਦਾ ਹੋਇਆ ਤੇ ਇਹ ਤਲਹਾ ਦੀ ਖ਼ੁਸ਼ਬਖ਼ਤੀ ਸੀ ਕਿ ਉਹਨੇ ਇੱਕ ਅਦਬੀ ਘਰਾਣੇ ਵਿੱਚ ਅੱਖ ਖੋਲ੍ਹੀ। ਤਲਹਾ ਦੇ ਨਾਨਾ ਜੀ ਪ੍ਰੋਫ਼ੈਸਰ ਹੁਸੈਨ ਅਹਿਮਦ ਅਲਵੀ ਖ਼ੂਬਸੂਰਤ ਸ਼ਾਇਰ ਗੁਜ਼ਰੇ ਹਨ ਤੇ ਇਹਦੇ ਦਾਦਾ ਜੀ ਹਕੀਮ ਅਬਦੁਲ ਰਹਿਮਾਨ ਅਲਵੀ ਜ਼ਿਲ੍ਹਾ ਬਹਾਵਲਨਗਰ ਦੇ ਮਾਰੂਫ਼ ਨੱਬਾਜ ਹਕੀਮ ਤੇ ਸਮਾਜੀ ਸ਼ਖ਼ਸੀਅਤ ਸਨ। ਤਲਹਾ ਦੇ ਤਾਇਆ ਜੀ ਹਕੀਮ ਜਮੀਲ ਅਸਗਰ ਹੋਰਾਂ ਨਾ ਸਿਰਫ਼ ਹਿਕਮਤ ਦੇ ਹਵਾਲੇ ਨਾਲ ਕਈ ਕਿਤਾਬਾਂ ਲਿਖੀਆਂ ਸਗੋਂ "ਤਾਰੀਖ਼-ਏ-ਚਿਸ਼ਤੀਆਂ" ਤੇ "ਤਾਰੀਖ਼-ਏ-ਜੰਡ ਵਾਲ਼ਾ" ਲਿਖਣ ਦਾ ਸਿਹਰਾ ਵੀ ਉਹਨਾਂ ਦੇ ਸਿਰ ਹੀ ਜਾਂਦਾ ਹੈ। ਤਲਹਾ ਦਾ ਵੱਡਾ ਭਰਾ ਉਰਵਾ ਬਿਨ ਸੁਹੇਲ ਤੇ ਨਿੱਕਾ ਭਰਾ ਜ਼ੁਬੈਰ ਬਿਨ ਸੁਹੇਲ ਵੀ ਸੋਹਣੇ ਸ਼ਾਇਰ ਹਨ। ਤਲਹਾ ਆਪਣੇ ਆਲੇ-ਦਵਾਲੇ ਖਿਲਰੇ ਦੁੱਖਾਂ ਨੂੰ ਵੇਖ ਕੇ ਕਦੀ-ਕਦੀ ਇਕਦਮ ਮਾਯੂਸੀ ਦੇ ਸਮੁੰਦਰਾਂ 'ਚ ਡੁੱਬ ਜਾਂਦਾ ਹੈ ਤੇ ਉਹਦੇ ਸੂਰਜ ਵਾਂਗੂੰ ਬਲਦੇ ਕਲਮ 'ਚੋਂ ਕਾਲੀਆਂ ਰਾਤਾਂ ਦੇ ਹਨੇਰੇ ਡਿੱਗਣ ਲੱਗ ਪੈਂਦੇ ਹਨ:

ਦੁਨੀਆਂ ਤੋਂ ਛੁਟਕਾਰੇ ਦਾ ਹੁਣ
ਕੋਈ ਤੇ ਹੀਲਾ ਕਰੀਏ
ਕਿਉਂ ਨਾ ਸ਼ਿਵ ਕੁਮਾਰ ਦੇ ਵਾਂਗੂੰ
ਜੋਬਨ ਰੁੱਤੇ ਮਰੀਏ।

ਭਰੀ ਜਵਾਨੀ ਉਹਦੀ ਮਾਯੂਸੀ ਦਾ ਕਾਰਨ ਕੋਈ ਗੁੱਝੀ ਸੱਟ ਜਾਪਦੀ ਹੈ, ਜਿਹਦੀ ਪੀੜ ਵਕਤ ਗੁਜ਼ਰਨ ਦੇ ਨਾਲ਼-ਨਾਲ਼ ਘੱਟਦੀ ਮਹਿਸੂਸ ਨਹੀਂ ਹੁੰਦੀ ਤੇ ਇਹ ਸੱਟ ਇਸ ਵਸੇਬ ਅੰਦਰ ਚਾਰੇ ਪਾਸੇ ਮਹਿਸੂਸ ਕੀਤੀ ਜਾ ਸਕਦੀ ਹੈ:

ਅੱਜ ਮੈਂ ਬੈਠਾ ਗੁਜ਼ਰੇ ਵੇਲੇ ਦੇ ਕੁਝ ਵਰਕੇ ਫੋਲ ਰਿਹਾ
ਇੱਕ ਇੱਕ ਵਰਕਾ ਵੇਖ ਰਿਹਾ ਵਾਂ
ਮੈਂ ਵੀਰਾਨ ਹਯਾਤੀ ਦਾ।

ਤਲਹਾ ਬਿਨ ਸੁਹੇਲ ਦੇ ਤਖ਼ੱਈਅਲ ਦੀ ਉਡਾਰੀ ਤੇ ਸ਼ੇਅਰਾਂ ਵਿੱਚ ਤਗੱਜ਼ੁਲ ਦੀ ਚਾਸ਼ਨੀ ਉਹਦੀ ਕਿਤਾਬ "ਦਿਲ ਦਰਗਾਹ" ਵਿੱਚ ਥਾਂ-ਥਾਂ 'ਤੇ ਮਹਿਸੂਸ ਕੀਤੀ ਜਾ ਸਕਦੀ ਹੈ, ਜਿਨਾਂ ਨੂੰ ਪੜ੍ਹ ਕੇ ਖਬਰ ਹੁੰਦੀ ਹੈ ਕਿ ਪੁਰਾਣੀਆਂ ਸ਼ਰਾਬਾਂ ਵਰਗਾ ਇਹ ਸਰੂਰ ਬੜੀ ਮਿਹਨਤ ਨਾਲ ਤੁਪਕਾ-ਤੁਪਕਾ ਕਰਕੇ ਇਕੱਠਾ ਕੀਤਾ ਗਿਆ ਹੈ:

ਤੁਬਕਾ-ਤੁਬਕਾ ਕਰਕੇ 'ਕੱਠੀ ਕੀਤੀ ਸੀ
ਤਦ ਜਾ ਕੇ ਮੈਂ ਪੂਰੀ ਬੋਤਲ ਪੀਤੀ ਸੀ
ਉਸ ਦਿਨ ਉਹਨੇ ਆਪਣੇ ਵਾਲ ਖਲਾਰੇ ਸਨ
ਉਸ ਦਿਨ ਬੱਦਲ ਹੋਇਆ ਫੀਤੀ ਫੀਤੀ ਸੀ।

ਕਾਬਿਲ ਉਸਤਾਦ ਮਿਲ ਜਾਣਾ ਰੱਬ ਦੀ ਵੱਡੀ ਨਿਆਮਤ ਹੁੰਦੀ ਹੈ ਪਰ ਮੈਨੂੰ ਫ਼ਖ਼ਰ ਹੈ ਕਿ ਤਲਹਾ ਦੀ ਸ਼ਕਲ 'ਚ ਇਕ ਖ਼ੂਬਸੂਰਤ, ਤਾਬੇਦਾਰ ਤੇ ਇੰਤਹਾਈ ਬਾਅਦਬ ਸ਼ਾਗਿਰਦ ਨਸੀਬ ਹੋਇਆ। ਤਲਹਾ ਹੁਣ ਤੀਕਰ ਮੇਰੀਆਂ ਕਈ ਕਿਤਾਬਾਂ ਦੇ ਮੁਸ਼ਬਦੇ ਪੜ੍ਹਨ ਤੋਂ ਬਾਅਦ ਦਰੁਸਤ ਕਰ ਚੁੱਕਿਆ ਹੈ, ਮੇਰੇ ਲਈ ਲਿਖਣ-ਪੜ੍ਹਨ ਦੇ ਬਹੁਤ ਸਾਰੇ ਕੰਮ ਤਲਹਾ ਦੀ ਮਦਦ ਦੇ ਬਗੈਰ ਮੁਮਕਿਨ ਨਹੀਂ। ਮੈਂ ਤਲਹਾ ਬਿਨ ਸੁਹੇਲ ਤੇ ਉਹਦੀ ਸ਼ਾਇਰੀ ਤੋਂ ਬੜਾ ਪੁਰ ਉਮੀਦ ਹਾਂ।

□□□

# ਸੜਦੇ ਥਲ ਵਿੱਚ ਮੀਂਹ ਦਾ ਬੱਦਲ
# ਨਸੀਮ ਗੁਲ.ਫਾਮ



ਡਰਾ ਦੇਣ ਵਾਲੀ ਰਾਤ ਦੇ ਹਨੇਰੇ ਪੁਰਾਣੀ ਮਰਜ਼ ਦੀ ਤਰ੍ਹਾਂ ਚਾਰ-ਚੁਫੇਰੇ ਫੈਲ ਜਾਵਣ ਤੇ ਹਯਾਤੀ ਦੇ ਵਲਾਵਿਆਂ ਵਾਂਗ ਚੱਕਰ ਖਾਂਦੀ ਧਰਤੀ ਦਾ ਪਿੰਡਾ ਆਂਬਲ ਜਾਂਦਾ ਹੈ, ਅੰਬਰਾਂ ਦੀ ਬਾਰੀ ਖੋਲ੍ਹ ਕੇ ਹੌਲੀ ਜਿਹੀ ਝਾਤੀ ਮਾਰਨ ਵਾਲੇ ਤਾਰੇ ਵੀ ਕਾਲੇ ਬੱਦਲਾਂ 'ਚ ਪਰਛਾਵਿਆਂ ਓਹਲੇ ਲੁਕ ਜਾਂਦੇ ਹਨ। ਆਸਾਂ ਤੇ ਉਮੀਦਾਂ ਦੇ ਦੀਵੇ ਸੱਪਾਂ ਵਾਂਗਰ ਸ਼ੂਕਦੀਆਂ ਹਵਾਵਾਂ ਦੇ ਥਪੇੜਿਆਂ ਨਾਲ ਬੁਝ ਕੇ ਖ਼ਾਕ ਹੋ ਜਾਂਦੇ ਨੇ ਤੇ ਭਰਵੇਂ ਰੁੱਖਾਂ ਦੀਆਂ ਲਚਕਦੀਆਂ ਟਹਿਣੀਆਂ 'ਤੇ ਬਹਿ ਕੇ ਚਾਨਣ ਦੇ ਗੀਤ ਗਾਉਣ ਵਾਲੇ ਪੰਛੀ ਹਨੇਰੇ ਸੁੱਟਦੀ ਰਾਤ ਦੇ ਪਰਛਾਵਿਆਂ ਤੋਂ ਡਰ ਕੇ ਆਪਣੇ ਹੀ ਪਰਾਂ ਦੀ ਬੁੱਕਲ ਹੇਠ ਸਿਰ ਦੇ ਕੇ ਚੁੱਪਾਂ ਵੱਟ ਜਾਂਦੇ ਹਨ। ਮਾਯੂਸੀ ਦੇ ਐਸੇ ਖ਼ੌਫ਼ਨਾਕ ਸਮੇਂ ਅੰਦਰ ਜਦੋਂ ਰਗਾਂ ਦਾ ਲਹੂ ਖ਼ੁਸ਼ਕ ਹੋ ਗਿਆ ਹੋਵੇ, ਜਿਸਮ ਥੱਕ ਹਾਰ ਕੇ ਬੇਜਾਨ ਹੋ ਗਏ ਹੋਵਨ ਤੇ ਦੂਰ-ਦੂਰ ਤੀਕਰ ਉਮੀਦ ਦੀ ਕੋਈ ਕਿਰਨ ਨਜ਼ਰ ਨਾ ਆ ਰਹੀ ਹੋਵੇ ਤੇ ਉੱਥੇ ਅਚਾਨਕ ਬੇਜਾਨ ਜਿਸਮਾਂ 'ਚ ਹਿੰਮਤਾਂ ਤੇ ਖ਼ਾਬ ਬੀਜਣ ਲਈ ਇੱਕ ਨੌਜਵਾਨ ਸ਼ਾਇਰ ਨਸੀਮ ਗ਼ੁਲਫ਼ਾਮ ਆਣ ਖਲੋਂਦਾ ਹੈ। ਉਹ ਆਪਣੇ ਲਹੂ ਨੂੰ ਰੁਸ਼ਨਾਈ ਦੀ ਧੂਣੀ ਦਿੰਦਿਆਂ, ਚੁੱਪਾਂ ਵੱਟੀ ਸਮਾਜ ਨੂੰ ਚੀਖ-ਚੀਖ ਕੇ ਜਗਾਉਂਦਾ ਹੈ ਤੇ ਪੂਰੇ ਏਹਤਮਾਦ ਨਾਲ਼ ਆਖਦਾ ਹੈ ਕਿ:

ਹਿੰਮਤ ਹਾਰੇ ਲੋਕਾਂ ਅੰਦਰ ਸੱਧਰ ਬੀਜ ਰਿਹਾਂ
ਮੈਂ ਚੁੱਪਾਂ ਦੇ ਖਿਲਵਾੜੇ ਵਿੱਚ ਅੱਖਰ ਬੀਜ ਰਿਹਾਂ
ਆਪਣੇ ਲਹੂ ਨੂੰ ਰੁਸ਼ਨਾਈ ਦੀ
ਧੂਣੀ ਇਸ ਲਈ ਦਿੱਤੀ
ਬੰਜਰ ਹੋਈਆਂ ਅੱਖਾਂ ਦੇ ਵਿੱਚ ਮੰਜ਼ਰ ਬੀਜ ਰਿਹਾਂ
ਜਿੱਥੇ ਗੂੜ੍ਹ ਹਨੇਰੇ ਕਿਧਰੇ ਝਾਤੀ ਪਾ ਨਾ ਸੱਕਣ
ਇੰਝ ਦੇ ਸੂਰਜ ਕੱਢਾਂਗਾ ਮੈਂ ਅੰਬਰ ਬੀਜ ਰਿਹਾਂ।

10 ਜਨਵਰੀ 1977 'ਚ ਫ਼ਕੀਰ ਵਾਲੀ ਜ਼ਿਲ੍ਹਾ ਬਹਾਵਲਨਗਰ 'ਚ ਪੈਦਾ ਹੋਣ ਵਾਲੇ ਨਸੀਮ ਗੁਲਫ਼ਾਮ ਦਾ ਅਸਲੀ ਨਾਮ ਮੁਹੰਮਦ ਨਸੀਮ ਹੈ। ਮੁਢਲੀ ਤਾਲੀਮ ਤੋਂ

ਬਾਅਦ ਆਪਣੇ ਆਬਾਈ ਇਲਾਕੇ 'ਚ ਫ਼ੋਟੋਗ੍ਰਾਫਰੀ ਦੀ ਹੱਟੀ ਪਾ ਲਈ। ਸ਼ੇਅਰ ਕਹਿਣ ਦਾ ਸ਼ੌਂਕ ਬਚਪਨ ਤੋਂ ਹੀ ਸੀ। ਨਸੀਮ ਗੁਲਫ਼ਾਮ ਤਕਦੀਰਾਂ ਪਿੱਛੇ ਨੱਸ-ਨੱਸ ਕੇ ਸਿਆਪੇ ਪਾਵਣ ਵਾਲਿਆਂ ਦੇ ਨਾਲ਼ ਰਲ ਕੇ ਰੋਣ ਦੀ ਬਜਾਇ ਆਪਣੇ ਅਮਲਾਂ ਨਾਲ ਤਕਦੀਰਾਂ ਬਦਲਣ ਦੀ ਹਿੰਮਤ ਤੇ ਸੋਚ ਰੱਖਣ ਵਾਲ਼ਾ ਖ਼ੂਬਸੂਰਤ ਸ਼ਾਇਰ ਹੈ। ਉਹ ਰੇਸ਼ਮੀ ਜ਼ੁਲਫ਼ਾਂ ਦੇ ਜਾਲ਼ ਤੇ ਨਸ਼ੀਲੀਆਂ ਅੱਖਾਂ ਦੇ ਵਾਰ ਤੋਂ ਕਿਤੇ ਅੱਗੇ ਦੀ ਗੱਲ ਕਰਦਾ ਹੈ। ਉਹ ਅੱਜ ਦੇ ਰਸਮੋ-ਰਿਵਾਜ ਤੇ ਅੱਜ ਦੇ ਮੁੱਲਾਂ, ਪੰਡਿਤਾਂ ਤੇ ਮੁਫ਼ਾਦ ਪ੍ਰਸਤ ਪੀਰਾਂ ਵੱਲ ਵੇਖਦਾ ਹੈ ਤੇ ਬੜੀ ਬੇਜ਼ਾਰੀ ਨਾਲ ਆਖਦਾ ਹੈ ਕਿ:

ਬੇਹਿੰਮਤੇ ਤਕਦੀਰ ਦੇ ਪਿੱਛੇ
ਮੁੱਲਾ ਪੰਡਿਤ ਪੀਰ ਦੇ ਪਿੱਛੇ
ਤੂੰ ਵੇਹਿੰਦਾ ਏ ਜ਼ਖ਼ਮਾਂ ਵੱਲੇ
ਮੈਂ ਵੇਹਿੰਦਾ ਹਾਂ ਤੀਰ ਦੇ ਪਿੱਛੇ

ਨਸੀਮ ਗੁਲਫ਼ਾਮ ਧਰਤੀ ਦੇ ਵਸਨੀਕਾਂ ਵੱਲ ਵੇਖਦਾ ਹੈ ਤੇ ਬੜਾ ਪਰੇਸ਼ਾਨ ਹੋ ਜਾਂਦਾ ਹੈ ਕਿ ਆਖਰ ਕਿਹੜੀ ਗੱਲ ਹੈ ਕਿ ਸੂਰਜ ਦੀ ਅੱਗ ਵਿੱਚ ਸੜਨ ਵਾਲੇ ਛਾਵਾਂ ਲੱਭਣ ਦੀ ਕੋਸ਼ਿਸ਼ ਵੀ ਨਹੀਂ ਕਰਦੇ ਤੇ ਇਕੋ ਥਾਵੇਂ ਬੈਠੇ ਬੇਜਾਨ ਤੇ ਨਿਢਾਲ ਜਿਸਮਾਂ ਦੀਆਂ ਸਾਹਵਾਂ ਪੂਰੀਆਂ ਕਰ ਰਹੇ ਹਨ। ਉਹ ਸੋਚਦਾ ਹੈ ਕਿ ਇਹ ਕਿਹੋ ਜਿਹੇ ਲੋਕ ਨੇ ਜੋ ਧੁੱਪੇ ਬੈਠੇ ਵੀ ਚੁੱਪ, ਛਾਵਾਂ ਹੇਠ ਵੀ ਚੁੱਪ, ਖ਼ਾਬਾਂ ਦੀਆਂ ਤਾਬੀਰਾਂ ਤੇ ਦੂਰ ਦੀ ਗੱਲ, ਇਹ ਤੇ ਖ਼ਾਬ ਵੀ ਨਹੀਂ ਵੇਖਦੇ, ਨਾ ਇਹ ਧਰਤੀ ਦਾ ਸੀਨਾ ਚੀਰ ਕੇ ਵਿੱਚੋਂ ਹਯਾਤੀ ਦੇ ਰਾਜ਼ ਲੱਭਣ ਦੀ ਕੋਸ਼ਿਸ਼ ਕਰਦੇ ਨੇ ਤੇ ਨਾ ਹੀ ਅਸਮਾਨਾਂ ਦੇ ਬਦਲਦੇ ਰੰਗ ਵੇਖ ਕੇ ਮੰਜ਼ਲਾਂ ਦੀ ਤਲਾਸ਼ ਕਰਦੇ ਨੇ। ਚੁੱਪਾਂ ਵੱਟੀ ਸਮਾਜ ਵੱਲ ਵੇਖਦੇ ਹੋਏ ਨਸੀਮ ਗੁਲਫ਼ਾਮ ਪੁੱਛਦਾ ਹੈ ਕਿ:

ਕਿਹੜਾ ਡਰ ਏ ਲੋਕਾਂ ਨੂੰ
ਚੁੱਪਾਂ ਵੱਟੀ ਬੈਠੇ ਨੇ
ਛਾਵਾਂ ਦੇ ਵਪਾਰੀ ਵੀ
ਧੁੱਪਾਂ ਵੱਟੀ ਬੈਠੇ ਨੇ
ਚੁੱਪਾਂ ਵਿੱਚ ਗੁਲਫ਼ਾਮ ਕਈ
'ਵਾਜਾਂ ਵੱਟੀ ਬੈਠੇ ਨੇ।

ਨਸੀਮ ਗੁਲਫ਼ਾਮ ਅੰਦਰ ਦੀ ਭੁੱਖ ਨੂੰ ਵੀ ਬੜੀ ਚੰਗੀ ਤਰ੍ਹਾਂ ਜਾਣਦਾ ਹੈ ਤੇ ਇਨਸਾਨਾਂ ਦੀ ਲੋੜ ਨੂੰ ਵੀ ਖ਼ੂਬ ਸਮਝਦਾ ਹੈ। ਉਹ ਇਕ ਸੱਚੇ ਰੱਬ ਦਾ ਮੰਨਣ ਵਾਲ਼ਾ ਹੋਣ ਦੇ ਬਾਵਜੂਦ ਮਜ਼੍ਹਬਾਂ ਦੀ ਬੁੱਕਲ ਵਿਚ ਲੁਕ ਕੇ ਮਾਸੂਮ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਬਨਾਵਟੀ ਮੁੱਲਾਂ, ਪੰਡਿਤ ਤੇ ਫਾਦਰ ਦੇ ਕਿਰਦਾਰਾਂ ਤੋਂ ਵੀ ਵਾਕਿਫ ਹੈ। ਉਹ ਆਪਣੀਆਂ ਗ਼ਜ਼ਲਾਂ, ਨਜ਼ਮਾਂ ਤੇ ਆਪਣੀਆਂ ਕਾਫ਼ੀਆਂ ਦੇ

ਅੱਖਰਾਂ ਦੀ ਹਕੀਕਤ ਨੂੰ ਜਾਣਦਾ ਹੈ। ਇਸ ਲਈ ਵਕਤ ਦੀਆਂ ਤਾਕਤਾਂ ਅੱਗੇ ਚੁੱਪਾਂ ਵੱਟਣ ਦੀ ਬਜਾਇ ਬਗ਼ੈਰ ਕਿਸੇ ਖ਼ੌਫ਼ ਦੇ ਆਖਦਾ ਹੈ ਕਿ:

ਭੁੱਖ ਨੇ ਮਜ਼ਬਾਂ ਦੀ ਇੱਕ ਵੀ ਨਾ ਸੁਣੀ
ਰਹਿ ਗਏ ਮਸਜਿਦ ਤੇ ਮੰਦਰ ਚੀਕਦੇ
ਭਾਵੇਂ ਇਹ ਗੁਲਫ਼ਾਮ ਜੀਭੀ ਵੀ ਵੱਢ ਦਿਓ
ਡੱਕੇ ਨਹੀਂ ਜਾਣੇ ਇਹ ਅੱਖਰ ਚੀਕਦੇ।

ਨਸੀਮ ਗੁਲਫ਼ਾਮ ਦੀ ਨਜ਼ਮ, ਗਜ਼ਲ, ਕਾਫ਼ੀ ਤੇ ਬੋਲੀ ਉਹਦੇ ਸਫ਼ਰ ਤੋਂ ਅੱਗੇ ਦੀਆਂ ਮਹਿਸੂਸ ਹੁੰਦੀਆਂ ਹਨ, ਇਹੋ ਗੱਲ ਹੈ ਕਿ ਉਹ ਆਪਣੀਆਂ ਸੋਚਾਂ ਨੂੰ ਫੁੱਲ, ਕਲੀਆਂ, ਹਿਜਰ, ਵਿਛੋੜਾ ਤੇ ਨਿੱਕੀ ਉਮਰਾਂ ਦੇ ਪਿਆਰ ਤੀਕਰ ਮਹਿਦੂਦ ਨਹੀਂ ਕਰਦਾ, ਸਗੋਂ ਇੱਕ ਮੁਆਸ਼ਰੇ ਦੇ ਨਿਜ਼ਾਮ ਦੀ ਨੀਂਹ ਰੱਖਣ ਦੀ ਗੱਲ ਕਰਦਾ ਹੈ। ਉਹ ਧਰਤੀ 'ਤੇ ਰਹਿਣ ਵਾਲਿਆਂ ਨੂੰ ਅੰਬਰਾਂ ਦੇ ਖ਼ਾਬ ਵਿਖਾਉਂਦਾ ਹੈ, ਉਹ ਜੰਗਲਾਂ, ਸਮੁੰਦਰਾਂ ਤੇ ਪਹਾੜਾਂ ਦੇ ਜ਼ੋਰ ਤੋਂ ਨਹੀਂ ਘਬਰਾਉਂਦਾ, ਸਗੋਂ ਆਪਣੇ ਸਮਾਜ ਦੇ ਗੱਭਰੂਆਂ ਨੂੰ ਹੱਲਾਸ਼ੇਰੀ ਦਿੰਦਾ ਵਿਖਾਲੀ ਦਿੰਦਾ ਹੈ:

ਮੈਂ ਕਹਿੰਨਾ ਵਾਂ ਹਿੰਮਤ ਕਰੀਏ ਵੇਖੀ ਜਾਊ
ਉਹ ਕਹਿੰਦੇ ਨੇ ਪਹਿਲੇ ਛੱਲਾਂ ਵੇਖ ਲਵੋ
ਆਪਣੀ ਰੱਤ ਪਿਆ ਕੇ ਜੀਵਨ ਦਿੱਤਾ ਹੈ,
ਨਹੀਂ ਤਾਂ ਸਿਰ 'ਤੇ ਅੰਬਰ ਵੱਲਾਂ ਵੇਖ ਲਵੋ।

ਨਸੀਮ ਗੁਲਫ਼ਾਮ ਦੇ ਸ਼ੇਅਰਾਂ 'ਚ ਤਗ਼ਜ਼ੁਲ, ਬਰਜਸਤਗੀ ਤੇ ਤਰੰਨੁਮ ਦੇ ਨਾਲ਼-ਨਾਲ਼ ਖ਼ਿਆਲ ਦੀ ਉਡਾਨ ਦੇ ਹਵਾਵਾਂ 'ਚ ਬੱਦਲਾਂ ਦੇ ਨਾਲ਼ ਉਡਦੇ ਹੋਏ ਜਜ਼ਬਿਆਂ ਦੀ ਭਰਮਾਰ ਮਿਲਦੀ ਹੈ, ਐਸੇ ਪਾਰੋਂ ਇੱਕ ਵਾਰੀ ਫਿਰ ਉਹ ਆਪਣੇ ਡਰੇ ਤੇ ਘਬਰਾਏ ਹੋਏ ਮੁਆਸ਼ਰੇ ਵੱਲ ਮੂੰਹ ਕਰਕੇ ਆਖਦਾ ਹੈ ਕਿ:

ਜਿਹੜੇ ਹੱਥ ਪਤਵਾਰ ਨਹੀਂ ਲੱਗਦੇ
ਉਹ ਕਿਧਰੇ ਵੀ ਪਾਰ ਨਹੀਂ ਲੱਗਦੇ
ਥੋੜ੍ਹੀ ਹੋਰ ਪਿਆ ਨੈਣਾਂ 'ਚੋਂ
ਹਾਲੀ ਦੋ ਦੇ ਚਾਰ ਨਹੀਂ ਲੱਗਦੇ।

ਨਸੀਮ ਗੁਲਫ਼ਾਮ ਦੇ ਖ਼ਿਆਲਾਂ ਦੀਆਂ ਪਰਤਾਂ ਖੋਲ੍ਹਣ ਲਈ ਉਹਦੇ ਨਾਲ਼-ਨਾਲ਼ ਤੁਰਨਾ ਪੈਂਦਾ ਹੈ ਤੇ ਇਹੋ ਗੱਲ ਕਿ ਉਹਦੀ ਉਡਾਨ ਦੇ ਪਿੱਛੇ ਉੱਡਦਿਆਂ-ਉੱਡਦਿਆਂ ਕਈ ਪੰਛੀ ਵਾ-ਵਰੋਲਿਆਂ 'ਚ ਹੀ ਫਸ ਕੇ ਗਵਾ ਜਾਂਦੇ ਨੇ ਤੇ ਨਸੀਮ ਗੁਲਫ਼ਾਮ ਕਿਸੇ ਸ਼ਾਹੀਨ ਤਰ੍ਹਾਂ ਨੀਲੇ ਅਸਮਾਨਾਂ 'ਚ ਬਹੁਤ ਅੱਗੇ ਨਿਕਲ ਜਾਂਦਾ ਹੈ। ਨਸੀਮ ਗੁਲਫ਼ਾਮ ਦੇ ਸ਼ੇਅਰਾਂ ਦੀ ਉਡਾਨ ਜਾਚਣ ਲਈ ਉਹਦਾ ਇੱਕ ਸ਼ੇਅਰ ਵੇਖੋ:

ਸੂਰਜ ਤੋਂ ਪਹਿਲਾਂ ਦੀ ਕੋਈ ਥਾਂ ਲੱਭੋ
ਮੈਨੂੰ ਸਾੜੋ ਮੇਰੇ ਹਾਣ ਦੀ ਭੱਠੀ 'ਤੇ।

ਪੱਥਰਾਂ ਵਰਗੀ ਹਯਾਤੀ ਤੇ ਪਹਾੜਾਂ ਵਰਗੇ ਦੁੱਖ ਲੱਦਣ ਨਾਲ ਪਥਰਾਈਆਂ ਅੱਖਾਂ 'ਚੋਂ ਲਹੂ ਨਹੀਂ ਵਗਦਾ ਹੁੰਦਾ ਸਗੋਂ ਠੋਕਰ ਮਾਰਨ ਨਾਲ ਹਯਾਤੀ ਦਾ ਇਹ ਪੱਥਰ ਟਿੱਬੇ ਟੋਇਆਂ ਅੰਦਰ ਰੁੜ੍ਹ ਜਾਂਦਾ ਹੈ। ਨਾ ਉਹ ਥੱਕਦਾ ਹੈ, ਨਾ ਉਹ ਰੁਕਦਾ ਹੈ ਤੇ ਨਾ ਉਹ ਕਾਲੀਆਂ ਰਾਤਾਂ ਦੇ ਹਨੇਰਿਆਂ 'ਚ ਘਬਰਾਉਂਦਾ ਹੈ, ਸਗੋਂ ਲੀਰੋ-ਲੀਰ ਹਯਾਤੀ ਦੇ ਪਰਛਾਵੇਂ ਵੱਲ ਵੇਖ ਕੇ ਹੌਲੀ ਜਿਹੀ ਆਖਦਾ ਹੈ ਕਿ:

ਆਪਣੇ ਅੰਦਰ ਆਪੇ ਮੋਏ
ਨਾ ਹੱਸੇ ਨਾ ਖੁੱਲ੍ਹ ਕੇ ਰੋਏ
ਨਾ ਸਾਡੇ 'ਤੇ ਹੰਝੂ ਚੋਏ
ਜਿੰਦ ਅਸਾਡੀ ਟਿੱਬੇ ਟੋਏ।

ਬੇਭਰਵਾਸੇ ਮੌਸਮਾਂ ਦੇ ਚਾਲੇ ਵੇਖ ਕੇ ਇਨਸਾਨ ਹੋਣ ਦੇ ਨਾਤੇ ਨਸੀਮ ਗੁਲਫ਼ਾਮ ਵੀ ਕਦੀ-ਕਦੀ ਘਬਰਾ ਜਾਂਦਾ ਹੈ। ਉਹ ਕਦੀ ਧਰਤੀ 'ਤੇ ਖਿਲਰੇ ਦੁੱਖਾਂ ਦੇ ਜੰਗਲ ਵੇਖਦਾ ਹੈ, ਕਦੀ ਜੰਗਲਾਂ ਵਿੱਚ ਸਹਿਮੀਆਂ-ਸਹਿਮੀਆਂ ਸੱਧਰਾਂ ਦੇ ਰੰਗ ਵੇਖਦਾ ਹੈ ਤੇ ਕਦੀ ਜ਼ਹਿਰ ਹੁੰਦੀ ਹਯਾਤੀ ਦਾ ਨੀਲਾ ਹੁੰਦਾ ਪਿੰਡਾ ਵੇਖਦਾ ਹੈ ਤੇ ਉਹ ਨੀਲੇ ਅਸਮਾਨ ਵੱਲ ਵੇਖਦਿਆਂ ਹੋਇਆਂ ਪੂਰੇ ਜ਼ੋਰ ਨਾਲ ਆਖਦਾ ਹੈ ਕਿ:

ਜੁੱਸੇ ਨੀਲੇ ਕਰ ਗਿਆ ਅਣਹੋਣੀ ਦਾਤਾ
ਸਭੇ ਸੱਧਰਾਂ ਸਹਿਮੀਆਂ ਕੰਬੇ ਫਿਰਦੇ ਚਾਅ
ਬੇਭਰਵਾਸੇ ਮੌਸਮਾਂ ਧੁੜਕੂ ਦਿੱਤਾ ਲਾ
ਨੇੜੇ ਹੋ ਕੇ ਸੁਣੀ ਵੇ ਰੱਬਾ ਬੇਪਰਵਾਹ।

ਨਸੀਮ ਗੁਲਫ਼ਾਮ ਸਾਰਾ-ਸਾਰਾ ਦਿਨ ਮੁਸ਼ਾਇਦਾ ਕਰਨ ਤੋਂ ਬਾਅਦ ਹਯਾਤੀ ਦੀ ਹਕੀਕਤ ਲੱਭ ਲੈਂਦਾ ਹੈ। ਉਹਨੂੰ ਸਮਝ ਆ ਜਾਂਦੀ ਹੈ ਕਿ ਫੁੱਲਾਂ ਦੇ ਰੰਗ ਪੀਲੇ ਕਿਉਂ ਪੈ ਗਏ ਨੇ, ਸੂਰਜ ਦੀ ਅੱਗ ਧਰਤੀ ਦਾ ਪਿੰਡਾਂ ਕਿਉਂ ਸਾੜ ਰਹੀ ਹੈ, ਹਰ ਪਾਸੇ ਕਹਿਰ ਹੀ ਕਹਿਰ ਦੀ ਵਜ੍ਹਾ ਕੀ ਹੈ। ਇੱਕ ਰੱਬ 'ਤੇ ਇਮਾਨ ਰੱਖਣ ਵਾਲ਼ਾ ਨਸੀਮ ਗੁਲਫ਼ਾਮ ਸਾਰੀ ਗੱਲ ਸਮਝ ਜਾਂਦਾ ਹੈ। ਉਹ ਆਪਣੇ ਅੰਦਰ ਤੇ ਬਾਹਰ ਨੂੰ ਬੜੇ ਨੇੜੇ ਹੋ ਕੇ ਵੇਖਦਾ ਹੈ ਤੇ ਆਪਣੇ ਸੀਨੇ 'ਤੇ ਕੰਨ ਧਰ ਕੇ ਗ਼ੌਰ ਨਾਲ ਸੁਣਦਾ ਹੈ। ਅੰਦਰੋਂ ਆਵਾਜ਼ ਆਉਂਦੀ ਹੈ, ਜਿਹਨੂੰ ਸੁਣ ਕੇ ਉਹਦਾ ਵਜੂਦ ਕੰਬ ਜਾਂਦਾ ਹੈ, ਸੋਚ ਪਥਰਾ ਜਾਂਦੀ ਹੈ, ਅੱਖਾਂ ਅੱਗੋਂ ਹਨੇਰਾ ਦੂਰ ਹੋ ਜਾਂਦਾ ਹੈ:

ਪੰਜੇ ਵੇਲੇ ਸੁਣੀ ਅਜ਼ਾਨ
ਤੇ ਪੰਜੇ ਵੇਲੇ ਨੀਤੀ

ਪੰਜੇ ਵੇਲੇ ਸੀਸ ਨਿਵਾਇਆ
ਰੱਜ ਰੱਜ ਤੌਬਾ ਕੀਤੀ

ਫੇਰ ਵੀ ਅੰਦਰ ਕਾਲਖ ਸਾਡੇ
ਫੇਰ ਵੀ ਰਹੀ ਪਲੀਤੀ।

ਨਸੀਮ ਗੁਲਫ਼ਾਮ ਲੋਕਾਈ ਦੇ ਦੁੱਖਾਂ ਨੂੰ ਆਪਣਾ ਦੁੱਖ ਸਮਝਦਾ ਹੈ ਇਹੋ ਇਹਦੇ ਸ਼ੇਅਰਾਂ ਦੀ ਖ਼ੂਬਸੂਰਤੀ ਹੈ ਤੇ ਇਹੋ ਕਾਰਨ ਹੈ ਕਿ ਨਸੀਮ ਗ਼ੁਲਫਾਮ ਹਯਾਤੀ ਦੇ ਦੁੱਖਾਂ ਤੋਂ ਘਬਰਾ ਕੇ ਕਿਨਾਰਾ ਨਹੀਂ ਕਰ ਜਾਂਦਾ ਸਗੋਂ ਬੜੀ ਜੁਅਰਤ ਤੇ ਦਲੇਰੀ ਨਾਲ ਦੁੱਖਾਂ ਨੂੰ ਇਸ ਹਯਾਤੀ ਦਾ ਹਮਸਫ਼ਰ ਜਾਣਦੇ ਹੋਇਆਂ ਕੁੱਛੜ ਚੁੱਕ ਲੈਂਦਾ ਹੈ। ਨਸੀਮ ਗੁਲਫ਼ਾਮ ਦੀ ਬਹਾਦਰੀ ਦਾ ਸਬੂਤ ਹੈ ਵੇਖੋ ਉਹਨੇ ਆਪਣੀ ਆਉਣ ਵਾਲੀ ਕਿਤਾਬ ਦਾ ਨਾਂ ਵੀ "ਕੁਛੜ 'ਚ ਆਇਆ ਦੁੱਖ" ਰੱਖਿਆ ਹੈ ਤੇ ਨਾਲ ਹੀ ਸਾਨੂੰ ਇਹ ਵੀ ਦੱਸ ਛੱਡਿਆ ਹੈ ਕਿ:

ਭਾਵੇਂ ਲੱਖ ਪਰਾਇਆ ਦੁਖ ਏ
ਫੇਰ ਵੀ ਕੁੱਛੜ ਚਾਇਆ ਦੁਖ ਏ।

ਨਸੀਮ ਗ਼ੁਲਫਾਮ ਨੇ ਆਪਣੀ ਕਾਦਿਰ ਕਲਾਮੀ ਦੇ ਸਬੂਤ ਲਈ ਇਸ ਕਿਤਾਬ ਵਿੱਚ ਨਜ਼ਮਾਂ, ਗ਼ਜ਼ਲਾਂ, ਕਾਫ਼ੀਆਂ ਤੇ ਮਨ ਖਿੱਚਵੀਆਂ ਬੋਲੀਆਂ ਸ਼ਾਮਿਲ ਕੀਤੀਆਂ ਹਨ। ਮੈਨੂੰ ਯਕੀਨ ਹੈ ਕਿ ਉਹਦੀ ਇਹ ਕਿਤਾਬ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਨਾਲ਼-ਨਾਲ਼ ਪੂਰੀ ਦੁਨੀਆਂ ਦੇ ਪੰਜਾਬੀ ਅਦਬ ਵਿੱਚ ਸਰਾਹੀ ਜਾਏਗੀ। ਨਸੀਮ ਗੁਲਫ਼ਾਮ ਕੰਮਕਾਰ ਦੇ ਸਿਲਸਿਲੇ ਵਿੱਚ 1995 'ਚ ਇਸਲਾਮਾਬਾਦ ਹਿਜਰਤ ਕਰ ਗਿਆ, ਜਿੱਥੇ ਉਹਨੇ ਬੈੱਡਸ਼ੀਟਾਂ ਦੀ ਫੈਕਟਰੀ ਲਾਈ ਤੇ 2008 'ਚ ਲਾਹੌਰ ਆ ਕੇ ਆਪਣਾ ਕਿਤਾਬਾਂ ਛਾਪਣ ਵਾਲ਼ਾ ਪ੍ਰੈਸ ਲਾ ਲਿਆ। ਨਸੀਮ ਗੁਲਫ਼ਾਮ ਲਾਹੌਰ ਰਹਿ ਰਿਹਾ ਹੈ ਪਰ ਈਦ-ਬਕਰੀਦ 'ਤੇ ਖ਼ੁਸ਼ੀ-ਗ਼ਮੀ 'ਚ ਸ਼ਿਰਕਤ ਕਰਨ ਲਈ ਉਹ ਬਾਕਾਇਦਗੀ ਨਾਲ ਆਪਣੇ ਆਬਾਈ ਇਲਾਕੇ ਫ਼ਕੀਰ ਵਾਲੀ ਆਉਂਦਾ ਹੈ। ਅੰਤ 'ਤੇ ਨਸੀਮ ਗੁਲਫ਼ਾਮ ਦੀ ਇੱਕ ਬੋਲੀ ਵੇਖੋ:

ਗੱਲ ਆਪਣੀ ਤੋਂ
ਪਿੱਛੇ ਨਹੀਂ ਹਟਣਾ
ਤੂੰ ਲਾ ਕੇ ਮੈਦਾਨ ਵੇਖ ਲੈ।

ਰੱਬ ਕਰੇ ਨਸੀਮ ਗੁਲਫ਼ਾਮ ਹਯਾਤੀਆਂ ਮਾਣੇ ਤੇ ਕਦੀ ਦੁੱਖਾਂ ਦੀ ਸ਼ਕਲ ਨਾ ਵੇਖੇ।

ਆਮੀਨ!

□□□

# ਪੈਂਡੇ ਚੱਟਣ ਤਲੀਆਂ
# ਮੁਸ਼ਤਾਕ ਕਮਰ ਦੀ ਸ਼ਾਇਰੀ



1967 'ਚ ਬਹਾਵਲਨਗਰ ਦੀ ਤਹਿਸੀਲ ਚਿਸ਼ਤੀਆਂ 'ਚ ਅੱਖਾਂ ਖੋਲ੍ਹਣ ਵਾਲੇ ਮੁਸ਼ਤਾਕ ਕਮਰ ਨੇ ਸੁਰਤ ਸੰਭਾਲੀ ਤੇ ਪ੍ਰੋਫੈਸਰ ਅਲੀ ਅਲਸ਼ਦ ਮੀਰ ਦੀਆਂ ਨਜ਼ਮਾਂ ਦੀ ਖ਼ੁਸ਼ਬੂ ਨਾਲ ਆਲਾ-ਦਵਾਲ਼ਾ ਮਹਿਕ ਰਿਹਾ ਸੀ। ਰੋਂਦੇ ਬਾਲ ਦੀ ਅੱਖ 'ਚ ਅੱਥਰੂ ਵੇਖ ਕੇ ਕਲੇਜਾ ਬਾਹਰ ਆ ਜਾਂਦਾ ਹੈ ਤੇ ਜਿੱਥੇ ਭੁੱਖ, ਕਾਲ ਤੇ ਜਾਤਾਂ ਦੇ ਫ਼ਰਕ ਪਾਰੋਂ ਉਹ ਮਿੱਟੀ ਦਾ ਪੁਤਲਾ ਦਾੜ੍ਹਾਂ ਮਾਰ-ਮਾਰ ਵਰ੍ਹਿਆ ਹੋਵੇ ਤੇ ਉੱਥੇ ਮੁਸ਼ਤਾਕ ਕਮਰ ਜਿਹੇ ਹਿਸਾਸ ਤੇ ਦਰਦ-ਏ-ਦਿਲ ਰੱਖਣ ਵਾਲੇ ਸ਼ਾਇਰ ਅਦੀਬ ਦਾ ਕੀ ਹਾਲ ਹੋਵੇਗਾ ਅਸੀਂ ਬਿਹਤਰ ਜਾਣਦੇ ਆਂ। ਇੱਕ ਅਸੀਂ ਸ਼ਾਇਰ, ਦੂਜਾ ਅਸੀਂ ਵਾਸੀ ਵੀ ਰੋਹੀ ਦੇ ਹਾਂ। ਰੋਹੀ ਜਿੱਥੇ ਥਾਂ-ਥਾਂ ਦੁੱਖ ਝਾੜੀਆਂ ਤਰ੍ਹਾਂ ਖਿਲਰੇ ਹੋਏ ਹਨ। ਅੱਖਾਂ ਕੱਢਦੀ ਭੁੱਖ ਦਿਨ ਰਾਤ ਡਰਾ ਰਹੀ ਹੁੰਦੀ ਹੈ।ਅੱਗਾਂ ਸੁੱਟਦੇ ਸੂਰਜ ਹੇਠਾਂ ਸੜਦੇ ਬਲਦੇ ਮੀਂਹ ਦੇ ਬੱਦਲਾਂ ਦੇ ਉਡੀਕਣ ਹਾਰ ਪਿਆਸੇ ਪਿੰਡੇ। ਹਰ ਪਾਸੇ ਦਰਦਾਂ ਮਾਰੀ ਹਯਾਤੀ ਦੇ ਵੈਣ ਤੇ ਸਿਆਪਿਆਂ ਦੇ ਸਿਵਾ ਕੱਖ ਨਜ਼ਰ ਨਹੀਂ ਆਉਂਦਾ। ਥਲ ਦੇ ਦੂਜੇ ਲਿਖਾਰੀਆਂ ਤਰ੍ਹਾਂ ਮੁਸ਼ਤਾਕ ਕਮਰ ਵੀ ਯਾਸੀਅਤ ਤੇ ਹਨੇਰਿਆਂ 'ਚ ਡੁੱਬ ਜਾਂਦਾ ਹੈ ਤੇ ਉਹਦਾ ਕਲਮ ਵੀ ਰੋਹੀ ਦੇ ਕੰਡਿਆਲੇ ਕਿੱਕਰਾਂ ਤਰ੍ਹਾਂ ਧਰਤੀ ਦੇ ਦੁੱਖ ਉਲੀਕਣ ਲੱਗ ਪੈਂਦਾ ਹੈ:

ਉਜੜੇ ਘਰ ਦੇ ਚੁੱਲ੍ਹੇ ਬੁਝੇ
ਮਟਕੇ ਪਾਣੀ ਮੰਗਣ
ਕਦ ਪਰਛਾਵੇਂ ਖਾਵਣ ਲੱਗੇ
ਜਦ ਦੁਪਹਿਰਾਂ ਆਈਆਂ।

ਮੁਸ਼ਤਾਕ ਕਮਰ ਮੌਸਮਾਂ ਦੇ ਬਦਲਦੇ ਰੰਗ ਵੇਖਦਾ ਰਿਹਾ, ਹਾੜ੍ਹ-ਜੇਠ ਦੀਆਂ ਧੁੱਪਾਂ ਝਲਦਾ ਰਿਹਾ, ਪੋਹ-ਮਾਘ ਦਾ ਪਾਲਾ ਸਹਿੰਦਾ ਰਿਹਾ ਤੇ ਪੈਂਡੇ ਕੱਟਦਾ ਰਿਹਾ। ਉਹਨੇ ਹਯਾਤੀ ਦਾ ਚੱਕਰ ਰੁਕਣ ਨਹੀਂ ਦਿੱਤਾ ਤੇ ਔਖੇ-ਸੌਖੇ 14 ਜਮਾਤਾਂ ਪਾਸ ਕਰ ਲਈਆਂ ਪਰ ਉਹਨੇ ਦਾਣੇ ਪਾਣੀ ਲਈ ਕੋਈ ਮੁਲਾਜ਼ਮਤ ਨਹੀਂ ਕੀਤੀ ਸਗੋਂ ਆਪਣਾ ਜ਼ਾਤੀ ਕੰਮ-ਕਾਰ ਸ਼ੁਰੂ ਕਰ ਦਿੱਤਾ। ਉਹ ਕਾਰੋਬਾਰੀ ਚੱਕਰਾਂ 'ਚ ਅੱਜ

ਇੱਥੇ ਤੇ ਕੱਲ੍ਹ ਉਥੇ ਪੈਂਡੇ ਸਨ ਕਿ ਮੁੱਕਣ ਦਾ ਨਾਂ ਹੀ ਨਹੀਂ ਲੈਂਦੇ। ਆਖ਼ਰ ਤੰਗ ਆ ਕੇ ਮੁਸ਼ਤਾਕ ਕਮਰ ਦੀਆਂ ਥੱਕੀਆਂ ਸਾਵਾਂ ਨੂੰ ਕਹਿਣਾ ਪਿਆ ਕਿ:

ਸਧਰਾਂ ਨੂੰ ਜਦ ਠੋਕਰ ਮਾਰੀ
ਰੋਵਣ ਆਈਆਂ ਅੱਖਾਂ
ਖ਼ਾਬ ਦੀ ਉਂਗਲ ਫੜ ਕੇ ਟੁਰ ਪਏ
ਭੁੱਲ ਗਏ ਚੰਗਾ ਮਾੜਾ
ਸੋਚ ਦੀ ਚਾਦਰ ਤਾਣ ਕੇ ਸੁੱਤੇ
ਨਿਕਲਣ ਠੰਡੀਆਂ ਹਾਵਾਂ
ਬੁੱਲ੍ਹਾਂ ਨੂੰ ਪਏ ਹਾਸੇ ਖਾਵਣ
ਪੈਂਡੇ ਚੱਟਣ ਤਲੀਆਂ।

ਮੁਸ਼ਤਾਕ ਕਮਰ ਕਰਦਾ ਵੀ ਤੇ ਆਖਰ ਕੀ ਕਰਦਾ, ਕੰਡਿਆਂ 'ਚ ਬਹਿ ਕੇ ਗੁਲਾਬ ਕਿਸ ਤਰ੍ਹਾਂ ਲਿਖਦਾ? ਅੱਗ ਦੇ ਸੇਕ ਅੰਦਰ ਵਗਦੇ ਦਰਿਆਵਾਂ ਦੇ ਰੂਪ ਕਿੰਝ ਉਲੀਕਦਾ? ਉਹਨੂੰ ਤੇ ਚੌਹਾਂ ਪਾਸੇ ਧੁੱਪਾਂ, ਦੁਖੜੇ, ਦੋਜ਼ਖ਼ ਜਿਹੇ ਅੱਗਾਂ ਦੇ ਭਾਂਬੜ, ਸਮੁੰਦਰੀ ਭੂਚਾਲ ਤੇ ਸਫਰਾਂ ਦੀ ਔਖਤ ਹੀ ਨਜ਼ਰ ਆਉਂਦੀ ਰਹੀ। ਇਹੋ ਗੱਲ ਸੀ ਕਿ ਉਹਦੇ ਕਲੇਜੇ 'ਚੋਂ ਇਹੋ ਜਿਹੀ ਕੁਰਲਾਹਟ ਨਜ਼ਮਾਂ ਦੀ ਸੂਰਤ 'ਚ ਅਕਸਰ ਨਿਕਲਦੀ ਰਹੀ:

ਧੁੱਪਾਂ ਨਾਲ ਹਵਾਵਾਂ ਬੰਨ੍ਹੀਆਂ
ਦੁਖ ਮੈਂ ਸੁੱਕਣੇ ਪਾਏ
ਦੋਜ਼ਖ਼ ਜਿਹੇ ਤੰਦੂਰਾਂ ਦੇ ਨਾਲ
ਘੁੱਟ ਘੁੱਟ ਜੱਫੇ ਪਾਏ
ਸੋਨੇ ਚਾਂਦੀ ਦੀ ਕੰਧ ਉਹਲੇ
ਲੁਕ ਗਏ ਮਾਵਾਂ ਜਾਏ
ਪੈਰਾਂ ਵਿੱਚ ਭੂਚਾਲ ਅਸਾਡੇ
ਸਫਰਾਂ ਵਿੱਚ ਨਿਤ ਮਾਏ।

ਮੁਸ਼ਤਾਕ ਕਮਰ ਪੈਂਡੇ ਕੱਟਦਾ-ਕੱਟਦਾ ਆਪਣੀ ਮਿੱਟੀ ਤੋਂ ਹਿਜਰਤ ਕਰਕੇ ਲਾਹੌਰ ਅੱਪੜ ਗਿਆ ਜਿੱਥੇ ਭੁੱਖ ਦੇ ਨਾਲ਼ ਹਿਜਰ ਵਿਛੋੜੇ ਦਾ ਦੁੱਖ ਵੀ ਹਯਾਤੀ ਵਿੱਚ ਸ਼ਾਮਿਲ ਹੋ ਗਿਆ। ਹਿਜਰਤ ਦਾ ਦੁੱਖ ਸਹਿਣਾ ਸੌਖਾ ਨਹੀਂ ਹੁੰਦਾ, ਸਾਰਾ ਦਿਨ ਤਲੀਆਂ ਪੈਂਡੇ ਚੱਟਦੀਆਂ ਨੇ ਤੇ ਰਾਤ ਨੂੰ ਸੋਚ ਦਾ ਪੈਂਡਾ ਸ਼ੁਰੂ ਹੋ ਜਾਂਦਾ ਹੈ। ਅੱਖਾਂ ਪਥਰਾਅ ਜਾਂਦੀਆਂ ਨੇ ਤੇ ਲੂੰ-ਲੂੰ ਵਿੱਚ ਫਨਾ ਮੁੱਕਣ ਵਾਲ਼ਾ ਦਰਦ ਇੱਲਾਂ ਤੇ ਕਾਵਾਂ ਵਾਂਗੂੰ ਠੂੰਗਾਂ ਮਾਰਨ ਲੱਗ ਪੈਂਦਾ ਹੈ। ਮੁਸ਼ਤਾਕ ਕਮਰ ਵੀ ਹਿਜਰ ਦੀ ਸੂਲੀ 'ਤੇ ਟੰਗਿਆ ਕਦੀ ਬੂਹੇ ਵੱਲ ਵੇਖਦਾ ਹੈ ਤੇ ਕਦੀ ਜਾਲੇ ਲੱਗੀ ਪੁਰਾਣੀ ਕੰਧ 'ਤੇ

ਟੰਗਿਆ ਕੈਲੰਡਰ ਵੇਖ ਕੇ ਸੋਚਾਂ ਵਿੱਚ ਗਵਾਚ ਜਾਂਦਾ ਹੈ। ਉਹਨੂੰ ਇੱਕ-ਇੱਕ ਪਲ ਸਦੀਆਂ ਤੋਂ ਲੰਮਾ ਜਾਪਣ ਲੱਗ ਪੈਂਦਾ ਹੈ ਤੇ ਐਸੇ ਕੈਫ਼ੀਅਤ ਵਿਚ ਉਹ ਦੁਖੀ ਰਾਤ ਤਰ੍ਹਾਂ ਗੁਣਗੁਣਾਉਂਦਾ ਹੈ:

ਉੱਸਲਵੱਟੇ ਲੈ-ਲੈ ਰਾਤ ਲੰਘਾਵਾਂ ਮੈਂ
ਤੇਰੇ ਨਾਵੇ ਕਿੰਝ ਹਯਾਤੀ ਲਾਵਾਂ ਮੈਂ
ਕੰਧ 'ਤੇ ਲੱਗੇ ਕਈ ਕੈਲੰਡਰ ਬਦਲ ਗਏ
ਦੱਸ ਹੋਰ ਕਿੰਨੇ ਪੋਹ ਤੇ ਮਾਘ ਲੰਘਾਵਾਂ ਮੈਂ।

ਹਿਜਰ ਇਕਲਾਪੇ ਤੇ ਦੁੱਖਾਂ ਦੀ ਕੈਫ਼ੀਅਤ ਵੀ ਬੜੀ ਤਵੀਲ ਹੁੰਦੀ ਹੈ। ਬੰਦੇ ਨੂੰ ਪੂਰੀ ਤਰ੍ਹਾਂ ਜ਼ੰਜੀਰਾਂ 'ਚ ਜਕੜ ਲੈਂਦੀ ਹੈ। ਮਲੂਕ ਜਿੰਦੜੀ ਇਸ ਸਿਕੰਜੇ 'ਚ ਤੜਫਦੀ, ਚੀਕਦੀ ਤੇ ਕੁਰਲਾਂਦੀ ਰਹਿੰਦੀ ਹੈ ਪਰ ਇਕਲਾਪੇ ਦਾ ਖੰਜਰ ਪੂਰੇ ਜਿਸਮ ਨੂੰ ਫੱਟੜ ਕਰਕੇ ਰਹਿੰਦਾ ਹੈ। ਮੁਸ਼ਤਾਕ ਕਮਰ ਵੀ ਐਸੇ ਵਿਛੋੜੇ ਦੇ ਦਰਦ ਤੇ ਰਾਤਾਂ ਦੇ ਜਗਰਾਤਿਆਂ ਵਿੱਚ ਅਧਮੋਇਆ ਹੋ ਕੇ ਬੰਜਰ ਧਰਤੀ ਦੇ ਕੱਚੇ ਫ਼ਰਸ਼ 'ਤੇ ਡਿੱਗ ਪੈਂਦਾ ਹੈ। ਉਹਦੀਆਂ ਪਲਕਾਂ 'ਤੇ ਖਲੋਤੇ ਸਾਰੇ ਖ਼ਾਬ ਤੇ ਦਿਲ ਦੀਆਂ ਮਾਸੂਮ ਸੱਧਰਾਂ ਹੰਝੂਆਂ ਰਾਹੀਂ ਸ਼ਾਮ ਦੀ ਉਦਾਸੀ 'ਚ ਗਵਾਚ ਜਾਂਦੀਆਂ ਨੇ ਤੇ ਪੀੜਾਂ ਜਦ ਮੁਸ਼ਤਾਕ ਕਮਰ ਦੇ ਦਿਲ 'ਚੋਂ ਇੱਕ ਹੋਰ ਉਦਾਸੀ ਭਰਿਆ ਗੀਤ ਵਿਛੋੜੇ ਦੇ ਅੱਖ ਦੇ ਕੱਜਲ ਵਾਂਗੂੰ ਹਵਾਵਾਂ 'ਚ ਫੈਲ ਜਾਂਦਾ ਹੈ:

ਖਾਲੀ ਹੱਥ ਵਿੱਚ ਰਹਿ ਗਏ ਕਾਸੇ
ਹਿਜਰਾਂ ਦੇ ਵਸ ਪੈ ਕੇ
ਫ਼ਜਰ ਦੇ ਤਾਰੇ ਨੂੰ ਚੁੱਪ ਲੱਗੀ
ਸਾਹਵਾਂ ਦੀ ਤੰਦ ਕੰਬੇ
ਹੰਝੂ ਹਾਵਾਂ ਗੁੰਨ੍ਹ ਰੱਖ ਕੁੜੀਏ
ਸੱਧਰਾਂ ਨੂੰ ਜੰਗ ਲੱਗੇ।

ਥਲ, ਸਮੁੰਦਰ, ਜੰਗਲ ਤੇ ਹਯਾਤੀ ਦੀਆਂ ਔਖਤਾਂ ਕੱਟਣ ਵਾਲ਼ਾ ਮੁਸ਼ਤਾਕ ਕਮਰ ਥੱਕਿਆ ਨਹੀਂ ਨਾ ਹੀ ਉਹਦੇ ਸਾਹਵਾਂ ਦੀ ਰਫ਼ਤਾਰ ਵਿੱਚ ਫ਼ਰਕ ਆਇਆ। ਉਹ ਕਦੀ ਨਾ ਮੁੱਕਣ ਵਾਲੇ ਹਯਾਤੀ ਦੇ ਪੈਂਡੇ ਕੱਟਦਾ ਰਿਹਾ ਤੇ ਅੱਗੇ ਵਧਦਾ ਰਿਹਾ। ਹਿਜਰ ਵਿਛੋੜੇ ਤੇ ਦੁੱਖਾਂ ਦੇ ਦਰਦਾਂ ਨਾਲ਼ ਭਰੀਆਂ ਨਜ਼ਮਾਂ ਉਲੀਕਣ ਦੇ ਨਾਲ਼-ਨਾਲ਼ ਉਹਨੇ ਮਾਂ-ਬੋਲੀ ਦੀ ਸੇਵਾ ਦੀ ਪੱਗ ਵੀ ਆਪਣੇ ਸਿਰ ਬੰਨ੍ਹ ਲਈ। ਚਿਸ਼ਤੀਆਂ ਸ਼ਹਿਰ ਵਿੱਚ ਬਹੁਤ ਸਾਰੀਆਂ ਅਦਬੀ ਤਨਜ਼ੀਮਾਂ ਦਾ ਮੁੱਢ ਵੀ ਰੱਖਿਆ, ਜਿਨ੍ਹਾਂ ਵਿੱਚ "ਕਲਮ ਕਬੀਲਾ", "ਪੰਜਾਬੀ ਅਦਬੀ ਸੰਗਤ" ਤੇ "ਚਿਸ਼ਤੀਆਂ ਆਰਟਸ ਕੌਂਸਲ" ਵਰਗੀਆਂ ਮਸ਼ਹੂਰ ਤਨਜ਼ੀਮਾਂ ਵੀ ਸ਼ਾਮਿਲ ਨੇ।

ਚਿਸ਼ਤੀਆਂ ਸ਼ਹਿਰ 'ਚੋਂ "ਤਰਸੀਲ" ਦੇ ਨਾਂ ਤੋਂ "ਪੰਜਾਬੀ ਅਦਬੀ ਪਰਾਗਾ"

ਕੱਢਿਆ ਜਿਹੜਾ ਸਹਾਫ਼ਤ ਦੇ ਨਾਲ਼-ਨਾਲ਼ ਹਾਲੇ ਤੀਕ ਮੁਸ਼ਤਾਕ ਕਮਰ ਬਾਕਾਇਦਗੀ ਨਾਲ਼ ਲਾਹੌਰ 'ਚੋਂ ਛਾਏ ਕਰਦਾ ਰਿਹਾ ਹੈ। ਉਹਦੀ ਪੰਜਾਬੀ ਸ਼ਾਇਰੀ ਦੀ ਕਿਤਾਬ "ਪੈਂਡੇ ਚੱਟਣ ਤਲੀਆਂ" 2005 'ਚ ਛਾਪੇ ਚੜ੍ਹੀ।

ਮੁਸ਼ਤਾਕ ਕਮਰ ਭਾਵੇਂ ਲਾਹੌਰ ਜਾ ਵੱਸਿਆ ਹੈ ਪਰ ਉਹ ਜ਼ਿਆਦਾ ਦੇਰ ਆਪਣਿਆਂ ਤੋਂ ਦੂਰ ਨਹੀਂ ਰਹਿ ਸਕਿਆ ਤੇ ਨਾ ਹੀ ਉਹਨੇ ਲਾਹੌਰ ਸ਼ਹਿਰ ਨੂੰ ਛੱਡਿਆ ਹੈ। ਮੁਸ਼ਤਾਕ ਕਮਰ ਰੋਜ਼ੀ-ਰੋਟੀ ਦੇ ਚੱਕਰ ਤੇ ਪੰਜਾਬੀ ਅਦਬ ਲਈ ਮਜੀਦ ਕੰਮ ਕਰਨ ਲਈ ਆਪਣੇ ਬਾਲ-ਬੱਚੇ ਵੀ ਲਾਹੌਰ ਲੈ ਗਿਆ ਹੈ।


ਮੁਸ਼ਤਾਕ ਕਮਰ ਅੱਜਕੱਲ੍ਹ ਸ਼ਾਇਰੀ, ਕਲਮ ਨਿਗਾਰੀ ਤੇ ਸਹਾਫ਼ਤ ਦੇ ਨਾਲ਼-ਨਾਲ਼ ਐੱਫ.ਐੱਮ 95 ਰੇਡੀਓ 'ਤੇ ਪੰਜਾਬੀ ਪ੍ਰੋਗਰਾਮ ਵੀ ਕਰ ਰਿਹਾ ਹੈ, ਭਾਵੇਂ ਉਹ ਲਾਹੌਰ ਹਿਜਰਤ ਕਰ ਗਿਆ ਹੈ, ਪਰ ਅੱਜ ਵੀ ਉਹ ਆਪਣੇ ਘਰ ਦੀ ਛੱਤ ਤੋਂ ਬਹਾਵਲਨਗਰ ਵੱਲ ਵੇਖਦਾ ਹੈ ਤੇ ਬੇਇਖ਼ਤਿਆਰ ਅੱਖਾਂ 'ਚ ਹੰਝੂ ਆ ਜਾਂਦੇ ਨੇ ਤੇ ਜ਼ੋਰ-ਜ਼ੋਰ ਦੀ ਕਹਿਣ ਲੱਗ ਪੈਂਦਾ ਹੈ ਕਿ:

ਹਿਜਰ ਤੇਰੇ ਦਾ ਰੋਗ ਅਵੱਲੜਾ
ਜਿਉਂਦੇ ਜਾਏ ਮੋਏ
ਦਿਲ ਦੀਆਂ ਪੀੜਾਂ ਦੱਸ ਨਾ ਸੱਕੇ
ਖੁਰ ਖੁਰ ਮਿੱਟੀ ਹੋਏ।

ਰੱਬ ਕਰੇ ਮੁਸ਼ਤਾਕ ਕਮਰ ਨੂੰ ਕਦੀ ਕੋਈ ਦੁੱਖ ਨਾ ਆਵੇ।

□□□

# ਡੂੰਘੀਆਂ ਰਮਜ਼ਾਂ ਦਾ ਮਹਾਨ ਸ਼ਾਇਰ
# ਸਲੀਮ ਸ਼ਹਿਜ਼ਾਦ



ਉਜੜੇ ਵਾਲ, ਪਾਟੇ ਲੀੜੇ, ਤੱਸੇ ਨੈਣ ਤੇ ਲੀਰੋ-ਲੀਰ ਹਯਾਤੀ ਨਾਲ਼, ਨਜ਼ਮ ਲਹੂ ਵਿਚ ਡੁੱਬੀ ਸੜਕ 'ਤੇ ਖਲੋਤੀ, ਨਜ਼ਮ ਦੇ ਹੱਥਾਂ ਵਿੱਚ ਖਾਲੀ ਠੂਠਾ ਹੈ ਤੇ ਚਾਰ-ਚੁਫੇਰੇ ਸ਼ੋਰ, ਪਾਗਲ ਕਰ ਦੇਣ ਵਾਲ਼ਾ ਸ਼ੋਰ, ਸ਼ੋਰ ਕਿਤੇ ਰੋਂਦੀਆਂ ਸੱਧਰਾਂ ਦਾ, ਕਿਤੇ ਕਦਰਾਂ ਦਾ, ਕਿਤੇ ਜ਼ਾਹਿਰਾਂ ਦਾ ਕਿਤੇ ਅੰਦਰਾਂ ਦਾ, ਕਿਤੇ ਅੱਗ ਦੇ ਲਾਲ ਸਮੁੰਦਰਾਂ ਦਾ, ਕਿਤੇ ਮਸਜਿਦ ਦਾ ਕਿਤੇ ਮੰਦਰਾਂ ਦਾ, ਕੱਖ ਸਮਝ ਨਹੀਂ ਆਉਂਦੀ ਕਿ ਕਿਸ ਦੀ ਸੁਣੀਏ, ਕਿਧਰ ਨੂੰ ਜਾਈਏ ਤੇ ਕਿਸ ਨੂੰ ਹਾਲ ਸੁਣਾਈਏ। ਵਿੱਚ ਚੁਰਾਹੇ ਨਜ਼ਮ ਖਲੋਤੀ ਤਰਲੇ ਪਾ ਰਹੀ ਹੈ ਤੇ ਭੀਖ ਮੰਗ ਰਹੀ ਆ, ਭੀਖ ਆਪਣਾ ਨੰਗ ਕੱਜਣ ਦੀ ਭੀਖ, ਵੱਡੀ ਸੋਚ ਤੇ ਖ਼ਿਆਲ ਦੀ ਉਡਾਣ ਦੀ ਭੀਖ, ਜੰਗਲ-ਬੇਲਿਆਂ ਦੀ ਭੀਖ, ਡੂੰਘੇ ਸਮੁੰਦਰਾਂ ਦੀ ਭੀਖ ਜਿੱਥੇ ਫਿਕਰਾਂ ਦੀ ਗਹਿਰਾਈ ਬੁੱਲ੍ਹੇ ਸ਼ਾਹ ਦੇ ਪੈਰਾਂ ਦੀ ਝਾਂਜਰ ਬਣ ਜਾਂਦੀ ਹੈ, ਸ਼ਾਹ ਹੁਸੈਨ ਦੀ ਕਾਫ਼ੀ ਬਣ ਜਾਂਦੀ ਹੈ ਤੇ ਵਾਰਿਸ ਸ਼ਾਹ ਦੀ ਹੀਰ ਬਣ ਜਾਂਦੀ ਹੈ।

ਨਜ਼ਮ ਹੱਥਾਂ ਵਿੱਚ ਕਾਸਾ ਚੁੱਕੀ ਦਰਦਾਂ ਨਾਲ ਚੀਕ ਰਹੀ ਤੇ ਕੁਰਲਾ ਰਹੀ ਹੈ ਪਰ ਕੋਈ ਨੀ ਸੁਣਦਾ, ਕਿਸੇ ਦੇ ਕੰਨਾਂ 'ਚ 'ਵਾਜ਼ ਨਹੀਂ ਜਾਂਦੀ ਜਾਂ ਫੇਰ ਕੋਈ ਸੁਣਨਾ ਹੀ ਨ੍ਹੀ ਚਾਹੁੰਦਾ। ਫੇਰ ਖ਼ਬਰੇ ਕੀ ਹੁੰਦਾ ਹੈ ਕੰਨਾਂ ਨੂੰ ਚੀਰਦਾ ਹੋਇਆ ਸ਼ੋਰ ਇਕਦਮ ਰੁਕ ਜਾਂਦਾ ਹੈ, ਸਮੇਂ ਨੂੰ ਚੁੱਪ ਜਿਹੀ ਲੱਗ ਜਾਂਦੀ ਹੈ, ਬਹਾਵਲਨਗਰ ਦੀ ਮਹਿਕਦੀ ਮਿੱਟੀ 'ਚੋਂ ਇਕ ਫ਼ਿਕਰ ਅੰਗੜਾਈ ਲੈਂਦੀ ਹੈ, ਫ਼ਿਕਰ ਡੂੰਘੇ ਸਮੁੰਦਰਾਂ ਦੀ ਫ਼ਿਕਰ, ਥਲ ਦਿਆਂ ਟਿੱਬਿਆਂ ਦੀ ਫ਼ਿਕਰ, ਰਮਜ਼ੀਅਤ ਦੇ ਦਰਿਆਵਾਂ 'ਚ ਗੋਤੇ ਖਾਂਦੀ ਫ਼ਿਕਰ, ਸੁੱਚਲ ਤੇ ਦਿਲ ਨੂੰ ਹਿਲਾ ਦੇਣ ਵਾਲੀ ਫ਼ਿਕਰ, ਸਲੀਮ ਸ਼ਹਿਜ਼ਾਦ ਦੀ ਫ਼ਿਕਰ ਜੀ ਹਾਂ ਸਲੀਮ ਸ਼ਹਿਜ਼ਾਦ।

ਸਰਾਇਕੀ ਜ਼ੁਬਾਨ ਦੀ ਗੁੜ੍ਹਤੀ ਲੈ ਕੇ ਦਸੰਬਰ 1957 ਵਿੱਚ ਅੱਖਾਂ ਖੋਲ੍ਹਣ ਵਾਲ਼ਾ ਸਲੀਮ ਸ਼ਹਿਜ਼ਾਦ ਜਿਹਨੇ ਇੱਕੋ ਵੇਲੇ ਅੰਦਰ ਉਰਦੂ "ਮਾਸੀਵਾ", "ਕਸਮ ਹੈ ਖ਼ਫ਼ਾਰੇ ਕੀ", "ਤਾਰੀਖੇ ਬਹਾਵਲ ਨਗਰ"', "ਕਟੀ ਪੋਰੋਂ ਸੇ ਬਹਤੀ ਨਜ਼ਮੇ", ਤਰਜਮਾ "ਮੁਨਤਖ਼ਿਫ਼ ਸਰਾਇਕੀ ਅਫ਼ਸਾਨੇ"।

ਪੰਜਾਬੀ "ਕਾਂ ਬਨੇਰੇ ਸੁੱਕਣ", "ਨੀਂਦਰ ਭਿੱਜੀਆਂ ਨਜ਼ਮਾਂ" ਤੇ ਸਰਾਇਕੀ

"ਪੈਰੀਂ ਟੁਰਦਾ ਸ਼ਹਿਰ", "ਗਾਣ" ਜ਼ੁਬਾਨ ਵਿਚ ਕਿਤਾਬਾਂ ਲਿਖ ਕੇ ਕੌਮੀ ਅਦਬੀ ਮਸੂਦ ਖੱਦਰ ਪੋਸ਼ ਐਵਾਰਡ ਤੇ ਸਿਤਾਰਾ-ਏ-ਬਹਾਵਲਪੁਰ ਐਜ਼ਾਜ਼ ਹਾਸਿਲ ਕੀਤਾ। ਸਲੀਮ ਸ਼ਹਿਜ਼ਾਦ ਨੇ 1972 ਵਿਚ ਬੀ.ਏ. ਕਰ ਕੇ 1979 ਵਿੱਚ ਪੁਲੀਟੀਕਲ ਸਾਇੰਸ ਵਿਚ ਮਾਸਟਰਜ਼ ਕੀਤਾ ਤੇ ਉਸ ਤੋਂ ਬਾਅਦ ਹੀ 1980 ਵਿਚ ਹੀ ਐਲ.ਐਲ.ਬੀ. ਦਾ ਇਮਤਿਹਾਨ ਵੀ ਦਿੱਤਾ ਤੇ ਉਸੇ ਸਾਲ ਡੀ.ਸੀ. ਆਫਿਸ ਵਿੱਚ ਸਰਕਾਰੀ ਮੁਲਾਜ਼ਮਤ ਦਾ ਆਗਾਜ਼ ਵੀ ਕਰ ਲਿਆ।

ਸਲੀਮ ਸ਼ਹਿਜ਼ਾਦ ਦੀ ਨਜ਼ਮ ਆਪਣਾ ਹਾਰ ਸ਼ਿੰਗਾਰ ਵੇਖ ਕੇ ਹੈਰਾਨ ਰਹਿ ਜਾਂਦੀ ਹੈ, ਨਵੀਂਆਂ ਨਵੀਂਆਂ ਅਲਾਮਤਾਂ ਦੀਆਂ ਟੂੰਬਾਂ ਨਜ਼ਮ ਨੂੰ ਮਿੱਟੀ 'ਚੋਂ ਚੁੱਕ ਕੇ ਅੰਬਰ ਦੇ ਤਾਰਿਆਂ 'ਤੇ ਬਿਠਾ ਦਿੰਦੀਆਂ ਹਨ। ਸਲੀਮ ਸ਼ਹਿਜ਼ਾਦ ਦੀ ਨਜ਼ਮ ਨਵੀਂ ਨਕੋਰ ਤੇ ਪੂਰੇ ਕੱਦ ਨਾਲ ਖਲੋਤੀ ਨਜ਼ਮ ਹੈ ਜਿਹੜੀ ਰਮਜ਼ੀਅਤ ਦੇ ਸਮੁੰਦਰਾਂ 'ਚ ਡੁੱਬੀ ਜਾਪਦੀ ਹੈ:

ਪੋਹ ਦੀ ਕੁਰਸੀ ਕਿਹਨੇ ਖਿੱਚੀ
ਕਿਹਨੇ ਸਾਡੀਆਂ ਮੁਸ਼ਕਾਂ ਭੰਨ ਕੇ
ਹੱਥਾਂ ਉੱਤੇ ਅੱਗ ਵਿਛਾਈ
ਕਿਹਨੇ ਸਾਡੇ ਕੰਨਾਂ ਅੰਦਰ
ਸ਼ੀਸ਼ਾ ਮੜ੍ਹਿਆ
ਕਿਹਨੇ ਸਾਡੀਆਂ ਪਿੱਪਲਾਂ ਅੰਦਰ
ਵਾਗ ਲੁਕਾਈ
ਕਿਹਨੇ ਸਾਡੀਆਂ ਅੱਖਾਂ ਵਿੱਚੋਂ
ਚਾਨਣ ਵੱਢਿਆ
ਚਾਨਣ ਵੱਢ ਕੇ
ਅੱਕ ਦੀ ਗੁੜ੍ਹਤੀ ਦਿੱਤੀ
ਵਾਜਾਂ ਅੰਦਰ ਵਾਜਾਂ ਬੰਨ੍ਹੀਆਂ
ਨੀਲੇ ਰੰਗ ਦੇ ਪਿਛਲੇ ਪਾਸੇ
ਜ਼ਹਿਰਾਂ ਵਿੱਚੋਂ ਸੂਰਜ ਕੱਢਿਆ
ਪੁੱਠੇ ਕੀਤੇ ਕਾਜ
ਫੇਰ ਸਮੇਂ ਨੇ ਧਰਤੀ ਜੰਮੀ
ਧਰਤੀ ਨੇ ਸਮਰਾਜ।

ਸਲੀਮ ਸ਼ਹਿਜ਼ਾਦ ਦੀ ਨਜ਼ਮ ਸਿਰ ਤੇ ਅਲਾਮਤਾਂ ਦੀ ਗੂੜ੍ਹੀ ਚੁੰਨੀ ਲੈ ਕੇ, ਹਵਾਵਾਂ 'ਚ ਉੱਡਣ ਲੱਗ ਪੈਂਦੀ ਹੈ ਤੇ ਜਦ ਆਪਣਾ ਆਲਾ-ਦੁਆਲਾ ਵੇਖਦੀ ਹੈ ਤਾਂ ਉਹਨੂੰ ਨਵੇਂ-ਨਵੇਂ ਲੋਕ ਨਵੀਂਆਂ-ਨਵੀਂਆਂ ਗੱਲਾਂ ਤੇ ਨਵੇਂ ਨਵੇਂ ਦੁੱਖ ਨਜ਼ਰ

ਆਉਂਦੇ ਨੇ। ਸਲੀਮ ਸ਼ਹਿਜ਼ਾਦ ਨਜ਼ਮਾਂ ਦੇ ਹੱਥ ਫੜਦਾ ਹੈ ਤੇ ਨਜ਼ਮਾਂ ਦੇ ਰੰਗ ਬਦਲ ਜਾਂਦੇ ਹਨ, ਰੂਪ ਬਦਲ ਜਾਂਦਾ ਹਨ ਤੇ ਅੰਦਾਜ਼ ਬਦਲ ਜਾਂਦਾ ਹੈ, ਹਾਰ ਬਦਲ ਜਾਂਦਾ ਹੈ ਤੇ ਸ਼ਿੰਗਾਰ ਬਦਲ ਜਾਂਦਾ ਹੈ। ਪਤਾ ਨਹੀਂ ਸਲੀਮ ਸ਼ਹਿਜ਼ਾਦ ਕੀ ਕਰਦਾ ਹੈ ਨਜ਼ਮਾਂ 'ਚੋਂ ਨਜ਼ਮਾਂ ਉੱਗਣ ਲੱਗ ਪੈਂਦੀਆਂ ਹਨ। ਫਿਰ ਆਲੇ-ਦੁਆਲੇ ਨਜ਼ਮਾਂ ਹੀ ਨਜ਼ਮਾਂ ਖਿਲਰੀਆਂ ਦਿਸਦੀਆਂ ਨੇ, ਕੁੱਖਾਂ 'ਚੋਂ ਨਿਕਲਣ ਵਾਲੀਆਂ ਨਜ਼ਮਾਂ, ਦੁੱਖਾਂ 'ਚੋਂ ਨਿਕਲਣ ਵਾਲੀਆਂ ਨਜ਼ਮਾਂ ਤੇ ਸੁੱਖਾਂ 'ਚੋਂ ਨਿਕਲਣ ਵਾਲੀਆਂ ਨਜ਼ਮਾਂ ਸਭ ਇੱਕੋ ਥਾਹਰਾਂ ਖਲੋਦੀਆਂ ਨੇ:

ਇੱਕ ਨਜ਼ਮ ਜੋ ਕੁੱਖੋਂ ਨਿਕਲੀ
ਮੁੱਲਾਂ ਨਾਲ ਨਿਕਾਹੀ
ਮੁੱਲਾ ਉਹਨੂੰ ਜੈਕਟ ਪਾ ਕੇ
ਜੰਨਤ ਆਪ ਪੁਜਾਈ
ਇਕ ਨਜ਼ਮ ਜੋ ਦੁਖੋਂ ਨਿਕਲੀ
ਜਨਤਾ ਨਾਲ ਵਿਆਹੀ
ਜਨਤਾ ਉਹਦੇ ਪੈਰਾਂ ਉੱਤੇ
ਨ੍ਹੇਰੀ ਆਣ ਵਿਛਾਈ
ਇੱਕ ਨਜ਼ਮ ਜੋ ਸੁੱਖੋਂ ਨਿਕਲੀ
ਧਰਤੀ ਨਾਲ ਨਚਾਈ
ਧਰਤੀ ਉਹਦੇ ਟੋਟੇ ਕਰਕੇ
ਫੌਜਾਂ ਅੱਗੇ ਪਾਈ।

ਜਿਸ ਨਜ਼ਮ ਨੂੰ ਧਰਤੀ ਮਾਂ ਨਾਲ ਪਿਆਰ ਹੋਵੇ ਤੇ ਧਰਤੀ ਨਾਲ਼ ਜੁੜਤ ਹੋਵੇ, ਉਹ ਨਜ਼ਮ ਕਦੀ ਚੁੱਪ ਨਹੀਂ ਵੱਟ ਸਕਦੀ। ਸਲੀਮ ਸ਼ਹਿਜ਼ਾਦ ਦੀ ਨਜ਼ਮ ਦਾ ਅੰਗ ਅੰਗ ਬੋਲਦਾ ਹੈ ਤੇ ਦੱਸਦਾ ਹੈ ਕਿ ਮੈਂ ਵੀ ਇਸ ਧਰਤੀ ਦਾ ਵਾਸੀ ਹਾਂ। ਸਲੀਮ ਸ਼ਹਿਜ਼ਾਦ ਨੇ ਮਰਦੇ ਹੋਏ ਲਫ਼ਜ਼ਾਂ ਨੂੰ ਨਜ਼ਮਾਂ ਵਿੱਚ ਸਾਹ ਲੈਣਾ ਸਿਖਾਇਆ ਹੈ, ਲਫਜ਼ਾਂ ਨੂੰ ਜੀਣਾ ਦੱਸਿਆ ਹੈ, ਲਫਜ਼ਾਂ ਨੂੰ ਮਾਣ ਦਿੱਤਾ ਹੈ ਤੇ ਇੱਕ ਵੱਖਰਾ ਹੀ ਅੰਦਾਜ਼ ਦਿੱਤਾ ਹੈ। ਫਿਰ ਇਹਦੀ ਨਜ਼ਮ ਦਾ ਸਿਰ ਉੱਚਾ ਕਿਵੇਂ ਨਾ ਹੋਵੇ:

ਇੱਕ ਸਮੇਂ ਮੈਂ ਧਰਤੀ ਉੱਤੇ
ਉੱਚਾ ਪੈਰ ਸੀ ਰੱਖਿਆ
ਮਾਂ ਨੇ ਮੈਨੂੰ ਪੁੱਤਰਾਂ ਵਾਂਗੂੰ
ਫੇਰ ਕਦੀ ਨਹੀਂ ਤੱਕਿਆ।

ਅਸਲ ਗੱਲ ਇਹ ਵੇ ਕਿ ਨਜ਼ਮ ਇੱਕੋ ਸੜਕ 'ਤੇ ਤੁਰਦਿਆਂ-ਤੁਰਦਿਆਂ ਥੱਕ ਗਈ ਸੀ ਸਗੋਂ ਅੱਕ ਗਈ ਸੀ, ਨਜ਼ਮ ਬੇਕਰਾਰ ਤੇ ਬੇਚੈਨ ਸੀ। ਉਹਦਾ ਸਾਹ ਘੁੱਟ

ਰਿਹਾ ਸੀ, ਫੁੱਲ-ਕਲੀਆਂ ਚੰਨ ਤਾਰੇ ਰੰਗ ਤੇ ਬਹਾਰ ਸਭ ਕੁਝ ਵੇਖ ਲਿਆ ਸੀ ਪਰ ਹੁਣ ਉਦਾਸ ਸੀ, ਬਹੁਤ ਉਦਾਸ ਜਿਵੇਂ ਮਰਨ ਦੇ ਕਰੀਬ ਹੋਵੇ। ਫਿਰ ਇਕਦਮ ਸਲੀਮ ਸ਼ਹਿਜ਼ਾਦ ਨੇ ਉਹਨੂੰ ਆਵਾਜ਼ ਦਿੱਤੀ, ਉਹਨੂੰ ਆਸਰਾ ਦਿੱਤਾ, ਉਹਦੀ ਝੋਲੀ ਵਿੱਚ ਆਲੇ-ਦੁਆਲੇ ਦੇ ਅੱਖਰ ਪਾਏ, ਜਿਹੜੇ ਹੌਲੀ ਹੌਲੀ ਮਰਦੇ ਜਾ ਰਹੇ ਸਨ। ਉਹਨਾਂ ਦੇ ਮਾਇਨੇ ਬਦਲਦੇ ਜਾ ਰਹੇ ਸਨ। ਫਿਰ ਕੀ ਹੋਇਆ ਸ਼ਰਮਿੰਦਗੀ ਦੀ ਕੰਧੋਂ ਓਹਲੇ ਸਿਰ ਲੁਕਾਈ ਇਹ ਅੱਖਰ ਜਾਗ ਪਏ ਤੇ ਨਜ਼ਮਾਂ ਦੇ ਗਲ਼ ਦਾ ਹਾਰ ਸ਼ਿੰਗਾਰ ਬਣ ਗਏ:

ਸੜਕਾਂ ਉੱਤੇ ਆਵਾਜ਼ਾਂ ਭੁੱਲ੍ਹਣ
ਗਿਰਝਾਂ ਦੇਣ ਦੁਹਾਈ
ਘੁੰਗਰੂ ਪਾ ਪਾ ਇੱਲਾਂ ਨੱਚਣ
ਵੇਲੇ ਹੇਠ ਖੁਦਾਈ
ਡੋਰਾਂ ਦੇ ਗਲ ਹੋਰ ਨਚਾਵਣ
ਕਾਵਾਂ ਸਿੰਧਕ ਲਾਈ
ਚਿੜੀਆਂ ਖੰਭੇ ਮੱਲ ਖਲੋਵਣ
ਬਾਜ ਨਾ ਆਵੇ ਕਾਈ।

ਸਲੀਮ ਸ਼ਹਿਜ਼ਾਦ ਅਲਾਮਤਾਂ, ਤਸ਼ਬੀਹਾਂ ਤੇ ਨਵੀਂਆਂ-ਨਵੀਂਆਂ ਤਰਕੀਬਾਂ ਦੇ ਇਹ ਸੌਖੇ ਤੇ ਅਣਮੁੱਲੇ ਰਾਹ 'ਤੇ ਚਲਦਿਆਂ ਹੋਇਆਂ ਆਪਣੇ ਅਸਲ ਨੂੰ ਨਹੀਂ ਭੁੱਲਿਆ, ਆਪਣੀ ਗੋਤ ਨੂੰ ਨਹੀਂ ਭੁੱਲਿਆ। ਉਹ ਆਪਣਾ ਦਰਦ ਬੁੱਲ੍ਹੇ ਸ਼ਾਹ ਦੇ ਦਰਦ ਨਾਲ ਜੋੜ ਕੇ ਗੁਜ਼ਰੀ ਕੱਲ੍ਹ ਦੇ ਰੰਗ ਨੂੰ ਅੱਜ ਦੇ ਰੰਗਾਂ ਵਿੱਚ ਅਜਿਹਾ ਰੰਗਦਾ ਹੈ ਕਿ ਵੇਖਣ ਵਾਲੀ ਅੱਖ ਹੈਰਾਨੀ ਦੇ ਸਮੁੰਦਰਾਂ 'ਚ ਡੁੱਬ ਜਾਂਦੀ ਹੈ:

ਬੁੱਲ੍ਹੇ ਸ਼ਾਹ
ਅਸਾਂ ਪਿੱਛੇ ਰਹਿ ਗਏ
ਬਾਜ਼ੀ ਲੈ ਗਏ ਕੁੱਤੇ
ਸਾਥੋਂ ਉੱਤੇ
ਬੁੱਲੇ ਸ਼ਾਹ ਅਸਾਂ ਸੱਚ ਉਲਾਇਆ
ਪਿੱਛੇ ਪੈ ਗਏ ਕੁੱਤੇ
ਸਾਥੋਂ ਉੱਤੇ
ਬੁੱਲੇ ਸ਼ਾਹ ਅਸਾਂ ਚੋਰਾਂ ਵਾਂਗਰ
ਅੰਦਰ ਰਹਿ ਗਏ ਲੁੱਕੇ
ਬਾਹਰ ਬਿਰਹਾ ਨਾ ਮੁੱਕੇ
ਬੁੱਲੇ ਸ਼ਾਹ ਕਦੀ ਫੇਰਾ ਪਾ ਜਾ
ਹਾੜ੍ਹ ਅਸਾਡਾ ਮੁੱਕੇ

ਸਾਵਣ ਰਹਿਣ ਨਾ ਸੁੱਕੇ
ਬੁੱਲੇ ਸ਼ਾਹ ਅਸਾਂ ਦਾਰੂ ਪੀਤਾ
ਮੈਲੀ ਹੋ ਗਈ ਅੱਖ
ਬੁੱਲੇ ਸ਼ਾਹ ਅਸਾਂ ਕੱਖੋਂ ਹੌਲੇ
ਕੱਖਾਂ ਦੇ ਵੀ ਕੱਖ
ਬੁੱਲੇ ਸ਼ਾਹ ਸਾਨੂੰ ਨੀਵਾਂ ਕਰਦੇ
ਜੀਵਨ ਜੋਗਾ ਰੱਖ।

ਜਿੱਥੇ ਨਜ਼ਮ ਰਮਜ਼ੀਅਤ ਦਾ ਪਰਦਾ ਤੇ ਰਮਜ਼ੀਅਤ ਦਾ ਓਹਲਾ ਮੰਗਦੀ ਹੈ, ਅਲਾਮਤਾਂ ਤੇ ਤਸ਼ਬੀਹਾਂ ਦੇ ਗਹਿਣੇ ਮੰਗਦੀ ਹੈ, ਦੁੱਖਾਂ ਦੇ ਇਜ਼ਹਾਰ ਦਾ ਨਵੇਕਲਾ ਅੰਦਾਜ਼ ਮੰਗਦੀ ਹੈ, ਤਕੜੇ ਤੇ ਮਾੜੇ ਦਾ ਫ਼ਰਕ ਮੰਗਦੀ ਹੈ, ਜਿੱਥੇ ਦਿਨ ਤੇ ਰਾਤ ਦੇ ਸਿਆਪੇ, ਗੁੰਝਲਾਂ ਤੇ ਝੇੜਿਆਂ ਦੀ ਨਿਸ਼ਾਨਦੇਹੀ ਮੰਗਦੀ ਹੈ, ਉਥੇ ਨਜ਼ਮ ਸਦੀਆਂ ਦੀਆਂ ਮੁਹੱਬਤਾਂ ਦੇ ਨਿੱਘੇ-ਨਿੱਘੇ ਜਜ਼ਬਿਆਂ ਦੇ ਇਜ਼ਹਾਰ ਵੀ ਮੰਗਦੀ ਹੈ। ਸਲੀਮ ਸ਼ਹਿਜ਼ਾਦ ਨਜ਼ਮ ਨਾਲ਼ ਬੋਲਦਾ ਹੈ, ਨਜ਼ਮ ਨਾਲ ਗੱਲਾਂ ਕਰਦਾ ਹੈ, ਉਸ ਦੀ ਸੁਣਦਾ ਹੈ ਤੇ ਆਪਣੀ ਸੁਣਾਉਂਦਾ ਹੈ, ਫਿਰ ਉਹ ਕਿਵੇਂ ਹੋ ਸਕਦਾ ਕਿ ਨਜ਼ਮ ਨੂੰ ਮੁਹੱਬਤਾਂ ਦੇ ਨਸ਼ੀਲੇ ਖ਼ਿਆਲਾਂ ਤੋਂ ਦੂਰ ਰੱਖੇ:

ਉਸ ਕੁੜੀ ਦਾ ਮੁੱਖੜਾ ਯਾਰੋ
ਲਿਸ਼ਕਾਂ ਨੂੰ ਸ਼ਰਮਾਵੇ
ਹੱਥਾਂ ਵਿੱਚੋਂ ਰੁੱਤਾਂ ਫੁੱਟਣ
ਜਦ ਉਹ ਮਹਿੰਦੀ ਲਾਵੇ
ਉਸ ਕੁੜੀ ਦੇ ਪੈਰਾਂ ਉੱਤੋਂ
ਮੌਸਮ ਵਾਰੀ ਜਾਵੇ
ਸਾਡਾ ਮਨ ਵੀ ਛਣ-ਛਣ ਛਣਕੇ
ਜਦ ਉਹ ਝਾਂਜਰ ਪਾਵੇ।

ਗੱਲ ਇੱਥੇ ਨਹੀਂ ਮੁੱਕਦੀ ਕਿਉਂਕਿ ਮੁਹੱਬਤ ਸ਼ੁਰੂ 'ਚ ਹੋਰ ਤੇ ਪੱਥਰਾਂ, ਕੰਡਿਆਂ ਤੇ ਅੱਗਾਂ 'ਤੇ ਤੁਰਦਿਆਂ-ਤੁਰਦਿਆਂ, ਪਹਾੜਾਂ 'ਚ ਨਹਿਰਾਂ ਕੱਢਦਿਆਂ-ਕੱਢਦਿਆਂ, ਕੱਚੇ ਘੜਿਆਂ 'ਤੇ ਤੁਰਦਿਆਂ-ਤੁਰਦਿਆਂ, ਥਲ ਦੇ ਦਰਿਆਵਾਂ 'ਚ ਨੱਸਦਿਆਂ-ਨੱਸਦਿਆਂ ਤੇ ਜੰਗਲ ਬੇਲਿਆਂ 'ਚ ਭਟਕਦਿਆਂ-ਭਟਕਦਿਆਂ ਹੋਰ ਹੋ ਜਾਂਦੀ ਹੈ। ਮਾਸੂਮ ਮੁਹੱਬਤਾਂ ਦੀ ਗੱਲ ਪੈਂਡੇ ਕੱਟਦਿਆਂ-ਕੱਟਦਿਆਂ ਇਸ਼ਕ ਦੀ ਸੂਲੀ ਤੀਕ ਅੱਪੜ ਜਾਂਦੀ ਹੈ। ਫੇਰ ਮੁਹੱਬਤ ਇਸ਼ਕ, ਨਜ਼ਮ ਸਲੀਮ ਸ਼ਹਿਜ਼ਾਦ ਤੇ ਸਲੀਮ ਸ਼ਹਿਜ਼ਾਦ ਨਜ਼ਮ ਬਣ ਜਾਂਦਾ ਹੈ ਤੇ ਚਾਰ ਚੁਫੇਰੇ ਮੁਹੱਬਤਾਂ ਦਾ ਖ਼ੁਮਾਰ ਚੜ੍ਹ ਜਾਂਦਾ ਹੈ:

ਉਹਦਾ ਜੂੜਾ ਜੇਕਰ ਖੁੱਲ੍ਹ ਵੰਞੇ
ਉਥੋਂ ਸੁੱਝ ਦਾ ਚੇਤਾ ਰੁਲ ਵੰਞੇ
ਉਹਦੇ ਰੇਸ਼ਮ-ਰੇਸ਼ਮ ਪੈਰੀਂ ਤੋਂ
ਚੰਨ ਮਿਸ਼ਰੀ ਬਣ ਕੇ ਘੁਲ ਵੰਞੇ
ਅਸਾਂ ਵਾਟਾਂ ਰਾਤ ਸੁਹਾਗ ਦੀਆਂ
ਸਾਡੀਆਂ ਨੀਂਦਰਾਂ ਪਈਆਂ ਜਾਗਦੀਆਂ
ਅਸਾਂ ਮੌਸਮ ਬਣ ਗਏ ਹਾੜ੍ਹ ਦਾ
ਸਾਕੂੰ ਸਾਵਣ ਵੀ ਹੈ ਸਾੜਦਾ
ਅਸਾਂ ਚੁੰਨੀ ਉਹਦੇ ਤਨ ਦੀ
ਅਸਾਂ ਵਾਲ਼ੀ ਬਣ ਗਏ ਕੰਨ ਦੀ
ਸਾਕੂੰ ਸਾਂਵਲ ਕਿਵੇਂ ਭੁੱਲ ਵੰਞੇ।

ਚੰਗੀ ਸ਼ਾਇਰੀ ਕਿਸੇ ਖ਼ਾਸ ਇਸ਼ਤਿਆਰੇ ਦੀ ਵਜ੍ਹਾ ਕੋਲੋਂ ਕਦੇ-ਕਦੇ ਸ਼ਾਇਰ ਨੂੰ ਧਰਤੀ ਕੋਲੋਂ ਚੁੱਕ ਕੇ ਅਸਮਾਨਾਂ 'ਤੇ ਲੈ ਜਾਂਦੀ ਹੈ। ਨਵੇਂ-ਨਵੇਂ ਇਸ਼ਤਿਆਰੇ ਆਏ ਤੇ ਆ ਕੇ ਤੁਰ ਗਏ, ਵਕਤ ਦੇ ਨਾਲ਼-ਨਾਲ਼ ਇਸ਼ਤਿਆਰਿਆਂ ਨੂੰ ਨਵੇਕਲੇ ਅੰਦਾਜ਼ ਨਾਲ ਵਰਤਣ ਵਾਲੇ ਲਿਖਾਰੀ ਹਮੇਸ਼ਾ ਜਿਉਂਦੇ ਰਹੇ ਹਨ। ਸਲੀਮ ਸ਼ਹਿਜ਼ਾਦ ਨੇ ਸ਼ਾਇਰੀ ਨੂੰ ਨਵਾਂ ਰੰਗ ਦਿੱਤਾ, ਨਵੀਂ ਸੋਚ ਤੇ ਨਵੀਂ ਫ਼ਿਕਰ ਦਿੱਤੀ ਹੈ, ਨਵਾਂ ਮੋੜ ਤੇ ਨਵਾਂ ਅੰਦਾਜ਼ ਦਿੱਤਾ, ਹੋਰ ਤੇ ਹੋਰ ਨਵੇਂ ਇਸ਼ਤਿਆਰੇ ਦਿੱਤੇ ਹਨ। ਇਹ ਸਲੀਮ ਸ਼ਹਿਜ਼ਾਦ ਦਾ ਹੀ ਕੰਮ ਹੈ ਕਿ ਉਹਨੇ ਕਾਂ ਦੇ ਇਸ਼ਤਿਆਰੇ ਨੂੰ ਆਪਣੀ ਸ਼ਾਇਰੀ ਵਿੱਚ ਭਰਵੀਂ ਥਾਂ ਦਿੱਤੀ ਹੈ। ਉਹਦੀ ਕਿਤਾਬ "ਕਾਂ ਬਨੇਰੇ ਸੁੱਕਣ" ਕਾਵਾਂ ਦੀਆਂ ਚੀਕਾਂ ਤੇ ਕੂਕਾਂ ਨਾਲ ਭਰੀ ਪਈ ਹੈ:

ਕਾਂ ਦੇ ਬੱਚੇ ਮਨ ਦੇ ਕੱਚੇ
ਤਾਰਾਂ ਚੱਬਦੇ
ਇੱਲਾਂ ਤੋਂ ਵੀ ਡਰਦੇ ਡਰਦੇ
ਪੋਲੇ ਪੈਰੀਂ ਰੁਕ-ਰੁਕ ਭੱਜਦੇ
ਨੰਗੀਆਂ ਤਾਰਾਂ ਚੁੰਝਾਂ ਪਕੜਨ
ਪਰ ਵੀ ਫੜਕਨ
ਅੱਧੇ ਸਾਹ ਦੇ ਗਿਣਵੇਂ ਹੌਕੇ
ਮੂੰਹ ਦੇ ਕਾਲੇ
ਸੂੰਹ ਵਿੱਚ ਲੜਦੇ।

ਕਿਧਰੇ ਕਾਂ ਬਨੇਰੇ ਸੁੱਕਣ, ਕਿਧਰੇ ਰੋਵਣ ਤੇ ਕੁਰਲਾਵਣ, ਕਿਧਰੇ ਸ਼ੋਰ ਮਚਾਵਣ, ਕਿਧਰੇ ਕਾਂ ਪਏ ਇੱਟਾਂ ਢੋਵਣ, ਕਾਵਾਂ ਦੇ ਦੁੱਖਾਂ ਤੇ ਕਾਵਾਂ ਦੀਆਂ

ਕਰਤੂਤਾਂ ਨੂੰ ਜਿਸ ਉਚੇਚੇ ਤੌਰ 'ਤੇ ਸਲੀਮ ਸ਼ਹਿਜ਼ਾਦ ਨੇ ਲਿਖਿਆ ਹੈ ਇਹ ਉਹਨਾਂ ਦਾ ਹੀ ਕਮਾਲ ਹੈ ਤੇ ਬਹੁਤ ਵਧੀਆ ਕਮਾਲ ਹੈ। ਉਹਨਾਂ ਦੀ ਕਿਤਾਬ "ਨੀਂਦਰ ਭਿੱਜੀਆਂ ਨਜ਼ਮਾਂ ਵਿੱਚ ਇਸ ਕਾਂ ਦੇ ਇਸ਼ਤਿਆਰੇ ਨੂੰ ਪਰਦੇ ਪਿੱਛੇ ਲੁਕੀਆਂ ਤਾਕਤਾਂ ਨਾਲ ਰਲਾ ਕੇ ਕਿਸ ਤਰ੍ਹਾਂ ਖ਼ੂਬਸੂਰਤ ਤਰੀਕੇ ਨਾਲ ਵਰਤਿਆ ਹੈ ਉਹ ਵੀ ਤੱਕ ਲਓ:

ਕਾਂ ਨੇ ਸਾਨੂੰ ਪੈਰੀਂ ਫੜ ਕੇ
ਆਪੇ ਝਾਂਜਰ ਪਾਈ
ਕਾਂ ਦੇ ਅੱਗੇ ਮੱਥਾ ਟੇਕੋ
ਕਾਂ ਨੇ 'ਵਾਜ ਲਗਾਈ
ਕਾਂ ਦੇ ਮੋਢੇ ਬਿੱਲੇ ਲੱਗੇ
ਕਾਂ ਨੇ ਐਨਕ ਪਾਈ
ਕਾਂ ਨੇ ਕੁਰਸੀ ਉੱਤੇ ਬਹਿ ਕੇ
ਆਪੇ ਨਾਦ ਵਜਾਈ
ਕਾਂ ਨੇ ਉਡਦੀ ਘੁੱਗੀ ਫੜ ਕੇ
ਹੱਥੀਂ ਪਿੰਜਰੇ ਪਾਈ
ਕਾਂ ਨੇ ਐਵੇਂ ਫੇਰ ਕੇ ਅੱਖਾਂ
ਖ਼ਲਕਤ ਅੱਗੇ ਲਾਈ
ਇਕ ਦੇ ਮੋਢੇ ਲਾਸ਼ਾਂ ਪਈਆਂ
ਦੂਜੇ ਦੇ ਗਲ਼ ਫਾਈ।

ਸਲੀਮ ਸ਼ਹਿਜ਼ਾਦ ਦੀ ਨਜ਼ਮ ਧਰਤੀ ਨਾਲ ਪਿਆਰ ਕਰਦੀ ਹੈ। ਉਹਦੀ ਨਜ਼ਮ ਮਾਂ ਧਰਤੀ ਦੇ ਮੌਸਮਾਂ ਦੇ ਨਾਲ ਜੁੜੀ ਹੋਈ ਹੈ ਪਰ ਜਦੋਂ ਸਲੀਮ ਸ਼ਹਿਜ਼ਾਦ ਧਰਤੀ ਮਾਂ ਦੀ ਗਲ਼ੀਆਂ ਨੂੰ ਰੱਤ ਨਾਲ ਭਰਿਆਂ ਵੇਖਦਾ ਹੈ, ਚੌਂਹ ਪਾਸੇ ਲਾਲ ਹਨੇਰੀਆਂ ਤੱਕਦਾ ਹੈ ਤੇ ਇਕਦਮ ਪਥਰਾਅ ਜਾਂਦਾ ਹੈ ਤੇ ਫੇਰ ਸਮੇਂ ਤੋਂ ਪੁੱਛਦਾ ਹੈ:

ਕਿੰਝ ਨਿਆਣੇ ਬੰਟੇ ਖੇਡਣ
ਵਿੱਚ ਬਰੂਦਾਂ ਬਹਿ ਕੇ
ਕਿੰਝ ਨਿਆਣੇ ਕੰਧਾਂ ਉੱਤੇ
ਪੀਲੂ ਬਣ ਕੇ ਲਮਕਣ
ਕਿੰਜ ਨਿਆਣੇ ਪਿੱਠੂ ਖੇਡਣ
ਵੈਣ ਧਮਾਕੇ ਸਹਿ ਕੇ
ਕਿੰਝ ਨਿਆਣੇ ਕਿੱਲੇ ਉੱਤੇ
ਬਾਂਦਰ ਬਣ ਬਣ ਨੱਚਣ
ਬਾਂਦਰ ਅੱਗ ਦੀ ਪੂਛਲ ਫੜ ਕੇ

ਆਬ ਹਿਯਾਤੀ ਮੰਗਣ।

ਜਦੋਂ ਨਜ਼ਮ ਨੂੰ ਬੋਲਣਾ ਆ ਜਾਵੇ, ਗੱਲ ਕਰਨ ਦਾ ਢੰਗ ਆ ਜਾਵੇ ਤੇ ਫਿਰ ਉਹ ਬੋਲਦੀ ਹੈ ਤੇ ਰੱਜ ਕੇ ਬੋਲਦੀ ਹੈ। ਉਹਨੂੰ ਕੋਈ ਡੱਕ ਨਹੀਂ ਸਕਦਾ ਤੇ ਸੱਚ ਕਦੇ ਡੱਕਿਆ ਵੀ ਨਹੀਂ ਜਾਂਦਾ ਤੇ ਨਾਲ਼ੇ ਸੱਚੀ ਨਜ਼ਮ ਕਦੀ ਡਰਦੀ ਨਹੀਂ, ਨਾ ਹੀ ਖ਼ੌਫ਼ ਖਾਂਦੀ ਹੈ ਸਗੋਂ ਤਸ਼ਬੀਹਾਂ ਤੇ ਇਸ਼ਤਿਆਰਿਆਂ ਦੀ ਪੌੜੀ ਚੜ੍ਹ ਕੇ ਆਪਣੇ ਨਾਲ ਬੀਤੇ ਦੁੱਖਾਂ ਦਾ ਸਭ ਕਾਰਨ ਦੱਸ ਦਿੰਦੀ ਹੈ:

ਯਾਰ ਸੱਜਣ ਤੁਸਾਂ ਗਲਮੋਂ ਫੜ ਕੇ
ਅੱਗਾਂ ਉੱਤੇ ਟੋਰਿਆ
ਯਾਰ ਸੱਜਣ ਉਹਨਾਂ ਅੱਗਾਂ ਵਿੱਚੋਂ
ਭੁੱਬਲ ਪਾਣੀ ਹੋਈ
ਯਾਰ ਸੱਜਣ ਤੁਸਾਂ ਪਾਣੀ ਲੈ ਕੇ ਖੂਹਾਂ ਅੰਦਰ ਸੁੱਟਿਆ
ਯਾਰ ਸੱਜਣ ਫਿਰ ਖੂਹਾਂ ਵਿੱਚੋਂ ਭੁੱਬਲ ਨਿਸਰੀ
ਟਿੰਡਾਂ ਚਿਕੜ ਹੋਈਆਂ
ਯਾਰ ਸੱਜਣ ਉਸ ਚਿੱਕੜ ਵਿੱਚੋਂ ਰੱਜ ਗੰਡੋਏ ਜੰਮੇ
ਯਾਰ ਸੱਜਣ ਫਿਰ ਧਰਤੀ ਸੁੱਕ ਕੇ
ਆਪ ਗੰਡੋਇਆ ਹੋਈ
ਯਾਰ ਸੱਜਣ ਤੁਸਾਂ ਸੱਪਾਂ ਅੱਗੇ
ਮਣਕੇ ਪੜ੍ਹ-ਪੜ੍ਹ ਸੁੱਟੇ
ਯਾਰ ਸੱਜਣ ਅਸਾਂ ਸੀਨੇ ਉੱਤੇ
ਸੱਪ ਲੜਾ ਕੇ ਸੁੱਤੇ।

ਸਲੀਮ ਸ਼ਹਿਜ਼ਾਦ ਨੇ ਹਰ ਮੌਸਮ ਨੂੰ ਅੰਦਰੋਂ ਤੱਕਿਆ ਹੈ, ਹਰ ਮੌਸਮ ਦੇ ਗ਼ਮ ਤੇ ਖ਼ੁਸ਼ੀ ਵੇਖੀ ਹੈ, ਮੌਸਮ ਦੀ ਨਜ਼ਮ ਕਹੀ ਹੈ ਉਹਦੀ ਨਜ਼ਮ ਦੇ ਕਈ ਰੰਗ ਹਨ। ਕਦੀ-ਕਦੀ ਉਹ ਡੂੰਘੀਆਂ ਰਮਜ਼ਾਂ 'ਚੋਂ ਇਕਦਮ ਬਾਹਰ ਆਣ ਖਲੋਂਦਾ ਹੈ... ਸਾਫ਼ ਰੜੇ 'ਤੇ ਬਿਲਕੁਲ ਸਾਫ਼ ਜਿੱਥੇ ਆਣ ਕੇ ਉਹਨੇ ਇਹੋ ਜਿਹੀਆਂ ਨਜ਼ਮਾਂ ਵੀ ਕਹੀਆਂ ਨੇ ਜਿਹੜੀਆਂ ਇੱਕੋ ਵਾਰ ਪੜ੍ਹਨ 'ਤੇ ਦਿਲ 'ਚ ਉਤਰ ਜਾਂਦੀਆਂ ਨੇ, ਮੰਜ਼ਰ ਸਾਫ਼ ਹੋ ਜਾਂਦੇ ਨੇ ਤੇ ਸਾਰੀ ਗੱਲ ਇੱਕੋ ਨਜ਼ਰ 'ਚ ਸਮਝ ਆ ਜਾਂਦੀ ਹੈ:

ਸੋਚਾਂ ਅੰਦਰ ਕਹਿਰ ਸੀ ਉੱਥੇ
ਬੰਦਿਆਂ ਅੰਦਰ ਜ਼ਹਿਰ

ਤਾਂਹੀਓਂ ਤੇ ਉਹ ਭਾਂ-ਭਾਂ ਕਰਦਾ
ਐਡਾ ਵੱਡਾ ਸ਼ਹਿਰ।

ਜ਼ੁਲਮ ਸਹਿ-ਸਹਿ ਪੱਥਰ ਹੋਈਆਂ ਜੀਭਾਂ ਨੂੰ ਸਲੀਮ ਸ਼ਹਿਜ਼ਾਦ ਹੁੱਜਾਂ ਮਾਰ-ਮਾਰ ਉਠਾਂਦਾ ਹੈ, ਜਗਾਉਂਦਾ ਹੈ ਤੇ ਪੂਰਾ ਜ਼ੋਰ ਲਾ ਕੇ ਕਹਿੰਦਾ ਹੈ ਕਦੋਂ ਤੀਕਰ ਚੁੱਪ ਵੱਟੋਗੇ ? ਬੋਲੋ ਜ਼ੋਰ ਦੀ ਬੋਲੋ ਕਿਉਂ ਜੋ ਬੋਲਣ ਬਗ਼ੈਰ ਸਰਦਾ ਨਹੀਂ ਹੈ:

ਸੱਚੀਆਂ ਖਰੀਆਂ ਗੱਲਾਂ ਦੱਸਦੇ
ਨਾ ਕੋਈ ਮੰਦਾ ਬੋਲ
ਮਿੱਠਾ ਮਿੱਠਾ ਡੰਗ ਇਸ਼ਕ ਦਾ
ਸੀਨੇ ਦੇ ਸੀ ਖੋਲ
ਬੋਲ ਫਕੀਰਾ ਬੋਲ
ਬੋਲ ਫਕੀਰਾ ਬੋਲ

ਸਲੀਮ ਸ਼ਹਿਜ਼ਾਦ ਨੇ ਸ਼ਾਇਰੀ ਦਾ ਇਜ਼ਹਾਰ ਦੌਰਾਨ-ਏ-ਤਾਲੀਮ ਹੀ ਕਰ ਦਿੱਤਾ ਸੀ। ਉਹਨਾਂ ਦੀ ਉਰਦੂ ਸ਼ਾਇਰੀ ਦੀ ਪਹਿਲੀ ਕਿਤਾਬ "ਮਾਸੀਵਾ" 1997 'ਚ ਤੇ ਪਹਿਲੀ ਪੰਜਾਬੀ ਸ਼ਾਇਰੀ ਦੀ ਕਿਤਾਬ "ਕਾਂ ਬਨੇਰੇ ਸੁੱਕਣ" 2005 'ਚ ਛਾਪੇ ਚੜ੍ਹੀ। ਸਲੀਮ ਸ਼ਹਿਜ਼ਾਦ ਦੀ ਦੂਜੀ ਪੰਜਾਬੀ ਨਜ਼ਮਾਂ ਦੀ ਕਿਤਾਬ "ਨੀਂਦਰ ਭਿਜੀਆਂ ਨਜ਼ਮਾਂ" 2015 'ਚ ਛਾਏ ਹੋਈ। ਸਲੀਮ ਸ਼ਹਿਜ਼ਾਦ ਬਹਾਵਲਨਗਰ ਦਾ ਮਾਣ ਹੈ ਤੇ ਇਸ ਧਰਤੀ ਦੀ ਸ਼ਾਨ ਹੈ। ਸਲੀਮ ਸ਼ਹਿਜ਼ਾਦ ਉਹ ਫੁੱਲ ਹੈ ਜਿਹਦੀ ਖ਼ੁਸ਼ਬੂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਨਾਲ਼-ਨਾਲ਼ ਕਈ ਦੇਸ਼ਾਂ ਨੂੰ ਮਹਿਕਾਉਂਦੀ ਪਈ ਹੈ। ਦਰਜਨਾਂ ਕਿਤਾਬਾਂ 'ਤੇ ਆਪਣੇ ਵਿਚਾਰ ਦੀ ਮੋਹਰ ਲਾਉਣ ਵਾਲ਼ਾ ਸਲੀਮ ਸ਼ਹਿਜ਼ਾਦ ਫਿਰ ਵੀ ਆਜਜ਼ੀ ਦੀ ਬੁੱਕਲ ਮਾਰ ਕੇ ਆਪਣੇ ਤੋਂ ਛੋਟੇ ਤੇ ਵੱਡਿਆਂ ਨੂੰ ਪਿਆਰ ਕਰਦਾ ਹੈ। ਇਹਤਰਾਮ ਕਰਦਾ ਹੈ ਤੇ ਉਹਨਾਂ ਦੀ ਰਹਿਨੁਮਾਈ ਕਰਦਾ ਹੈ। ਸਲੀਮ ਸ਼ਹਿਜ਼ਾਦ 2017 'ਚ ਸਰਕਾਰੀ ਮੁਲਾਜ਼ਮਤ ਤੋਂ ਰਿਟਾਇਰ ਹੋ ਗਿਆ ਹੈ ਤੇ ਅੱਜਕੱਲ੍ਹ ਜ਼ਿਆਦਾ ਵਕਤ ਕਿਤਾਬਾਂ ਨੂੰ ਹੀ ਦੇ ਰਿਹਾ ਹੈ। ਸਲੀਮ ਸ਼ਹਿਜ਼ਾਦ ਦੀ ਇਹ ਨਜ਼ਮ ਪੜ੍ਹੋ ਤੇ ਉਹਦੇ ਲਈ ਢੇਰ ਮੁਹੱਬਤਾਂ ਤੇ ਦੁਆਵਾਂ ਕਰ ਛੱਡੋ:

ਇਕ ਦੀਵਾ ਮੇਰੇ ਅੰਦਰ ਬਲਦਾ
ਦੂਜਾ ਬਲਦਾ ਬਾਹਰ
ਦੋਵੇਂ ਦੀਵੇ ਬਲਣ ਦੇ ਚੰਨਾ
ਫੂਕ ਅਜੇ ਨਾ ਮਾਰ।

□□□

# ਲੋਕਾਈ ਨਾਲ ਜੁੜਿਆ ਅਣਮੁੱਲਾ ਸ਼ਾਇਰ
# ਇਸਹਾਕ ਸਹੋਤਾ




ਕੁਝ ਉਹ ਸਨ ਜਿਨ੍ਹਾਂ '47 ਦੀ ਵੰਡ ਵਿਚ ਕਿਰਪਾਨਾਂ ਤੇ ਕੁਲਹਾੜੀਆਂ 'ਚੋਂ ਰਿਸਦੇ ਖ਼ੂਨ ਵੇਖੇ, ਖੇਤਾਂ ਖਲਿਆਨਾ ਤੇ ਸੜਕਾਂ 'ਤੇ ਪਈਆਂ ਲਾਸ਼ਾਂ ਦੇ ਢੇਰ ਵੇਖੇ, ਮਾਸੂਮ ਪਿੰਡਿਆਂ 'ਤੇ ਲੋਭ ਦੇ ਨੀਲ ਵੇਖੇ, ਲੀਰੋ-ਲੀਰ ਹਯਾਤੀ ਦੇ ਨੰਗੇ ਸਿਰਾਂ 'ਤੇ ਪਾਟੀਆਂ ਚੁੰਨੀਆਂ ਦੇ ਵੈਣ ਵੇਖੇ। ਉਹ ਖ਼ੂਨ, ਉਹ ਲਾਸ਼ੇ ਤੇ ਚੌਹਾਂ ਪਾਸੇ ਅੱਗ ਦੇ ਮੰਜ਼ਰ ਅੱਜ ਵੀ ਭੈੜੇ ਖ਼ਾਬ ਦੀ ਤਰ੍ਹਾਂ ਇਕਦਮ ਆਣ ਕੇ ਹਯਾਤੀ ਦੇ ਕਮਜ਼ੋਰ ਬੁੱਤ ਨੂੰ ਡਰਾਉਣ ਲੱਗ ਪੈਂਦੇ ਹਨ। ਦੂਜੇ ਉਹ ਸਨ ਜਿਹੜੇ '47 ਦੀ ਵੰਡ ਬਾਰੇ ਸੁਣਦੇ ਰਹੇ, ਖ਼ਿਆਲਾਂ 'ਚ ਤਸਵੀਰਾਂ ਬਣਾ ਕੇ ਰੋਂਦੇ ਰਹੇ, ਇਧਰੋਂ-ਉਧਰ ਤੇ ਉਧਰੋਂ-ਇਧਰ ਆਣ-ਜਾਣ ਵਾਲਿਆਂ ਦੀਆਂ ਰਾਹਵਾਂ ਵੇਖਦੇ ਰਹੇ ਤੇ ਆਪਣੇ ਗਵਾਚਿਆਂ ਨੂੰ ਉਡੀਕਦੇ ਰਹੇ। ਕੁਝ ਅੱਪੜ ਗਏ, ਕੁਝ ਦੂਰ, ਬਹੁਤ ਦੂਰ ਅਸਮਾਨੋਂ ਦੂਰ ਨਿਕਲ ਗਏ। ਬਹਾਵਲਨਗਰ ਦੀ ਤਹਿਸੀਲ ਹਰੂਨਾਬਾਦ ਦੇ ਇੱਕ ਨਿੱਕੇ ਜਿਹੇ ਪਿੰਡ ਛਿਆਹਠ 'ਚ ਪੰਜ ਦਸੰਬਰ 1941 'ਚ ਅੱਖਾਂ ਖੋਲ੍ਹਣ ਵਾਲ਼ਾ ਇਸਹਾਕ ਸਹੋਤਾ ਉਦੋਂ ਕੋਈ ਛੇ ਕੁ ਸਾਲਾਂ ਦਾ ਸੀ, ਜਦੋਂ ਮਿਲਣ ਤੇ ਵਿਛੜਨ ਦੇ ਇੰਤਹਾਈ ਦੁੱਖ ਭਰੇ ਮੰਜ਼ਰ ਅੱਖਾਂ ਅੱਗੇ ਆ ਰਹੇ ਸਨ ਤੇ ਜਾ ਰਹੇ ਸਨ। ਸ਼ਾਇਦ ਇਹੋ ਕਾਰਨ ਹੋਣਾ ਕਿ ਬਾਬਾ ਇਸਹਾਕ ਸਹੋਤਾ ਨੂੰ ਜਦੋਂ ਵੀ ਉਸ ਤਰ੍ਹਾਂ ਦੇ ਮੰਜ਼ਰ ਚੇਤੇ ਆਉਂਦੇ ਨੇ ਤੇ ਉਹ ਬੜਾ ਦੁਖੀ ਹੋ ਜਾਂਦਾ ਹੈ ਤੇ ਅੱਖਾਂ ਨੂੰ ਨੂਟ ਕੇ ਅੰਦਰੋ-ਅੰਦਰੀ ਕਹਿਣ ਲੱਗ ਪੈਂਦਾ ਹੈ:

ਲੰਘ ਤੇ ਭਾਵੇਂ ਪਾਰ ਗਈ ਆਂ
ਮਾਏ ਨੀ ਮੈਂ ਹਾਰ ਗਈ ਆਂ।

ਧਰਤੀ ਤੇ ਧਰਤੀ 'ਤੇ ਵੱਸਣ ਵਾਲਿਆਂ ਦਾ ਦੁੱਖ ਪਹਿਲੇ ਦਿਨ ਤੋਂ ਹੀ ਬਾਬਾ ਇਸਹਾਕ ਸਹੋਤਾ ਦੇ ਦਿਲ ਵਿੱਚ ਧੜਕਣ ਦੀ ਤਰ੍ਹਾਂ ਧੜਕਦਾ ਸੀ। ਉਹ ਆਪਣੇ ਆਲੇ-ਦਵਾਲੇ ਦੀਆਂ ਮਹਰੂਮੀਆਂ ਨੂੰ ਬੜੇ ਕਰਵ ਨਾਲ ਵੇਖਦਾ ਰਿਹਾ ਤੇ ਜ਼ਿੰਦਗੀ ਦਾ ਚਰਖਾ ਹੌਲ਼ੀ-ਹੌਲ਼ੀ ਕੱਤਦਾ ਰਿਹਾ। ਬਾਬਾ ਇਸਹਾਕ ਸਹੋਤਾ ਨੇ ਐੱਮ.ਏ. ਕਰਕੇ ਐੱਸ.ਐਮ. ਲਾਅ ਕਾਲਜ ਕਰਾਚੀ ਤੋਂ ਬਾਕਾਇਦਾ ਦੋ ਸਾਲਾ ਪੜ੍ਹਾਈ ਤੋਂ ਬਾਅਦ ਡਿਸਟਿੰਕਸ਼ਨ ਨਾਲ ਡਿਗਰੀ ਹਾਸਿਲ ਕੀਤੀ। ਇਥੇ ਖਾਸ ਗੱਲ ਦੱਸਣਾ ਜ਼ਰੂਰੀ ਹੈ ਕਿ ਬਾਬਾ ਜੀ ਦਾ ਨਾਂ ਉਸ ਕਲਾਸ ਦੇ ਟਾਪਰਜ਼ 'ਚ ਸ਼ਾਮਿਲ ਸੀ। ਨੁਮਾਇਆ

ਪ੍ਰਜ਼ੀਸ਼ਨ ਹਾਸਲ ਕਰਨ ਵਾਲਿਆਂ ਨੂੰ ਸਦਰ-ਏ-ਪਾਕਿਸਤਾਨ ਅਯੂਬ ਖਾਨ, ਨਵਾਬ ਆਫ਼ ਬਹਾਵਲਪੁਰ ਦੇ ਆਖਰੀ ਵਲੀ ਅਹਿਦ ਤੇ ਬਹਾਵਲਪੁਰ ਦੇ ਉਸ ਵਕਤ ਵਜ਼ੀਰੇ-ਆਜ਼ਮ ਸਈਅਦ ਹਸਨ ਮਹਿਮੂਦ ਤੇ ਹਕੀਮ ਸਈਅਦ ਦੇਹਲਵੀ ਨੇ ਵੱਖਰੇ-ਵੱਖਰੇ ਇਨਾਮਾਤ ਨਾਲ਼ ਨਵਾਜਿਆ ਤੇ ਆਪਣੇ ਨਾਲ ਡਿਨਰ ਵਿਚ ਸ਼ਾਮਿਲ ਕਰਵਾਇਆ। ਉਸ ਤਕਰੀਬ ਵਿਚ ਜ਼ੁਲਫਕਾਰ ਅਲੀ ਭੁੱਟੋ ਵੀ ਸ਼ਾਮਿਲ ਸਨ ਤੇ ਭੁੱਟੋ ਸਾਹਿਬ ਬਾਬਾ ਜੀ ਦੀ ਕਲਾਸ ਨੂੰ ਕਦੀ-ਕਦੀ ਲੈਕਚਰ ਵੀ ਡਿਲਿਵਰ ਕਰਨ ਆਉਂਦੇ ਸਨ। ਵਕਾਲਤ ਦਾ ਕੋਰਸ ਕੀਤਾ ਤੇ ਨਾਲ ਹੀ ਵਕਾਲਤ ਸ਼ੁਰੂ ਕਰ ਦਿੱਤੀ। ਕੁਝ ਅਰਸਾ ਹਰੂਨਾਬਾਦ, ਕੁਝ ਅਰਸਾ ਬਹਾਵਲਨਗਰ, ਫਿਰ ਕਾਫੀ ਅਰਸੇ ਲਈ ਮੁਲਤਾਨ, ਫਿਰ ਲਾਹੌਰ ਤੇ ਫਿਰ ਨਾਰਵੇ ਤੇ ਅੱਜਕੱਲ੍ਹ ਫਿਰ ਲਾਹੌਰ। ਬੱਸ ਇਸੇ ਤਰ੍ਹਾਂ ਹਯਾਤੀ ਦਾ ਸਫ਼ਰ ਤੈਅ ਕਰਦਾ ਰਿਹਾ ਤੇ ਅੱਗੇ ਵੱਧਦਾ ਰਿਹਾ। ਬਾਬਾ ਜੀ ਦਾ ਸ਼ੇਅਰੀ ਸਫ਼ਰ ਤੇ ਹਰ ਸ਼ਾਇਰ ਵਾਂਗਰ ਜੰਮਦਿਆਂ ਨਾਲ਼ ਹੀ ਸ਼ੁਰੂ ਹੋ ਗਿਆ ਸੀ ਪਰ ਇਹਦਾ ਇਜ਼ਹਾਰ ਆਪਣੀ ਪਹਿਲੀ ਨਜ਼ਮ "ਤਿੰਨ ਸਕੂਲੀਏ" ਰਾਹੀਂ 1957 'ਚ ਕੀਤਾ। ਇਨਸਾਨੀਅਤ ਦੇ ਨਾਲ਼-ਨਾਲ਼ ਆਪਣੇ ਕਰੀਬੀ ਰਿਸ਼ਤਿਆਂ ਨੂੰ ਮੁਹੱਬਤ ਕਰਨ ਵਾਲੇ ਬਾਬਾ ਜੀ ਨੇ ਇੱਕ ਦਿਨ ਆਪਣੀ ਘਰਵਾਲੀ ਦੇ ਮੱਥੇ ਖ਼ੁਸ਼ੀਆਂ ਦਾ ਚੰਦ ਤੱਕਿਆ ਤੇ ਬੜੇ ਚਾਵਾਂ ਨਾਲ ਬੜੀ ਉੱਚੀ ਦੇਣੀ ਆਖਿਆ:

ਫੁੱਲ ਉੱਗਿਆ ਤੇ ਬਾਹਰ ਨੂੰ ਨੱਸਿਆ
ਹੱਸ ਹੱਸ ਕੋਲ ਜਹਾਨ ਨੂੰ ਦੱਸਿਆ
ਫਿਰ ਮੈਂ ਧਰ ਲਈ ਮੋਢੇ ਖੇਸੀ
ਆਪੇ ਚੰਗੀਆਂ ਰੱਬ ਕਰੇਸੀ।

ਬਾਬਾ ਜੀ ਅੱਸੀਆਂ ਸਾਲਾਂ ਦੇ ਦਰਵਾਜ਼ੇ 'ਤੇ ਆਣ ਖਲੋਤੇ ਨੇ ਤੇ ਕਈ ਮੁਲਕਾਂ ਦੀਆਂ ਰੰਗੀਨੀਆਂ ਵੇਖ ਚੁੱਕੇ ਨੇ, ਕਈ ਸਮੁੰਦਰ, ਕਈ ਜੰਗਲ, ਲੰਘਣ ਵਾਲੇ ਬਾਬਾ ਜੀ ਅੱਜ ਵੀ ਆਪਣੇ ਪੰਜਾਬ, ਆਪਣੇ ਪਿੰਡ ਤੇ ਆਪਣੇ ਵਸੇਬ ਨਾਲ ਅੰਨ੍ਹਾ ਪਿਆਰ ਕਰਦੇ ਹਨ। ਅੱਜ ਵੀ ਉੱਚੇ ਬੁਰਜਾਂ ਦੇ ਅੰਦਰਾਂ ਦੇ ਲੋਭ ਵੱਲ ਦੁਖੀ ਦਿਲ ਨਾਲ਼ ਵੇਖਦਿਆਂ ਕਹਿ ਰਹੇ ਹੁੰਦੇ ਨੇ ਕਿ:

ਇੱਕ ਵੇਲਾ ਉਹ ਵੀ ਸੀ
ਦੇਸੀ ਕਣਕ ਘਿਓ ਵੀ ਸੀ।

ਬਾਬਾ ਜੀ ਦੀਆਂ ਅੱਖਾਂ ਭਿੱਜ ਜਾਂਦੀਆਂ ਹਨ, ਉਹਨਾਂ ਦੇ ਚੇਤੇ ਪਿੰਡ ਦੀਆਂ ਉੱਚੀਆਂ-ਨੀਵੀਆਂ ਤੇ ਕੱਚੀਆਂ ਸੜਕਾਂ ਆਣ ਖਲੋਂਦੀਆਂ ਹਨ। ਉਹ ਗਲੀਆਂ, ਉਹ ਮਹੱਲਾ, ਉਹ ਬਸਤੀ ਜਿੱਥੇ ਦੁੱਖ-ਸੁੱਖ ਦੇ ਹਾਣੀ ਵੱਸਦੇ ਸਨ, ਜਿੱਥੇ ਲੋਭ, ਲਾਲਚ ਤੇ ਮੁਨਾਫਕਤ ਦੇ ਫ਼ਨੀਅਰ ਨਹੀਂ ਸਨ ਛੂਕਦੇ, ਬਾਬਾ ਜੀ ਅੱਖਾਂ ਸਾਫ਼ ਕਰਦਿਆਂ ਹੌਲ਼ੀ ਜਹੀ ਆਖਦੇ ਨੇ ਕਿ:

ਜਦੋਂ ਵੀ ਉਥੋਂ ਲੰਘਦਾ ਵਾਂ
ਸਾਹ ਨੂੰ ਸੂਲੀ ਟੰਗਨਾ ਵਾਂ
ਉਹ ਪਿੰਡ ਮੇਰਾ ਛਿਆਹਠ ਹੈ
ਜਿੱਥੇ ਮੇਰਾ ਕੁੰਬਾ ਰਾਠ ਹੈ।

ਅੱਜ ਦੀ ਪੋਤ ਨੂੰ ਮੁਖ਼ਾਤਿਬ ਕਰਦਿਆਂ ਬਾਬਾ ਜੀ ਆਖਦੇ ਨੇ ਕਿ ਹਯਾਤੀ ਦਾ ਇਹ ਸਫ਼ਰ ਬੜਾ ਔਖਾ ਹੈ। ਇਹਦੇ ਸਫ਼ਰ ਵਿੱਚ ਕਈ ਖੋਭੇ ਆਉਂਦੇ ਨੇ, ਕਈ ਜੰਗਲ ਤੇ ਕਈ ਪਹਾੜਾਂ ਵਰਗੇ ਦੁੱਖ ਆਏ ਪਰ ਹਿੰਮਤ ਨਹੀਂ ਹਾਰੀ। ਬਾਬਾ ਜੀ ਕਹਿੰਦੇ ਨੇ ਕਿ ਮੇਰੇ ਅੱਜ ਵੱਲ ਨਾ ਵੇਖੋ ਸਗੋਂ ਅੱਜ ਤੀਕਰ ਅਪੜਨ ਲਈ ਮੈਂ ਕਿੰਨੀਆਂ ਔਕੜਾਂ ਦਾ ਘੁੱਟ ਪੀਤਾ ਉਹ ਵੇਖੋ। ਉਹ ਕਹਿੰਦੇ ਨੇ ਮੇਰੇ ਕੱਲ੍ਹ 'ਤੇ ਝਾਤੀ ਮਾਰੋ ਤੇ ਨਾਲ਼ੇ ਇਹ ਵੀ ਵੇਖੋ ਕਿ:

ਕਿੱਥੇ-ਕਿੱਥੇ ਕੀ ਮੈਂ ਕੀਤਾ
ਅੰਦਰੋ-ਅੰਦਰੀ ਜ਼ਹਿਰ ਵੀ ਪੀਤਾ
ਕਿੰਨੇ ਸੱਪ ਮੈਂ ਪੈਰੀਂ ਮਿੱਧੇ
ਲੱਖਾਂ ਸੁਫਨੇ ਦਿਲ ਵਿੱਚ ਰਿੱਧੇ
ਮੇਰਾ ਨਾਂ ਏ ਰੁੱਖ ਨੀ ਅੜੀਏ
ਮੈਂ ਛਾਵਾਂ ਦਾ ਸੁੱਖ ਨਹੀਂ ਅੜੀਏ।

ਬਾਬਾ ਜੀ ਇੱਕ ਮਹਾਨ ਸ਼ਾਇਰ ਨੇ ਜਿੱਥੇ ਮੁਆਸ਼ਰੇ ਦੀ ਊਚ-ਨੀਚ ਨੂੰ ਬੜੇ ਗ਼ੌਰ ਨਾਲ਼ ਵੇਖਦੇ ਹਨ ਉਥੇ ਹੀ ਉਹਨਾਂ ਦੀ ਅੱਖ ਕੁਦਰਤੀ ਅਫ਼ਾਤ ਤੋਂ ਵੀ ਗਾਫ਼ਲ ਨਹੀਂ ਜਾਪਦੀ। ਇਸ ਵੇਲੇ ਪੂਰੀ ਦੁਨੀਆ ਕਰੋਨਾ ਦੀ ਵਪਾਕਨ ਮੌਤ ਤੇ ਜ਼ਿੰਦਗੀ ਦੀ ਕਸ਼ਮਕਸ਼ ਵਿੱਚ ਹੈ, ਦੁਨੀਆਂ ਵਿੱਚ ਕਿਆਮਤ ਦਾ ਮੰਜ਼ਰ ਹੈ, ਹਰ ਕੋਈ ਇੱਕ-ਦੂਜੇ ਤੋਂ ਖ਼ੌਫ਼ ਖਾ ਰਿਹਾ ਹੈ। ਐਸੀ ਖ਼ੌਫ਼ਨਾਕ ਸੂਰਤ-ਏ-ਹਾਲ ਅਸਾਂ ਆਪਣੀ ਹਯਾਤੀ 'ਚ ਕਦੀ ਨਹੀਂ ਵੇਖੀ, ਹੋਰ ਤੇ ਹੋਰ ਬਾਬਾ ਜੀ ਆਪ ਵੀ ਇਸ ਖ਼ਤਰਨਾਕ ਤੇ ਜਾਨਲੇਵਾ ਬਿਮਾਰੀ ਦਾ ਸ਼ਿਕਾਰ ਹੋ ਕੇ ਰੱਬ ਦੇ ਖ਼ਾਸ ਫ਼ਜ਼ਲ ਨਾਲ ਮੌਤ ਦੇ ਮੂੰਹ 'ਚੋਂ ਪਰਤ ਆਏ ਨੇ। ਐਸੀ ਸੂਰਤ-ਏ-ਹਾਲ 'ਚ ਬਾਬਾ ਜੀ ਕਦੀ ਆਪਣੇ ਆਪ ਨੂੰ ਵੇਖਦੇ ਨੇ, ਕਦੀ ਇਸ ਬਿਮਾਰੀ ਹੱਥੋਂ ਮਰਦੀ ਖੁਦਾਈ ਨੂੰ ਵੇਖਦੇ ਨੇ ਤੇ ਕਦੀ ਅੰਬਰਾਂ ਵੱਲ ਵੇਖਦੇ ਨੇ ਤੇ ਮੂੰਹ ਹੀ ਮੂੰਹ ਵਿੱਚ ਆਖਦੇ ਹਨ ਕਿ:

ਹਜ਼ਰਤ ਇਸਰਾਈਲ ਜੀ
ਸੂਰ ਫੂਕਣ ਦੀ
'ਵਾਜ਼ ਨਹੀਂ ਆਈ
ਵੇਖ ਕਰੋਨੇ ਰੂਪਾਂ ਵਿੱਚ
ਕਿਆਮਤ ਭੱਜੀ ਫਿਰਦੀ ਹੈ

ਤੇ ਸਾਰਾ ਆਲਮ ਤੜਫ ਰਿਹਾ ਹੈ
ਅਸੀਂ ਮੂੰਹ ਲੁਕਾ ਲਏ
ਮਹਿਰਮ ਤੋਂ
ਅਸੀਂ ਆਪਣੇ ਆਪ ਤੋਂ
ਡਰੀਏ।

ਬਾਬਾ ਜੀ ਨੇ ਪੰਜਾਬੀ ਪੜ੍ਹਿਆਰਾਂ ਨੂੰ ਹੁਣ ਤੀਕਰ ਛੇ ਦੇ ਕਰੀਬ ਕਿਤਾਬਾਂ ਦਿੱਤੀਆਂ ਹਨ, ਜਿਨਾਂ ਵਿੱਚੋਂ 1976 'ਚ ਛਾਪੇ ਚੜ੍ਹਨ ਵਾਲੀ ਕਿਤਾਬ "ਭੜੋਲੇ", 2007 ਛਪਣ ਵਾਲੀ ਕਿਤਾਬ "ਲੋਟੇ ਹੋ ਗਏ ਮਹਿੰਗੇ", 2019 'ਚ ਪਬਲਿਸ਼ ਹੋਣ ਵਾਲੀ ਕਿਤਾਬ "ਮੱਛਰੀ ਦੁਪਹਿਰ" ਤੇ 2020 ਵਿੱਚ ਛਾਏ ਹੋਣ ਵਾਲੀ ਕਿਤਾਬ "ਚਾਂਗਰਾਂ" ਸ਼ਾਮਿਲ ਹੈ। ਬਾਬਾ ਜੀ ਦੀ ਕਿਤਾਬ "ਲੋਟੇ ਹੋ ਗਏ ਮਹਿੰਗੇ" ਸ਼ਾਇਰੀ, ਫਿਲਮ ਤੇ ਡਰਾਮਿਆਂ 'ਤੇ ਮੁਸ਼ਤਮਿਲ ਹੈ, ਜਿਹਦੇ ਵਿੱਚੋਂ ਇੱਕ ਫਿਲਮ ਦੀ ਪ੍ਰੋਡਕਸ਼ਨ ਵੀ ਹੋਈ। ਬਾਬਾ ਜੀ ਦੀ ਪਹਿਲੀ ਕਿਤਾਬ "ਮੇਰਾ ਨਾਮ ਪਾਕਿਸਤਾਨ" 1964 ਵਿਚ ਕਰਾਚੀ 'ਚ ਪਬਲਿਸ਼ ਹੋਈ ਤੇ ਉਹਨਾਂ ਦੀ ਉਰਦੂ ਸ਼ਾਇਰੀ ਦੀ ਇੱਕ ਹੋਰ ਕਿਤਾਬ "ਵਿਛੜ ਕੇ ਜੀਣਾ" ਹੁਣੇ ਛਾਪੇ ਚੜ੍ਹੀ। ਬਾਬਾ ਜੀ ਨੂੰ ਜਦੋਂ ਕਦੀ ਵੀ ਪੁੱਛਿਆ ਹੈ ਕਿ ਤੁਸੀਂ ਕੀ ਸੋ ? ਤੇ ਕਿੱਥੇ ਆਣ ਖਲੋਤੇ ਹੋ ? ਹਯਾਤੀ ਦਾ ਸਫ਼ਰ ਕਿੱਥੋਂ ਸ਼ੁਰੂ ਕੀਤਾ ਸੀ ਤੇ ਅੱਜ ਇਥੇ ਤੀਕਰ ਕਿਵੇਂ ਆਣ ਪਹੁੰਚੇ ਹੋ ? ਨਾ ਹੁਣ ਸਿਰ ਤੇ ਧੁੱਪਾਂ ਰਹੀਆਂ, ਨਾ ਜੰਗਲਾਂ ਦੇ ਗੁੰਝਲ ਰਸਤੇ, ਇੱਕ ਪਾਸੇ ਚੰਦ ਸਿਤਾਰਿਆਂ ਜਿਹੇ ਜਵਾਕ ਤੇ ਦੂਜੇ ਪਾਸੇ ਜੰਨਤਾਂ ਦੇ ਰੁੱਖਾਂ ਵਰਗੇ ਰਿਸ਼ਤੇ, ਸੀਨਾ ਠਾਰਦੀਆਂ ਹਵਾਵਾਂ, ਇਹਦੇ ਬਾਵਜੂਦ ਤੁਸੀਂ ਅਕਸਰ ਬਹੁਤ ਦੁਖੀ ਹੋ ਜਾਂਦੇ ਹੋ, ਇਹਦਾ ਕੀ ਕਾਰਨ ਹੈ ? ਬਾਬਾ ਜੀ ਆਪਣੀਆਂ ਸਮੁੰਦਰੋਂ ਡੂੰਘੀਆਂ ਅੱਖਾਂ ਦੀਆਂ ਪਲਕਾਂ ਚੁੱਕਦੇ ਨੇ ਤੇ ਵਿੱਚੋਂ ਮੋਤੀਆਂ ਵਰਗੇ ਅੱਥਰੂ ਕਿਰਨ ਲੱਗ ਪੈਂਦੇ ਨੇ ਉਹ ਅੱਖਾਂ ਸਾਫ਼ ਕਰਦਿਆਂ ਆਖਦੇ ਹਨ ਕਿ:

ਦਸ ਕਿੰਝ ਲੁਕਾਵਾਂ ਚਾਂਗਰਾਂ
ਜਦ ਜਿੱਧਰ ਜਾਵਾਂ ਚਾਂਗਰਾਂ
ਇਥੇ ਜੋ ਸਨ ਰੁੱਖ ਉਗਾਵਣੇ
ਉਹ ਬਣ ਗਏ ਅੱਗਾਂ ਲਾਵਣੇ
ਮੈਂ ਅੱਗ ਬੁਝਾਵਾਂ ਚਾਂਗਰਾਂ
ਦੱਸ ਕਿੰਝ ਬੁਝਾਵਾਂ ਚਾਂਗਰਾਂ
ਜਦ ਦੁਨੀਆ ਤੋਂ ਘਬਰਾ ਗਿਆ
ਮੈਂ ਮੱਥਾ ਟੇਕਣ ਆ ਗਿਆ
ਦੱਸ ਕਿੱਥੇ ਪਾਵਾਂ ਚਾਂਗਰਾਂ।

ਹਵਸ, ਲੋਭ ਤੇ ਅੰਨ੍ਹੇ ਸ਼ੋਰ ਵਿਚ ਨੱਚਦੇ ਹੋਏ ਸਮੇਂ ਨੂੰ ਬਾਬਾ ਜੀ ਨੇ ਕਈ

ਵਾਰੀ ਰੋਕ-ਰੋਕ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ:

ਮੇਰੀਆਂ ਅੱਖਾਂ ਪੜ੍ਹ ਲੈ ਨਹੀਂ ਤੇ
ਮੇਰੀਆਂ ਚੁੱਪਾਂ, ਚੁੱਪ ਨਹੀਂ ਰਹਿਣਾ।

ਪਰ ਹਵਾਵਾਂ 'ਚ ਛਾਲਾਂ ਮਾਰਦੇ ਨਸਦੇ ਸਮੇਂ ਨੇ ਉਸ ਦੀ ਇੱਕ ਨਾ ਸੁਣੀ ਸਗੋਂ ਹੋਰ ਤੇਜ਼ੀ ਨਾਲ ਲੰਘਦਾ ਰਿਹਾ, ਪਰ ਅੱਗੋਂ ਬਾਬਾ ਜੀ ਨੇ ਵੀ ਹਿੰਮਤ ਨਹੀਂ ਹਾਰੀ ਤੇ ਹੋਰ ਜ਼ੋਰ ਦੀ ਕਹਿਣ ਲੱਗ ਪਿਆ ਕਿ:

ਇੱਕ ਵਾਰੀ ਤੇ ਵੇਲਣ ਜੋ
ਇੱਕ ਵਾਰੀ ਤੇ ਹਾੜ੍ਹੀ ਢੋ
ਪੋਹ ਪਾਲੇ ਦੀ ਸੂਲੀ ਚੜ੍ਹ
ਇੱਕ ਵਾਰੀ ਤੇ ਧੁੱਪੇ ਸੜ
ਇੱਕ ਵਾਰੀ ਤੇ ਦਿਨ ਨੂੰ ਥੱਕ,
ਇੱਕ ਵਾਰੀ ਤੇ ਰਾਤਾਂ ਫੱਕ
ਜੀਵਨ ਦੀ ਤਰਕੀਬ ਨਾ ਦੱਸ
ਮੇਰੇ ਵਾਂਗਰ ਤੂੰ ਵੀ ਫੱਸ।

ਜੋਗੀਆਂ ਦੇ ਰੂਪ ਧਾਰੀ ਸੱਪਾਂ ਤੇ ਕਾਲੇ ਨਾਗਾਂ ਨੂੰ ਆਪਣੀ ਲੁਕਾਈ ਨਾਲ ਚਿੱਚੜਾਂ ਵਾਂਗਰ ਚਿੰਮੜੀਆਂ ਵੇਖ ਕੇ ਬਾਬਾ ਜੀ ਕਹਿੰਦੇ ਹਨ ਕਿ:

ਰੂਹ ਵੇ ਨੀਲੋ ਨੀਲ ਜੋਗੀਆ
ਕਰਹਾਂ ਕੋਈ ਸਬੀਲ ਜੋਗੀਆ
ਸਭ ਖੂਹੇ ਨਾ ਕੀਲ ਜੋਗੀਆ।

ਬਾਬਾ ਜੀ ਹੋਰਾਂ ਅੱਜਕੱਲ੍ਹ ਲਾਹੌਰ ਡੇਰੇ ਲਾਏ ਹੋਏ ਹਨ। ਉਹਨਾਂ ਦੀਆਂ ਅਕਸਰ ਨਜ਼ਮਾਂ ਪੂਰੀ ਦੁਨੀਆ 'ਚ ਵਾਇਰਲ ਹੋ ਚੁੱਕੀਆਂ ਹਨ। ਬਾਬਾ ਜੀ ਜਿੱਥੇ ਵੀ ਰਹਿਣ ਸਲਾਮਤ ਰਹਿਣ, ਉਹ ਸਾਡੇ ਕੋਲ ਰਹਿਣ ਜਾਂ ਸਾਥੋਂ ਦੂਰ ਰਹਿਣ, ਜਿੱਥੇ ਵੀ ਰਹਿਣ ਖ਼ੁਸ਼ ਰਹਿਣ। ਸਾਡੇ ਲਈ ਇਹੋ ਕਾਫ਼ੀ ਹੈ ਕਿ ਉਹਨਾਂ ਦਾ ਇੱਕ ਸ਼ੇਅਰ ਅੱਠੇ ਪਹਿਰ ਸਾਡੇ ਆਲੇ-ਦੁਆਲੇ ਮਹਿਕਾਂ ਮਾਰਦੇ ਫੁੱਲ ਤਰ੍ਹਾਂ ਹੱਸਦਾ ਰਹਿੰਦਾ ਹੈ:

ਫਿਰ ਅੱਜ ਤੇਰੇ ਚੇਤੇ ਚੁੱਪ ਦਾ ਮੰਦਰ ਢਾਇਆ
ਖਿਲਰ ਗਿਆ ਮੈਂ ਐਨਾ ਆਪਣੇ ਹੱਥ ਨਾ ਆਇਆ
ਰੱਬ ਬਾਬਾ ਜੀ ਨੂੰ ਸਲਾਮਤ ਰੱਖੇ।

□□□

# ਪੀੜਾਂ ਭਰੀ ਹਯਾਤੀ 'ਚ ਮੁਹੱਬਤਾਂ ਦੇ ਗੀਤ ਗਾਉਂਦਾ ਸ਼ਾਇਰ - ਰਸ਼ੀਦ ਫੱਟੜ



ਫੱਟੜ ਹਾਂ ਮੈਂ ਤਾਂ ਪਾਰੋਂ ਅੱਜ
ਅਰਜ਼ ਪਿਆ ਗੁਜ਼ਾਰਦਾ ਹਾਂ
ਜਿਹੜੇ ਦੇਂਹ ਮੈਂ ਤਗੜਾ ਹੋ ਗਿਆ
ਉਸੇ ਦੇਂਹ ਫਰਮਾਵਾਂਗਾ।

ਇਹ ਸਤਲੁਜ ਦੀ ਮਹਿਕ ਦੀ ਮਿੱਟੀ ਦਾ ਇੱਕ ਹੋਰ ਗੁਲਾਬ ਹੈ ਜਿਹਦੀਆਂ ਪੱਤੀਆਂ ਸੁੱਕ ਰਹੀਆਂ ਨੇ, ਅੱਖਾਂ ਵਿੱਚ ਚਾਨਣ ਪੋਹ-ਮਾਘ ਦੀਆਂ ਰਾਤਾਂ ਵਾਂਗੂੰ ਟਾਵਾਂ-ਟਾਵਾਂ ਰਹਿ ਗਿਆ, ਇਹਦਾ ਨਾਂ ਤੇ ਅਬਦੁਲ ਰਸ਼ੀਦ ਹੈ ਪਰ ਹਯਾਤੀ ਨੇ ਇੰਨੇ ਦੁੱਖ ਦਿੱਤੇ... ਉਹਨੇ ਆਪਣੇ ਨਾਮ ਦੇ ਨਾਲ ਤਖ਼ੱਲੁਸ ਵੀ ਫੱਟੜ ਰੱਖ ਲਿਆ। ਰਸ਼ੀਦ ਫੱਟੜ ਨੂੰ ਖ਼ਰੇ ਕਿਹੜੀ ਸੋਚ ਨੇ ਗੁੰਮਰਾਹ ਕਰ ਛੱਡਿਆ ਸੀ ਕਿ ਉਹ ਕਦੇ ਨਾ ਮਰਨ ਵਾਲੀਆਂ ਨਜ਼ਮਾਂ ਤੇ ਗ਼ਜ਼ਲਾਂ ਪੱਥਰ ਸੀਨਿਆਂ 'ਤੇ ਉਲੀਕ ਕੇ ਆਪ ਹੀ ਹਮੇਸ਼ ਜਿਉਂਦਾ ਰਵ੍ਹੇਗਾ। ਉਹਨੂੰ ਖ਼ਿਆਲ ਤੱਕ ਨਹੀਂ ਆਇਆ ਕਿ ਇਹ ਦੁਨੀਆ ਹੈ, ਇਥੇ ਸਿਰਫ ਚੜ੍ਹਦੇ ਸੂਰਜ ਨੂੰ ਸਲਾਮ ਹੈ, ਇਥੇ ਕੋਈ ਕਿਸੇ ਦਾ ਦਾਰੂ ਨਹੀਂ ਕਰਦਾ। ਖ਼ੂਬਸੂਰਤ ਗੀਤਾਂ ਦਾ ਖਾਲਕ ਰਸ਼ੀਦ ਫੱਟੜ ਐਵੇਂ ਹੀ ਨਹੀਂ ਫੱਟੜ ਹੋਇਆ, ਉਹਨੂੰ ਜ਼ਾਲਮ ਸਮਾਜ ਨੇ, ਆਪਣਿਆਂ ਤੇ ਗੈਰਾਂ ਨੇ ਇੰਨੇ ਫੱਟ ਲਾਏ ਕਿ ਵਿਚਾਰੇ ਨੇ ਆਪਣੇ ਨਾਂ ਦੇ ਅੱਗੇ ਪੱਕਾ ਪੱਕਾ ਫੱਟੜ ਲਿਖਾ ਕੇ ਉਹਨੂੰ ਤਖ਼ੱਲੁਸ ਦਾ ਨਾਂ ਦੇ ਛੱਡਿਆ, ਇਸੇ ਲਈ ਆਪਣੀ ਗ਼ਜ਼ਲ ਦੇ ਸ਼ੇਅਰ 'ਚ ਫੱਟੜ ਆਖਦਾ ਹੈ ਕਿ:

ਕਹਿਰ ਜਾਗੇ ਕਰਾਰ ਸੌਂ ਗਏ ਨੇ
ਵੈਰ ਜਾਗੇ ਪਿਆਰ ਸੌਂ ਗਏ ਨੇ
ਪਿਆਰ ਦੇ ਗੀਤ ਮੈਂ ਕਿਵੇਂ ਛੂਹਾਂ
ਦਿਲ ਦੇ ਤੁੰਬੇ ਦੇ ਤਾਰ ਸੌਂ ਗਏ ਨੇ
ਸੌਂ ਜਾ ਦਰਦਾਂ ਦੇ ਮਾਰਿਆ ਭੈੜਿਆ
ਹੁਣ ਤੇ ਗਲੀਆਂ ਬਾਜ਼ਾਰ ਸੌਂ ਗਏ ਨੇ।

ਨਜ਼ਮਾਂ ਤੇ ਗ਼ਜ਼ਲਾਂ ਨੂੰ ਗੀਤਾਂ ਦੇ ਰੰਗ ਵਿੱਚ ਰੰਗਦਿਆਂ-ਰੰਗਦਿਆਂ ਫੱਟੜ ਆਪ ਬੇਰੰਗਾ ਹੋ ਗਿਆ ਹੈ। ਲਾਚਾਰੀ ਤੇ ਭੁੱਖ ਨੇ ਵਕਤ ਤੋਂ ਪਹਿਲੇ ਬੁਢਾਪੇ ਦੇ

ਦਲਦਲ 'ਚ ਆਣ ਸੁੱਟਿਆ ਹੈ। ਕੋਈ ਗੱਲ ਨਹੀਂ ਸੁਣਦਾ, ਤੇ ਸੁਣੇ ਵੀ ਕਿਉਂ? ਅਸਾਂ ਤੇ ਮੁਸ਼ਾਅਰਿਆਂ 'ਚ ਸ਼ੇਅਰ ਸੁਣਨ ਬਲਕਿ ਸੁਣਾਉਣ ਲਈ ਦੁਨੀਆਂ 'ਚ ਆਏ ਹਾਂ, ਸਾਨੂੰ ਕਿਸੇ ਦੇ ਮਰਨ ਤੇ ਜੀਣ ਨਾਲ਼ ਕੀ ਕੰਮ? ਇਹ ਕੋਈ ਨਵੀਂ ਗੱਲ ਨਹੀਂ ਸ਼ਾਇਰਾਂ ਨਾਲ਼ ਸਦੀਆਂ ਤੋਂ ਇੰਝ ਹੀ ਹੁੰਦਾ ਆ ਰਿਹਾ ਹੈ। ਸਾਗਰ ਸਿਦੀਕੀ ਸਾਰੀ ਹਯਾਤੀ ਕਸਮ ਪੁਰਸੀ ਦੀ ਹਯਾਤੀ ਗੁਜ਼ਾਰਦਾ ਰਿਹਾ, ਕਿਸੇ ਉਸ ਦਾ ਹਾਲ ਨਾ ਪੁੱਛਿਆ। ਜਦੋਂ ਚਲਾਣਾ ਕਰ ਗਿਆ ਤੇ ਲੋਕਾਂ ਪੂਜਣਾ ਸ਼ੁਰੂ ਕਰ ਦਿੱਤਾ ਤਦੇ ਸਲੀਮ ਕਾਸ਼ਰ ਨੂੰ ਸਾਗਰ ਸਦੀਕੀ ਦੀ ਮੌਤ 'ਤੇ ਇੱਕ ਸੱਚ ਲਿਖਣਾ ਪਿਆ ਕਿ:

ਜਿਉਂਦਾ ਸੀ ਤੇ ਘਰ ਦੇ ਚੁੱਲ੍ਹੇ
ਅੱਗ ਕਿਸੇ ਵੀ ਬਾਲੀ ਨਾ
ਦੀਵੇ ਬਾਲਣ ਕਬਰ ਤੇ 'ਕੱਠਾ
ਬੜਾ ਜ਼ਮਾਨਾ ਹੋਇਆ ਏ।

ਅੱਜ ਰਸ਼ੀਦ ਫੱਟੜ ਵੀ ਚਵਾਨੀ-ਚਵਾਨੀ ਤੋਂ ਤੰਗ ਹੈ, ਯਾਦਾਸ਼ਤ ਕੰਮ ਨਹੀਂ ਕਰਦੀ, ਦਿਲ ਨੇ ਵੱਖਰਾ ਸਤਾਣਾ ਸ਼ੁਰੂ ਕਰ ਦਿੱਤਾ ਹੈ। ਤੁਰਨ ਫਿਰਨ ਤੋਂ ਅਵਾਜ਼ਾਰੀ ਹੈ। ਉਦਾਸੀ ਪਹਿਲੇ ਸ਼ਾਮੀਂ ਆਉਂਦੀ ਸੀ ਹੁਣ ਅੱਠੇ ਪਹਿਰ ਨਾਲ ਰਹਿੰਦੀ ਹੈ। ਨਾ ਕੋਈ ਸ਼ਾਇਰ ਗੱਲ ਸੁਣਦਾ ਹੈ ਨਾ ਕੋਈ ਦੋਸਤ, ਰਿਸ਼ਤੇਦਾਰ। ਲੋਕਾਂ ਦੇ ਅਜਿਹੇ ਵਰਤਾਵਿਆਂ ਨੂੰ ਵੇਖਦਿਆਂ ਹੋਇਆਂ ਫੱਟੜ ਨੂੰ ਆਖਣਾ ਪਿਆ ਕਿ:

ਲੱਕੜ ਡੋਬੀ ਪੱਥਰ ਤਾਰੀ ਜਾਂਦਾ ਹੈ
ਗੱਲੀਂ ਬਾਤੀਂ ਬੁੱਤਾ ਸਾਰੀ ਜਾਂਦਾ ਹੈ
ਇਹ ਤੇ ਕੋਈ ਘਣਾ ਸਿਆਣਾ ਲੱਗਦਾ ਹੈ
ਤਾਂ ਪਾਰੋਂ ਤੇ ਖੱਚਾਂ ਮਾਰੀ ਜਾਂਦਾ ਹੈ।

ਰਸ਼ੀਦ ਫੱਟੜ 1954 'ਚ ਜੰਮਿਆ ਤੇ ਮਾੜਾ ਮੋਟਾ ਪੜ੍ਹ ਕੇ ਮੁਖ਼ਤਲਿਫ਼ ਪਟਵਾਰਖਾਨਿਆਂ 'ਤੇ ਮੁਨਸ਼ੀ ਬਣ ਕੇ ਸ਼ਹਿਰ ਦੇ ਪਟਵਾਰੀਆਂ ਦੀ ਖ਼ਿਦਮਤਾਂ ਕਰਦਾ ਰਿਹਾ। ਬਹੁਤ ਖ਼ੂਬਸੂਰਤ ਨਜ਼ਮਾਂ ਤੇ ਗਜ਼ਲਾਂ ਦੇ ਨਾਲ਼-ਨਾਲ਼ ਇੰਤਿਹਾਈ ਖ਼ੂਬਸੂਰਤ ਤੇ ਦਿਲਾਂ ਨੂੰ ਛੂਹਣ ਵਾਲੇ ਗੀਤ ਵੀ ਲਿਖਦਾ ਤੇ ਨਾਲੇ ਗਾਉਂਦਾ ਰਿਹਾ। ਉਹਨਾਂ ਦੇ ਕਈ ਗੀਤ ਬਹਾਵਲਨਗਰ ਦੇ ਮਾਰੂਫ਼ ਗੁਲੂਕਾਰ ਤੇ ਮੌਸਿਕਾਰ ਚੌਧਰੀ ਅਫਜ਼ਲ ਨੇ ਵੀ ਗਾਏ। ਇਥੇ ਇਹ ਵੀ ਦੱਸਦਾ ਜਾਵਾਂ ਕਿ ਅਫ਼ਜ਼ਲ ਸਾਹਿਬ ਨੇ ਸ਼ਿਵ ਕੁਮਾਰ ਬਟਾਲਵੀ 'ਤੇ ਵੀ ਲਹਿੰਦੇ ਪੰਜਾਬ ਵਿੱਚ ਸਭ ਤੋਂ ਵੱਧ ਕੰਮ ਕੀਤਾ ਹੈ। ਫੱਟੜ ਸਾਹਿਬ ਦਾ ਇਹ ਗੀਤ ਵੇਖੋ ਉਹਦੇ ਅੰਦਰ ਦੇ ਸੁਰੀਲੇਪਣ ਨਗਮਗੀਅਤ ਦਾ ਤੁਹਾਨੂੰ ਆਪੇ ਹੀ ਅੰਦਾਜ਼ਾ ਹੋ ਜਾਏਗਾ:

ਅੱਖ ਦਾ ਖ਼ੁਮਾਰ ਤੂੰ
ਚੜ੍ਹਦੀ ਬਹਾਰ ਤੂੰ

ਅੱਖੀਆਂ ਦੀ ਠੰਡ
ਮੇਰੇ ਦਿਲ ਦਾ ਕਰਾਰ ਤੂੰ
ਸੋਚਾਂ ਦੇ ਬਾਗਾਂ ਵਿੱਚ
ਡਿੱਗਦੀ ਫੁਹਾਰ ਤੂੰ
ਗੀਤਾਂ ਵਿੱਚ ਰਾਗਾਂ ਵਿੱਚ
ਲਫਜ਼ਾਂ ਤੇ ਸ਼ੇਅਰਾਂ ਵਿੱਚ
ਰੰਗਾਂ ਵਿੱਚ ਲੀਕਾਂ ਵਿੱਚ
ਜਬਰਾਂ ਤੇ ਜੇਰਾਂ ਵਿੱਚ
ਆਰ ਤੇ ਨਾ ਪਾਰ ਤੂੰ
ਵਿੱਚੇ ਵਿਚਕਾਰ ਤੂੰ
ਸੋਚਾਂ ਦੇ ਬਾਗਾਂ ਵਿੱਚ
ਡਿੱਗਦੀ ਫਵਾਰ ਤੂੰ
ਜਗ ਕੋਲੋਂ ਸੋਹਣੀਏ ਨੀ
ਓਹਲੇ ਓਹਲੇ ਰਿਹਾ ਕਰ
ਲੋਕਾਂ ਦੀਆਂ ਅਕਲਾਂ ਤੇ
ਫ਼ਿਕਰਾਂ 'ਚ ਬਿਹਾ ਕਰ
ਸੋਚ ਦਾ ਸ਼ਿੰਗਾਰ ਤੂੰ
ਫ਼ਿਕਰ ਦਾ ਨਿਖਾਰ ਤੂੰ
ਅੱਖੀਆਂ ਦੀ ਠੰਡ
ਮੇਰੇ ਦਿਲ ਦਾ ਕਰਾਰ ਤੂੰ
ਸੋਚਾਂ ਦਿਆਂ ਬਾਗਾਂ ਵਿੱਚ
ਡਿੱਗਦੀ ਫੁਹਾਰ ਤੂੰ।

ਰਸ਼ੀਦ ਫੱਟੜ ਹਾਲੇ ਜਿਉਂਦਾ ਹੈ, ਸਾਡੇ ਵੱਲ ਵੇਖ ਰਿਹਾ ਹੈ, ਜ਼ੋਰ-ਜ਼ੋਰ ਦੀ 'ਵਾਜਾਂ ਵੀ ਮਾਰ ਰਿਹਾ ਹੈ, ਜੇ ਹੋ ਸਕੇ ਤਾਂ ਓਹਦੇ ਵੱਲ ਝਾਤੀ ਮਾਰ ਲਓ। ਬਹੁਤੀ ਨਾ ਸਹੀ ਥੋੜ੍ਹੀ ਸੁਣ ਲਓ, ਇਹ ਨਾ ਹੋਵੇ ਕਿ ਸਲੀਮ ਕਾਸ਼ਰ ਨੂੰ ਕਬਰਾਂ ਵਿੱਚੋਂ ਫੇਰ ਕਹਿਣਾ ਪਵੇ ਕਿ:

ਜਿਉਂਦਾ ਸੀ ਤੇ ਘਰ ਦੇ ਚੁੱਲ੍ਹੇ
ਅੱਗ ਕਿਸੇ ਵੀ ਬਾਲੀ ਨਾ
ਦੀਵੇ ਬਾਲਣ ਕਬਰ 'ਤੇ 'ਕੱਠਾ
ਬੜਾ ਜ਼ਮਾਨਾ ਹੋਇਆ ਹੈ।

ਰੱਬ ਰਸ਼ੀਦ ਫੱਟੜ ਨੂੰ ਸਿਹਤ ਵਾਲੀ ਹਯਾਤੀ ਦੇਵੇ ਤੇ ਸ਼ਾਦ ਰੱਖੇ।

# ਸੋਚਾਂ ਉੱਤੇ ਕੱਲਰ ਤੇ ਸੱਧਰਾਂ ਉੱਤੇ ਸੇਮ

# ਰਾਓ ਇਨਾਮ ਉਲਾ ਖ਼ਾਨ



ਆਪਣੀ ਜ਼ੁਬਾਨ ਵਿਚ ਗੱਲ ਕਰਨਾ ਤੇ ਫੇਰ ਉਸੇ ਜ਼ੁਬਾਨ ਵਿਚ ਖ਼ਾਬ ਵੇਖ ਕੇ ਉਹਦੀਆਂ ਤਾਬੀਰਾਂ ਲਿਖਣਾ ਮੁਸ਼ਕਿਲ ਨਹੀਂ ਤੇ ਐਡਾ ਸੌਖਾ ਵੀ ਨਹੀਂ ਹੈ, ਧਰਤੀ 'ਤੇ ਬਹਿ ਕੇ ਅੰਬਰਾਂ ਦੇ ਹਾਲ ਉਲੀਕਨਾ, ਰੋਹੀ ਦੇ ਟਿੱਬਿਆਂ 'ਚ ਖਲੋ ਕੇ ਮੀਂਹ ਦੇ ਬੱਦਲਾਂ ਦੀ ਚਾਲ ਸਮਝਣਾ, ਮਾਸੂਮ ਪੱਖੂਆਂ ਦੇ ਕੋਲ਼ ਬੈਠ ਕੇ ਸ਼ਿਕਾਰੀਆਂ ਦੇ ਜਾਲ਼ ਲਿਖਣਾ ਬਹੁਤ ਔਖਾ ਹੀ ਨਹੀਂ ਕਦੀ-ਕਦੀ ਨਾਮੁਮਕਿਨ ਵੀ ਹੋ ਜਾਂਦਾ ਹੈ। ਆਪਣੀ ਮਾਂ ਬੋਲੀ ਹਰਿਆਣਵੀ ਜ਼ੁਬਾਨ ਵਿਚ ਧਰਤੀ ਦੇ ਮੈਲ਼ੇ ਵਰਕਿਆਂ 'ਤੇ ਹਯਾਤੀ ਦੇ ਦੁੱਖ ਉਲੀਕਣ ਵਾਲ਼ਾ ਰਾਓ ਇਨਾਮ 1979 'ਚ ਬਹਾਵਲਨਗਰ ਦੇ ਇਕ ਕਸਬੇ ਡੂੰਗਾ ਬੂੰਗਾ 'ਚ ਪੈਦਾ ਹੋਇਆ। ਅੱਠੇ ਪਹਿਰ ਹਰਿਆਣਵੀ ਜ਼ੁਬਾਨ ਵਿਚ ਸੁਫ਼ਨੇ ਵੇਖਣ ਵਾਲੇ ਰਾਓ ਇਨਾਮ ਉੱਲਾ ਨੇ ਪੋਲੀਟੀਕਲ ਸਾਇੰਸ ਵਿਚ ਮਾਸਟਰ ਕੀਤਾ, ਕਾਨੂੰਨ ਦੀ ਡਿਗਰੀ ਹਾਸਲ ਕਰਨ ਦੇ ਨਾਲ਼-ਨਾਲ਼ ਕੱਲਰ ਖਾਧੀ ਧਰਤੀ ਤੇ ਸੇਮ ਵਿੱਚ ਡੁੱਬੇ ਆਪਣੇ ਵਸੇਬ ਦਾ ਹਾਲ ਬੜੇ ਗ਼ੌਰ ਨਾਲ ਵੇਖਦਾ ਰਿਹਾ। ਉਹ ਅੰਦਰੋ-ਅੰਦਰੀ ਕੁੜ੍ਹਦਾ ਰਿਹਾ ਤੇ ਆਪਣੇ ਅੰਦਰ ਦੇ ਪੱਕਦੇ ਲਾਵੇ ਨੂੰ ਡੱਕਣ ਦੀ ਕੋਸ਼ਿਸ਼ ਵੀ ਕਰਦਾ ਰਿਹਾ ਪਰ ਕਦੋਂ ਤੀਕਰ, ਦਿਨ ਕਾਲੀਆਂ ਰਾਤਾਂ 'ਚ ਬਦਲਦੇ ਰਹੇ, ਨਾ ਹੀ ਬਰਫਾਂ ਸੁੱਟਦੇ ਪੋਹ-ਮਾਘ ਉਹਦੀਆਂ ਨਾੜਾਂ ਦੇ ਗਰਮ ਲਹੂ ਨੂੰ ਠਾਰ ਸਕੇ ਤੇ ਨਾ ਹੀ ਹਾੜ੍ਹ-ਜੇਠ ਦੀਆਂ ਅੱਗਾਂ ਉਹਦੀ ਅੱਖ ਦੇ ਸੁਫ਼ਨਿਆਂ ਨੂੰ ਸਾੜ ਸਕੀਆਂ। ਆਖ਼ਰ ਇੱਕ ਦਿਨ ਦੂਰ-ਦੂਰ ਤੱਕ ਸਮੁੰਦਰਾਂ ਵਾਂਗਰ ਖਿਲਰੇ ਹੋਏ ਵਸੇਬ ਦੀ ਬੋਲੀ "ਪੰਜਾਬੀ" ਜ਼ੁਬਾਨ ਦੀ ਚਾਸ਼ਨੀ ਤੇ ਉਹਦੀ ਬੇਸਾਖ਼ਤਗੀ ਨੇ ਐਸੀ ਅੰਗੜਾਈ ਲਈ ਕਿ ਰਾਓ ਇਨਾਮ ਦੇ ਸੀਨੇ ਦੇ ਉਬਾਲ ਨੂੰ ਇੱਕ ਨਜ਼ਮ ਦੀ ਸ਼ਕਲ ਵਿੱਚ ਕੱਢ ਕੇ ਬਾਹਰ ਰੱਖ ਦਿੱਤਾ:

ਸੋਚਾਂ ਉੱਤੇ ਕੱਲਰ
ਸੱਧਰਾਂ ਅੰਦਰ ਸੇਮ
ਬੰਜਰ ਅੱਖਾਂ ਦੇ ਵਿੱਚ
ਵਗਦੀ ਸੜਦੀ ਆਸ ਦੀ ਨਹਿਰ

ਲਿਖਤਾਂ ਵਿੱਚ ਸਿਆਪੇ
ਅੱਖਰਾਂ ਅੰਦਰ ਕਹਿਰ।

ਪਿੰਡ ਤੇ ਸ਼ਹਿਰ ਦੀ ਰਲੀ-ਮਿਲੀ ਹਯਾਤੀ 'ਚ ਚੱਕਰ ਖਾਣ ਵਾਲ਼ਾ ਰਾਓ ਇਨਾਮ ਨਾ ਜੁੱਸਿਆਂ ਦੇ ਅੰਦਰ ਜ਼ਹਿਰਾਂ ਨਾਲ ਭਰੇ ਲਹੂ ਤੇ ਮਾਸ ਨੂੰ ਭੁੱਲਦਾ ਹੈ, ਨਾ ਸ਼ਹਿਰਾਂ ਦੀਆਂ ਨਾੜਾਂ 'ਚ ਭਰੇ ਲੋਭ ਦੇ ਹਨੇਰਿਆਂ ਨੂੰ, ਨਾ ਉਹ ਰੰਗ ਬਦਲਦੇ ਪਿੰਡਾਂ ਦੇ ਸਿਰਾਂ 'ਤੇ ਮੰਡਲਾਂਦੀਆਂ ਇੱਲਾਂ ਦੇ ਇਰਾਦਿਆਂ ਤੋਂ ਬੇਖ਼ਬਰ ਜਾਪਦਾ ਹੈ ਤੇ ਨਾ ਹੀ ਉਹ ਸਹਿਰਾਵਾਂ 'ਚ ਕਿੱਕਰਾਂ ਵਰਗੇ ਕੰਡਿਆਲੇ ਰਾਹਵਾਂ ਦੇ ਨਾ ਮੁੱਕਣ ਵਾਲੇ ਪੰਧ ਤੋਂ ਗਾਫ਼ਲ ਜਾਪਦਾ ਹੈ। ਪੰਜਾਬੀ ਜ਼ੁਬਾਨ ਦੇ ਜਾਦੂਈ ਅੱਖਰਾਂ ਰਾਹੀਂ ਰਾਓ ਇਨਾਮ ਆਪਣੇ ਸ਼ਹਿਰ ਦੇ ਦੁੱਖਾਂ ਨੂੰ ਐਡੇ ਮਹਾਨ ਅੰਦਾਜ਼ 'ਚ ਪੇਸ਼ ਕਰਦਾ ਹੈ ਕਿ ਪੰਜਾਬੀ ਜ਼ੁਬਾਨ ਦੀ ਕੁੱਖ 'ਚੋਂ ਜੰਮਣ ਵਾਲੇ ਵੀ ਹੈਰਾਨੀ ਨਾਲ ਦੰਦਾਂ ਹੇਠ ਉਂਗਲਾਂ ਦੇ ਕੇ ਸੋਚੀਂ ਪੈ ਜਾਂਦੇ ਨੇ:

ਸ਼ਹਿਰਾਂ ਉੱਤੇ ਉੱਡੀਆਂ ਇੱਲਾਂ
ਜੁੱਸਿਆਂ ਅੰਦਰ ਸੜਦਾ ਮਾਸ
ਬੋਦੇ ਜੁੱਸੇ ਸੜਕਾਂ ਚੱਟਣ
ਪੰਧ ਨਾ ਆਇਆ ਰਾਸ
ਪਿੰਡਾਂ ਤਾਂਈਂ ਮਚਿਆ ਨਾਸ।

ਜਿਸ ਪੰਜਾਬ ਵਿੱਚ ਰੁੱਖਾਂ 'ਤੇ ਬੈਠੀ ਕੋਇਲ ਮੁਹੱਬਤਾਂ ਦੇ ਗੀਤ ਗਾਉਂਦੀ ਸੀ, ਰੰਗਲੇ ਮੋਰ ਪੈਲਾਂ ਪਾਂਦੇ ਸਨ, ਅੱਲ੍ਹੜ ਮੁਟਿਆਰਾਂ ਬੁੱਲ੍ਹੀਆਂ 'ਤੇ ਸ਼ਹਿਦਾਂ ਵਰਗੇ ਹਾਸੇ ਰੱਖ ਕੇ ਰੱਸੇ ਟੱਪਦੀਆਂ ਤੇ ਪੀਂਘਾਂ ਝੂਟਦੀਆਂ ਸੀ ਤੇ ਪਿੰਡ ਦੇ ਗੱਭਰੂ ਲੁੱਡੀਆਂ ਪਾਉਂਦੇ ਸਨ, ਕੁੜੀਆਂ-ਮੁੰਡਿਆਂ ਉਮਰਾਂ ਤੀਕਰ ਇਕੱਠਿਆਂ ਖੇਡਣਾ, ਪਰ ਕਿਸੇ ਵੀ ਅੱਖ ਵਿੱਚ ਰੱਤੀ ਬਰਾਬਰ ਮੈਲ਼ ਨਾ ਆਉਣਾ, ਪਰ ਅੱਜ ਉਸੇ ਪੰਜਾਬ ਵਿੱਚ ਜਦੋਂ ਰਾਓ ਇਨਾਮ ਝਾਤੀ ਮਾਰਦਾ ਹੈ ਤੇ ਉਹਨੂੰ ਸਹਿਮੀਆਂ-ਸਹਿਮੀਆਂ ਕੁੜੀਆਂ ਦੀਆਂ ਮਾਸੂਮ ਅੱਖਾਂ 'ਚ ਖ਼ੌਫ਼ ਦੇ ਕਾਲ਼ੇ ਬੱਦਲ ਵਿਖਾਈ ਦਿੰਦੇ ਨੇ ਤੇ ਉਹਦੇ ਲਹੂ ਵਿੱਚ ਭਾਂਬੜ ਜਿਹਾ ਬਲ ਜਾਂਦਾ ਹੈ, ਉਹਦੀਆਂ ਅੱਖਾਂ ਲਾਲ ਰੱਤ ਹੋ ਜਾਂਦੀਆਂ ਨੇ ਤੇ ਬੁੱਲ੍ਹੀਆਂ ਉੱਤੇ ਇੱਕੋ ਗੱਲ ਆ ਕੇ ਰੁਕ ਜਾਂਦੀ ਹੈ ਕਿ:

ਜਿਸ ਸ਼ਹਿਰ ਦੀ ਕੋਈ ਕੁੜੀ
ਚੁੰਨੀ ਲੈ ਕੇ ਸਿਰ ਦੇ ਉੱਤੇ
ਟੁਰ ਨਹੀਂ ਸਕਦੀ ਕਲਮ ਕੱਲੀ
ਉਸ ਸ਼ਹਿਰ ਦੇ ਸਾਰੇ ਗੱਭਰੂ
ਪਾਟੀਆਂ ਚੁੰਨੀਆਂ 'ਕੱਠੀਆਂ ਕਰਕੇ
ਰੱਸਾ ਵੱਟ ਕੇ

ਗਲ਼ ਵਿੱਚ ਪਾ ਲੈਣ
ਗੱਲ ਮੁਕਾ ਲੈਣ।

ਦੂਰ-ਦੂਰ ਤੱਕ ਖਿਲਰੇ ਹੋਏ ਸੇਮ ਤੇ ਕੱਲਰ ਨੇ ਹਯਾਤੀ ਦੀ ਸ਼ਕਲ ਵਿਗਾੜ ਕੇ ਰੱਖ ਛੱਡੀ ਹੈ, ਡੱਬ-ਖੜੱਬੀ ਧਰਤੀ ਕਿਸੇ ਮਫ਼ਲੂਜ ਪਿੰਡੇ ਤਰ੍ਹਾਂ ਬੇਹਿੱਸ ਤੇ ਬੇਜਾਨ ਜਿਹੀ ਜਾਪਦੀ ਹੈ। ਜਦੋਂ ਹਰ ਵੇਲੇ ਅੱਖਾਂ ਅੱਗੇ ਸੇਮ ਤੇ ਥੋਹਰ ਦੇ ਸਮੁੰਦਰ ਨੱਚ ਰਹੇ ਹੋਣ ਤੇ ਹਯਾਤੀ ਦੇ ਨਾਲ਼-ਨਾਲ਼ ਸੁਫਨੇ ਵੀ ਪਥਰਾਅ ਜਾਂਦੇ ਹਨ, ਕੱਚ ਦਿਆਂ ਪਿੰਡਿਆਂ 'ਚ ਤਰੇੜਾਂ ਪੈ ਜਾਂਦੀਆਂ ਹਨ। ਰੂਹਾਂ ਦੇ ਫੱਟ ਉਲੀਕਦੀਆਂ ਨਜ਼ਮਾਂ ਵੀ ਅੱਖਾਂ ਨੂੰ ਨੂਟ ਜਾਂਦੀਆਂ ਹਨ ਤੇ ਰਾਓ ਇਨਾਮ ਵੀ ਖ਼ਬਰੇ ਇਹਨੂੰ ਮੁਕੱਦਰਾਂ ਦੀ ਖੇਡ ਸਮਝ ਕੇ ਸੋਚੀਂ ਪੈ ਜਾਂਦਾ ਹੈ:

ਜਿਸ ਧਰਤੀ 'ਤੇ ਬੰਜਰ ਹੋਣਾ
ਲਿਖਿਆ ਜਾਵੇ
ਅਸਮਾਨਾਂ 'ਤੇ ਉਡਦੇ ਬੱਦਲ
ਉਸ ਰਾਹ ਤੋਂ ਰੁੱਸ ਜਾਂਦੇ ਨੇ
ਤੱਤੇ ਚੁੱਲ੍ਹਿਆਂ ਵਰਗੇ ਬੁੱਲ੍ਹੇ
ਉੱਥੇ ਰਹਿਣ ਨੂੰ ਟੁਰ ਜਾਂਦੇ ਨੇ
ਸੱਜਣਦਾਰੀ ਬੰਨ੍ਹ ਲੈਂਦੇ ਨੇ
ਫੇਰ ਅੰਗ ਸਾਲ ਦੇ ਫੁੱਲ ਪੱਤਰ
ਕੰਡਿਆਂ ਉੱਤੇ ਖਿੱਲਰ ਜਾਂਦੇ।

ਰਾਓ ਇਨਾਮ ਨੇ ਪੁਲਿਸ ਡਿਪਾਰਟਮੈਂਟ ਵਿੱਚ ਮੁਲਾਜ਼ਮਤ ਕਰ ਲਈ, ਪਰ ਉਹਦੀਆਂ ਸਮੁੰਦਰੀ ਅੱਖਾਂ ਦੇ ਖ਼ਾਬ ਬੱਦਲਾਂ ਵਾਂਗ ਹਵਾਵਾਂ ਵਿੱਚ ਉੱਡਦੇ ਰਹੇ। 'ਕੱਲੇ ਰੁੱਖ ਤੇ 'ਕਲਾਪੇ ਦੇ ਦੁੱਖ ਜਰਦਿਆਂ-ਜਰਦਿਆਂ ਰਾਓ ਇਨਾਮ ਕਦੀ-ਕਦੀ ਅੱਖਾਂ ਨੂੰ ਨੂਟ ਕੇ ਮੁਹੱਬਤਾਂ ਦੇ ਸ਼ਹਿਰ ਅੱਪੜ ਜਾਂਦਾ ਹੈ, ਜਿੱਥੇ ਪਰੀਆਂ ਵਰਗਾ ਰੂਪ ਹੁਲਾਰੇ ਖਾਂਦਾ ਵੇਖ ਕੇ ਉਹ ਬੜੇ ਪਿਆਰ ਨਾਲ ਆਖਦਾ ਹੈ ਕਿ:

ਤੇਰੀ ਗੁੱਤ ਵਿਛੋੜਿਓਂ ਕਾਲੀ
ਤੇਰੇ ਕੰਨ ਯਾਦਾਂ ਦੀ ਬਾਲੀ
ਤੇਰੇ ਨੱਕ ਵਿੱਚ ਪਿਆਰ ਦੇ ਕਿੱਲ
ਕਦੀ ਫੁੱਲ ਤਿਤਲੀ ਦੇ ਵਾਂਗਰਾਂ
ਸੱਜਣਾ
ਆ ਬਹੀਏ ਮਿਲ।

ਉਰਦੂ, ਪੰਜਾਬੀ ਤੇ ਹਰਿਆਣਵੀ ਜ਼ੁਬਾਨ ਵਿਚ ਨਜ਼ਮਾਂ ਉਲੀਕਣ ਵਾਲ਼ਾ ਰਾਓ ਇਨਾਮ ਸੀਨੇ ਅੰਦਰ ਧਰਤੀ ਦੀਆਂ ਮੁਹੱਬਤਾਂ ਦਾ ਸਮੁੰਦਰ ਲੈ ਕੇ ਕਦੀ


ਸਤਲੁਜ ਦੀਆਂ ਤੱਸੀਆਂ ਅੱਖਾਂ ਦਾ ਦਰਦ ਵੇਖ ਕੇ ਘਬਰਾ ਜਾਂਦਾ ਹੈ, ਕਦੀ ਚੌਹਾਂ ਪਾਸੇ ਖਿੱਲਰੇ ਥਲ ਦੇ ਸਮੁੰਦਰ ਨੂੰ ਵੇਖ ਕੇ ਮਾਯੂਸੀ ਦੇ ਹਨੇਰਿਆਂ 'ਚ ਅੱਪੜ ਜਾਂਦਾ ਹੈ, ਕਦੀ ਭੁੱਖਾਂ ਖਾਧੀਆਂ ਸ਼ਕਲਾਂ ਦੇ ਪੀਲੇ ਰੰਗ ਵੇਖਦਾ ਹੈ ਤੇ ਕਦੀ ਉਹ ਗੁਜ਼ਰੇ ਸਮੇਂ ਦੀਆਂ ਕਬਰਾਂ ਦੇ ਪੁਰਾਣੇ ਕਤਬੇ ਵੇਖਦਾ ਹੈ। ਰਾਓ ਇਨਾਮ ਪਹਾੜਾਂ ਵਰਗੇ ਦੁੱਖ ਜਰਦਿਆਂ-ਜਰਦਿਆਂ ਥੱਕ ਜਾਂਦਾ ਹੈ ਤੇ ਬੜੀ ਮੁਸ਼ਕਿਲ ਨਾਲ ਰੋਂਦੀ ਅੱਖ ਦੇ ਹੰਝੂਆਂ ਨੂੰ ਡੱਕ ਕੇ ਇਕ ਕਲੇਜਾ ਚੀਰ ਦੇਣ ਵਾਲ਼ਾ ਹਾੜਾ ਲਿਖਦਾ ਹੈ:

ਲੰਘੇ ਸਮੇਂ ਦੀਆਂ ਕਬਰਾਂ ਵੇਖਾਂ
ਪਿਆਰ ਦੀ ਧੁੰਦਲ ਸ਼ੀਸ਼ਾ ਕਰਕੇ
ਸੂਰਤ ਤੱਕਾਂ
ਹੰਝੂ ਡੱਕਾਂ
ਹਾੜੇ ਲਿਖਾਂ।

ਰਾਓ ਇਨਾਮ ਨੇ ਹਿੰਮਤ ਨਹੀਂ ਹਾਰੀ। ਉਹ ਅੱਜ ਵੀ ਹਰਿਆਣਵੀ, ਪੰਜਾਬੀ ਤੇ ਉਰਦੂ ਜ਼ੁਬਾਨ ਵਿਚ ਇਸ ਕੱਲਰ ਖਾਧੇ ਸਮਾਜ ਨੂੰ ਆਪਣੀਆਂ ਨਜ਼ਮਾਂ, ਗਜ਼ਲਾਂ ਤੇ ਗੀਤਾਂ ਦੇ ਫੁੱਲਾਂ ਰਾਹੀਂ ਮਹਿਕਾਉਣ ਦੀ ਕੋਸ਼ਿਸ਼ ਕਰਦਾ ਵਿਖਾਈ ਦਿੰਦਾ ਹੈ। ਰਾਓ ਇਨਾਮ ਅੱਜ-ਕੱਲ੍ਹ ਬਹਾਵਲਨਗਰ ਸ਼ਹਿਰ ਵਿੱਚ ਹੀ ਪੁਲਿਸ ਡਿਪਾਰਟਮੈਂਟ ਵਿੱਚ ਆਪਣੀਆਂ ਖ਼ਿਦਮਾਤ ਪੇਸ਼ ਕਰ ਰਿਹਾ ਹੈ।

□□□

# ਰੋਹੀ ਵਿਚ ਬਹਾਰ
# ਸਾਦ-ਉੱਲਾ-ਸ਼ਾਹ ਦਾ ਸ਼ੇਅਰੀ ਸਫ਼ਰ



ਰੋਹੀ ਦੀ ਹਯਾਤੀ ਵੀ ਅਜੀਬ ਹਯਾਤੀ ਹੈ, ਕਦੇ-ਕਦੇ ਤੇ ਇੰਨੀ ਖ਼ੌਫ਼ਨਾਕ ਕਿ ਬੰਦਾ ਰੇਤ ਦਿਆਂ ਟਿੱਬਿਆਂ 'ਚ ਸੜਦੇ ਬਲਦੇ ਸੂਰਜ ਦੀ ਅੱਗ ਅੰਦਰ ਸੜ ਕੇ ਸਵਾਹ ਹੋ ਜਾਵੇ, ਅੱਖਾਂ ਅੰਨ੍ਹੀਆਂ ਹੋ ਜਾਣ ਤੇ ਹਯਾਤੀ ਰੇਤ ਦੇ ਵੱਡੇ-ਵੱਡੇ ਟਿੱਬਿਆਂ 'ਚ ਗਵਾਚ ਕੇ ਮਿੱਟੀ ਨਾਲ਼ ਮਿੱਟੀ ਹੋ ਜਾਵੇ। ਰਾਤ ਪਵੇ ਤੇ ਪਰਛਾਵਿਆਂ ਵਾਂਗ ਕੋਲ਼ ਖਲੋਤੇ ਕਿੱਕਰਾਂ ਦੀ ਸੱਪਾਂ ਵਰਗੀ ਸ਼ੂਕਰ ਜਾਨ ਕੱਢ ਲਵੇ ਤੇ ਕਦੀ ਰੇਤ ਦਿਆਂ ਸਮੁੰਦਰਾਂ 'ਚ ਘੁੱਪ ਹਨੇਰੀਆਂ ਰਾਤਾਂ ਅੰਦਰ ਅੰਬਰਾਂ 'ਤੇ ਲਸ਼ਕਦੇ ਚੰਦ ਦਾ ਭੋਰਾ ਜਿਹਾ ਚਾਨਣ ਹਨੇਰਿਆਂ ਦੀ ਬੁੱਕਲ ਮਾਰੀ ਧਰਤੀ 'ਤੇ ਪੈਣਾ ਤੇ ਡਰਾਉਣੇ ਕਿੱਕਰਾਂ 'ਚ ਬੈਠੇ ਉੱਲੂਆਂ ਨੇ ਲੰਮੀ ਜਿਹੀ ਹੂਕ ਮਾਰ ਕੇ ਉਡਾਰੀ ਮਾਰ ਜਾਣਾ। ਹਨੇਰੀ ਰਾਤ ਦੇ ਸੀਨੇ ਬਲਦਾ ਭਾਂਬੜ ਠਰ ਜਾਣਾ, ਠੰਡੀ-ਠੰਡੀ ਹਵਾ ਨਾਲ਼ ਪੂਰਾ ਥਲ ਹੁਲਾਰੇ ਖਾਣ ਲੱਗ ਪੈਣਾ, ਅੰਬਰਾਂ 'ਤੇ ਚਮਕਦੇ ਤਾਰੇ ਵੇਖ ਕੇ ਇੰਝ ਲੱਗਣਾ ਜਿਵੇਂ ਰੋਹੀ ਵਿੱਚ ਥਾਂ-ਥਾਂ 'ਤੇ ਰੰਗ-ਬਿਰੰਗੇ ਫੁੱਲ ਖਿੜ ਪਏ ਨੇ ਤੇ ਉਹਨਾਂ ਫੁੱਲਾਂ ਦੀ ਸੱਜਰੀ ਖ਼ੁਸ਼ਬੂ ਨਾਲ ਪੂਰਾ ਸਹਿਰਾ ਮਹਿਕ ਗਿਆ ਹੈ।

28 ਅਗਸਤ 1958 ਦੀ ਰਾਤ ਵੀ ਇੱਕ ਇਹੋ ਜਿਹੀ ਰਾਤ ਹੀ ਸੀ ਜਦੋਂ ਉਦਾਸ ਕਿੱਕਰਾਂ ਦੀਆਂ ਟਹਿਣੀਆਂ ਠੰਡੀ ਹਵਾ ਦੇ ਝੋਕਿਆਂ ਨਾਲ਼ ਹੁਲਾਰੇ ਖਾ ਰਹੀਆਂ ਸਨ, ਬੱਦਲਾਂ 'ਚ ਡੁੱਬਿਆ ਚੰਨ ਛੇਤੀ ਮੁੜ ਆਉਣ ਦੀ ਨਵੀਦ ਦੇ ਰਿਹਾ ਸੀ। ਥਲ ਦਿਆਂ ਟਿੱਬਿਆਂ ਦੀ ਰੇਤ ਨੰਗੇ ਪੈਰਾਂ ਨੂੰ ਸ਼ਬਨਮ ਦੇ ਕਤਰਿਆਂ ਵਾਂਗੂੰ ਰਾਹਤ ਤੇ ਸਕੂਨ ਬਖ਼ਸ਼ ਰਹੀ ਸੀ ਕਿ ਬਹਾਵਲਨਗਰ ਦੀ ਤਹਿਸੀਲ ਚਿਸ਼ਤੀਆਂ ਵਿਚ ਸਈਅਦ ਘਰਾਣੇ ਅੰਦਰ ਚੰਨ ਦੀ ਸੂਰਤ ਦਾ ਇੱਕ ਨਿਆਣਾ ਜੰਮਿਆ, ਜਿਹਦੀਆਂ ਅੱਖਾਂ ਦੇ ਨੂਰ ਤੇ ਚਿਹਰੇ 'ਤੇ ਬਹਾਰ ਵੇਖਦਿਆਂ ਹੋਇਆਂ ਮਾਪਿਆਂ ਨੇ ਉਹਦਾ ਨਾਂ ਸਾਦ-ਉੱਲਾ-ਸ਼ਾਹ ਰੱਖਿਆ। ਸਾਦ-ਉੱਲਾ-ਸ਼ਾਹ ਨੇ ਮੁਢਲੀ ਤਾਲੀਮ ਚਿਸ਼ਤੀਆਂ ਸ਼ਹਿਰ 'ਚੋਂ ਹੀ ਹਾਸਿਲ ਕੀਤੀ। ਅਦਬੀ ਘਰਾਣੇ ਨਾਲ਼ ਤਾਅਲੁੱਕ ਤੇ ਸ਼ੁਰੂ ਤੋਂ ਹੀ ਸੀ ਉੱਤੋਂ ਅੰਗਰੇਜ਼ੀ ਲਿਟਰੇਚਰ ਵਿੱਚ ਮਾਸਟਰ ਕਰਕੇ ਗੌਰਮੈਂਟ ਇਸਲਾਮੀਆ ਕਾਲਜ ਗੁਜਰਾਂਵਾਲ਼ਾ ਬਤੌਰ ਲੈਕਚਰਾਰ ਮੁਲਾਜ਼ਮਤ ਕਰ ਲਈ ਤੇ

ਸ਼ਾਹ ਜੀ ਦੀਆਂ ਸੋਚਾਂ ਦੀਆਂ ਪਰਤਾਂ ਹੋਰ ਖੁੱਲ੍ਹਣ ਲੱਗ ਪਈਆਂ। ਅਦਬੀ ਦੁਨੀਆਂ 'ਚ ਪੈਰ ਰੱਖਿਆ ਤੇ ਸ਼ਾਹ ਜੀ ਨੇ ਆਲੇ-ਦੁਆਲੇ ਖਿਲਰੇ ਰੇਤ ਦਿਆਂ ਟਿੱਬਿਆਂ ਨੂੰ ਗ਼ੌਰ ਨਾਲ ਵੇਖਿਆ ਤੇ ਡਰ ਕੇ ਅੱਖਾਂ ਬੰਦ ਕਰ ਲਈਆਂ, ਪਰ ਥੋੜ੍ਹੀ ਹੀ ਦੇਰ ਮਗਰੋਂ ਖਰੇ ਕੀ ਖ਼ਿਆਲ ਆਇਆ, ਕਿਹੜੀ ਸੂਰਤ ਅੱਖਾਂ ਦੇ ਸਾਹਵੇਂ ਆਣ ਖਲੋਈ, ਕਿਹੜੀ ਸੋਚ ਉਂਗਲ ਫੜ ਕੇ ਹਵਾਵਾਂ 'ਚ ਲੈ ਗਈ ਕਿ ਸਾਰਾ ਮੰਜ਼ਰ ਨਿਖਰ ਗਿਆ। ਰੋਹੀ ਵਿੱਚ ਬਹਾਰ ਆ ਗਈ ਤੇ ਸ਼ਾਹ ਜੀ ਨੇ ਅੱਖਾਂ ਖੋਲ੍ਹੀਆਂ ਤੇ ਹੌਲ਼ੀ-ਹੌਲ਼ੀ ਗਾਉਣ ਲੱਗ ਪਿਆ:

ਮੌਸਮ ਤੇਰੇ ਆਵਣ ਨਾਲ਼
ਮੌਸਮ ਤੇਰੇ ਜਾਵਣ ਨਾਲ਼
ਬੰਦਾ ਕੱਲਾ ਰਹਿ ਜਾਂਦਾ
ਬਹੁਤੇ ਯਾਰ ਬਣਾਵਣ ਨਾਲ਼
ਪਹਿਲੀ ਗੱਲ ਵੀ ਨਹੀਂ ਰਹਿੰਦੀ
ਬਹੁਤੀ ਗੱਲ ਵਧਾਵਣ ਨਾਲ਼।

ਸ਼ਾਹ ਜੀ ਦੇ ਸ਼ੇਅਰਾਂ ਵਿੱਚ ਬੇਸਾਖਤਗੀ, ਬਰਜਸਤਗੀ, ਨਗਮਗੀਅਤ ਤੇ ਮਿੱਠਾਪਣ ਉਹਨਾਂ ਨੂੰ ਵਿਰਾਸਤ 'ਚ ਮਿਲਿਆ ਸੀ, ਹਬੀਬ-ਉੱਲਾ-ਸ਼ਾਹ ਤੇ ਨਸਰ-ਉੱਲਾ-ਸ਼ਾਹ ਇਸ ਖ਼ਾਨਦਾਨ ਦੇ ਵੱਡੇ ਸ਼ਾਇਰ ਸਨ, ਸ਼ਾਇਰ ਕੀ ਸਨ ਇੰਜ ਲੱਗਦਾ ਸੀ ਕਿ ਥਲ ਵਿੱਚ ਝਾੜੀਆਂ ਦੀ ਥਾਂ ਜਗ੍ਹਾ- ਜਗ੍ਹਾ ਰੰਗਲੇ ਫੁੱਲ ਖਿੜ ਪਏ ਹਨ। ਬਨਾਵਟੀ ਸ਼ਾਇਰਾਂ ਵਾਂਗੂੰ ਸ਼ੇਅਰਾਂ ਵਿੱਚ ਗੁੰਝਲਾ ਪਾਉਣ ਦੀ ਬਜਾਏ ਸ਼ਾਹ ਜੀ ਦਿਲ ਦੀ ਗੱਲ ਆਪਣੇ ਹੀ ਅੰਦਾਜ਼ 'ਚ ਕਰਦਾ ਹੈ। ਉਹ ਰੋਹੀ ਦੇ ਕਿੱਕਰਾਂ ਦੇ ਕੋਲ਼ ਖਲੋ ਕੇ ਅੰਬਰਾਂ ਦੇ ਰੰਗ ਵੇਖਦਾ ਹੈ ਤੇ ਜ਼ੋਰ ਜ਼ੋਰ ਦੀ ਆਖਦਾ ਹੈ ਕਿ:

ਕਦੀ ਪਿਆਰ ਦੀ ਸ਼ਕਲ ਉਭਾਰ ਤੇ ਸਹੀ
ਜ਼ਰਾ ਆਪਣੇ ਰੰਗ ਖਲਾਰ ਤੇ ਸਹੀ
ਭਾਵੇਂ ਡੁੱਬ ਜਾਈਏ ਭਾਵੇਂ ਤਰ ਜਾਈਏ
ਸਾਨੂੰ ਝੀਲਾਂ ਵਿੱਚ ਉਤਾਰ ਤੇ ਸਹੀ
ਸਾਡੇ ਜੌਹਰ ਆਪ ਹੀ ਖੁੱਲ੍ਹਣਗੇ
ਤੂੰ ਸਾਨੂੰ ਕਦੀ ਪੁਕਾਰ ਤੇ ਸਹੀ
ਅਸਾਂ ਕੁਝ ਵੀ ਨਹੀਂ ਅਸਾਂ ਕੰਡੇ ਹਾਂ
ਸਾਨੂੰ ਫੁੱਲਾਂ ਸੰਗ ਸੰਵਾਰ ਤੇ ਸਹੀ।

ਸ਼ਾਹ ਜੀ ਇਸ ਥਲ ਦੀ ਗਰਮੀ ਤੋਂ ਘਬਰਾਉਂਦਾ ਨਹੀਂ ਹੈ, ਨਾ ਹੀ ਰੋਹੀ ਦੇ ਡਰਾਵਣੇ ਕਿੱਕਰ ਉਸ ਦੇ ਹੌਂਸਲਿਆਂ ਨੂੰ ਤੋੜਦੇ ਨੇ ਤੇ ਨਾ ਹੀ ਥਲ ਦਿਆਂ ਟਿੱਬਿਆਂ ਦੀ ਹੈਬਤ ਉਸ ਦੀ ਉਡਾਨ ਨੂੰ ਡੱਕਦੀ ਹੈ। ਇਹੋ ਗੱਲ ਸੀ ਕਿ ਸ਼ਾਹ ਜੀ ਨੇ ਸੀਨਾ

ਤਾਣ ਕੇ ਰਸਤੇ ਦੀਆਂ ਸਭੇ ਔਖਤਾਂ ਨੂੰ ਲਲਕਾਰਿਆ:

ਪਹਿਲਾਂ ਬੱਦਲ ਬਣਿਆ ਸਾਂ ਪਰ
ਹੁਣ ਮੈਂ ਛੱਟ ਕੇ ਸੋਚ ਰਿਹਾ ਵਾਂ
ਦੁਸ਼ਮਣ ਵੱਡਾ ਹੈ ਤੇ ਕੀ ਹੈ
ਮੈਂ ਕਿਉਂ ਘਟ ਕੇ ਸੋਚ ਰਿਹਾ ਵਾਂ
ਸਿਰ ਦਾ ਮਸਲਾ ਆਇਆ ਤੇ ਹੁਣ
ਕਿਉਂ ਸਿਰ ਸਟ ਕੇ ਸੋਚ ਰਿਹਾ ਵਾਂ।

ਭਖਦੇ ਸੂਰਜ ਦੀ ਅੱਗ ਥੱਲੇ ਸੜਦੇ ਟਿੱਬਿਆਂ 'ਤੇ ਨੱਸਾਂਗੇ ਤੇ ਪੈਰ ਤੇ ਸੜਣਗੇ। ਫੁੱਲਾਂ ਜਿਹੇ ਪਿੰਡੇ ਕੁਮਲਾਉਣਗੇ ਨਹੀਂ ਤੇ ਹੋਰ ਕੀ ਹੋਏਗਾ? ਇਸ ਲਈ ਪੂਰੇ ਜ਼ੋਰ ਨਾਲ਼ ਵੇਲੇ ਦੇ ਨਾਲ਼-ਨਾਲ਼ ਨੱਸਣ ਵਾਲ਼ਾ ਸ਼ਾਹ ਜੀ ਵੀ ਕਦੀ-ਕਦੀ ਮਾਯੂਸੀ ਦੇ ਭਾਰੇ ਸੰਗਲਾਂ 'ਚ ਫਸ ਜਾਂਦਾ ਹੈ ਤੇ ਹੌਲੀ ਜਿਹੀ ਆਖਦਾ ਹੈ ਕਿ:

ਜਿਹੜੇ ਦੁੱਖ ਵੰਡਾਵਣ ਆਏ
ਦੇ ਗਏ ਨੇ ਕੁਝ ਹੋਰ
ਅੱਖਾਂ ਦੇ ਵਿੱਚ ਜੰਗਲ ਨੱਚੇ
ਪੈਲਾਂ ਪਾਵੇ ਮੋਰ
ਚੁੱਪ ਚੁਪੀਤੇ ਤੱਕੀ ਜਾਈਏ
ਵੇਲੇ ਦੀ ਅਸਾਂ ਟੋਰ
ਸ਼ਾਹ ਜੀ ਇੰਜੀ ਟੁੱਟ ਜਾਣੀ ਹੈ
ਆਪਣੇ ਸਾਹ ਦੀ ਡੋਰ।

ਸ਼ਾਹ ਜੀ ਮਾਯੂਸੀ ਦੀਆਂ ਜ਼ੰਜੀਰਾਂ ਤੋੜ ਕੇ ਇੱਕ ਵਾਰੀ ਫਿਰ ਨੱਸਣ ਦੀ ਕੋਸ਼ਸ਼ ਕਰਦਾ ਹੈ। ਆਪਣੇ ਵਜੂਦ ਦਾ ਸਾਰਾ ਜ਼ੋਰ ਇਕੱਠਾ ਕਰਕੇ ਫਿਰ ਨੱਸਣ ਦੀ ਕੋਸ਼ਿਸ਼ ਕਰਦਾ ਹੈ। ਪਿੰਜਰੇ 'ਚ ਫਸੇ ਕਬੂਤਰ ਤਰ੍ਹਾਂ ਆਪਣੇ ਪਰ ਫੜਫੜਾਉਂਦਾ ਹੈ, ਥੋੜ੍ਹੀ ਦੇਰ ਰੁਕ ਕੇ ਸਾਹ ਲੈਂਦਾ ਹੈ ਤੇ ਸੋਚਦਾ ਹੈ ਕਿ:

ਅਸਾਂ ਨੱਸ ਕੇ ਕਿੱਥੇ ਜਾਣਾ ਹੈ
ਅਸਾਂ ਚਾਰੇ ਪਾਸੋਂ ਘਿਰ ਗਏ ਹਾਂ
ਅਸਾਂ ਅਸਮਾਨਾਂ 'ਤੇ ਉੱਡਣਾ ਸੀ
ਅਸਾਂ ਨਜ਼ਰਾਂ ਵਿੱਚੋਂ ਗਿਰ ਗਏ ਹਾਂ।

ਮਾਯੂਸੀ ਦੇ ਹਨੇਰਿਆਂ 'ਚ ਘਿਰੇ ਸਾਦ-ਉੱਲਾ-ਸ਼ਾਹ ਨੂੰ ਸੋਚਾਂ ਆਣ ਘੇਰਦੀਆਂ ਨੇ ਕਿ ਆਖ਼ਰ ਗੱਲ ਕੀ ਹੋਈ? ਅੰਬਰਾਂ 'ਚ ਉੱਡਣ ਦੇ ਖ਼ਾਬ ਲੈ ਕੇ ਨਿਕਲਣ ਵਾਲੀ ਹਿਯਾਤੀ ਝਾੜੀਆਂ 'ਚ ਲੁਕੇ ਸ਼ਿਕਾਰੀਆਂ ਦੇ ਕਾਬੂ ਕਿਵੇਂ ਆ

ਗਈ ? ਉਹ ਅੱਖਾਂ ਨੂਟੀ ਸੋਚਦਾ ਰਿਹਾ, ਸੋਚਦਾ ਰਿਹਾ ਆਖ਼ਰ ਕਿਸੇ ਖ਼ਿਆਲ ਨੇ ਉਹਨੂੰ ਸਿਰੇ ਲਾ ਦਿੱਤਾ। ਉਹ ਇਕਦਮ ਪੱਥਰ ਵਾਂਗੂੰ ਸਾਕਤ ਹੋ ਜਾਂਦਾ ਹੈ ਤੇ ਕੰਡਿਆਲੀ ਥੋਰ੍ਹ 'ਚ ਫਸੀ ਹਿਯਾਤੀ ਦਾ ਰਾਜ਼ ਦਸਦੇ ਹੋਏ ਆਖਦਾ ਹੈ ਕਿ:

ਸਾਡੇ ਹੱਥੋਂ ਸਭ ਦਾ ਖ਼ੂਨ ਹੋਇਆ
ਸਾਨੂੰ ਆਦਮ ਜਾਤ ਨਾ ਆਖੋ ਹੁਣ
ਅਸਾਂ ਰੱਬ ਦੇ ਮੁਨਕਰ ਹੋ ਗਏ ਹਾਂ
ਅਸਾਂ ਆਪਣੇ ਆਪ ਨੂੰ ਭੁੱਲ ਗਏ ਹਾਂ।

ਸ਼ਾਹ ਜੀ ਨੂੰ ਹਿਯਾਤੀ ਦੀ ਗੱਲ ਸਮਝ ਆ ਗਈ ਤੇ ਉਹਦੀ ਹਿੰਮਤ ਤਾਕਤ ਹੋਰ ਵਧ ਗਈ। ਉਹਨੇ ਆਪਣਾ ਸਫ਼ਰ ਹੋਰ ਤੇਜ਼ ਕਰ ਦਿੱਤਾ। ਉਹ ਪੈਂਡੇ ਕੱਟਦਾ ਰਿਹਾ, ਟੁਰਦਾ ਰਿਹਾ ਤੇ ਆਖ਼ਰ ਅੱਗੇ ਨਿਕਲ ਗਿਆ। ਸ਼ਾਹ ਜੀ ਬਹਾਵਲਨਗਰ ਦੇ ਟਿੱਬਿਆਂ ਨੂੰ ਸ਼ਿਕਸਤ ਦੇ ਕੇ ਬਹੁਤ ਦੂਰ ਨਿਕਲ ਗਿਆ। ਉਹ ਕੰਡਿਆਲੀ ਥੋਰ੍ਹ ਦੇ ਆਲੇ-ਦਵਾਲੇ ਖਿੜੇ ਫੁੱਲਾਂ ਦੀ ਖ਼ੁਸ਼ਬੂ ਬਣ ਕੇ ਕਈ ਇਲਾਕਿਆਂ 'ਚ ਫੈਲ ਗਿਆ। ਸ਼ਾਇਰੀ ਸ਼ਾਹ ਜੀ ਦੇ ਲਹੂ ਵਿੱਚ ਸ਼ਾਮਿਲ ਸੀ। ਨਿੱਕੇ ਹੁੰਦਿਆਂ ਤੋਂ ਆਪਣੇ ਦਾਦਾ ਸਈਅਦ ਹਬੀਬ-ਉੱਲਾ-ਸ਼ਾਹ ਨਾਲ਼ ਜਾ ਕੇ ਮੁਸ਼ਾਇਰੇ ਸ਼ਿਰਕਤ ਕਰਦੇ ਸਨ। ਉਹਨਾਂ ਦੇ ਖ਼ਾਨਦਾਨ 'ਚ ਸ਼ੇਅਰੋ ਅਦਬ ਨਾਲ਼ ਜੁੜਤ ਰੱਖਣ ਵਾਲਿਆਂ 'ਚ ਉਹਨਾਂ ਦੇ ਵਾਲਿਦ ਮੁਹਤਰਮ ਹਸਨ ਨਸਰ-ਉੱਲਾ ਸ਼ਾਹ ਤੇ ਦਾਦਾ ਜਾਨ ਹਬੀਬ-ਉੱਲ-ਸ਼ਾਹ ਤਲਵੰਡੀ ਦੇ ਨਾਲ਼-ਨਾਲ਼ ਉਹਨਾਂ ਦੀ ਫੁੱਫੀ ਸੱਯਦਾ ਨੁਸਰਤ ਤਾਹਿਰਾ, ਭਾਈ ਸਨਾ-ਉੱਲਾ-ਸ਼ਾਹ ਤੇ ਭੈਣ ਸੱਯਦਾ ਮੁਸੱਰਤ ਫਾਤਮਾ ਸ਼ਾਮਿਲ ਹਨ। ਸਾਦ-ਉੱਲਾ-ਸ਼ਾਹ ਨੇ ਉਰਦੂ, ਪੰਜਾਬੀ ਤੇ ਅੰਗਰੇਜ਼ੀ ਜ਼ੁਬਾਨ ਦੇ ਅਦਬ ਨੂੰ ਹੁਣ ਤੱਕ ਸ਼ਾਇਰੀ ਤੇ ਨਸਰ ਵਿੱਚ ਕਲਮ ਨਗਾਰੀ ਦੀਆਂ ਲਗਭਗ 52 ਕਿਤਾਬਾਂ ਦਿੱਤੀਆਂ ਹਨ ਤੇ ਹਾਲੀ ਕਈ ਕਿਤਾਬਾਂ ਛਾਪੇ ਚੜ੍ਹਨ ਦੀਆਂ ਉਡੀਕਣ ਹਾਰ ਨੇ। ਇਸ ਤੋਂ ਅੱਡ 12 ਦੇ ਕਰੀਬ ਕਿਤਾਬਾਂ ਮੁਖ਼ਤਲਿਫ਼ ਅਦੀਬਾਂ ਨੇ ਸ਼ਾਹ ਜੀ ਦੇ ਫਨ ਤੇ ਉਹਦੇ ਕਲਾਮ ਦੀ ਚੋਣ ਦੀ ਸ਼ਕਲ 'ਚ ਛਾਪੀਆਂ ਹਨ। ਸ਼ਾਹ ਜੀ ਨੇ ਪੰਜਾਬੀ ਅਦਬ ਨੂੰ ਹੁਣ ਤੀਕਰ ਛੇ ਕਿਤਾਬਾਂ ਦਿੱਤੀਆਂ ਹਨ, ਜਿਨ੍ਹਾਂ ਵਿੱਚ ਮੋਰਾਂ ਵਾਂਗਰ ਨੱਚਦੀਆਂ ਗਜ਼ਲਾਂ, ਫੁੱਲਾਂ ਵਾਂਗਰ ਮਹਿਕਦੀਆਂ ਨਜ਼ਮਾਂ ਤੇ ਜਜ਼ਬਿਆਂ ਨੂੰ ਛੇੜਦੇ ਗੀਤ ਸ਼ਾਮਿਲ ਹਨ। ਸ਼ਾਹ ਜੀ ਦੀਆਂ ਪੰਜਾਬੀ ਕਿਤਾਬਾਂ 'ਚ "ਵੱਖਰੀ ਚੁੱਪ", "ਢਲਦੇ ਮੰਜ਼ਰ", "ਮੌਸਮ ਤੇਰੇ ਆਵਣ ਨਾਲ਼", "ਸ਼ਹਿਰ ਖ਼ੁਦਾਵਾਂ ਦਾ", "ਮੁੱਖੜਾ" ਤੇ "ਸਾਨੂੰ ਸੁਫ਼ਨੇ ਮਾਰ ਗਏ" ਸ਼ਾਮਿਲ ਹਨ ਤੇ ਇਕ ਕਿਤਾਬ ਹੋਰ "ਤੇਰੇ ਨਾਲ ਮੁਹੱਬਤਾਂ ਕਾਹਦੀਆਂ" ਉਹਨਾਂ ਦੇ ਕੁੱਲ ਕਲਾਮ ਦੀ ਸ਼ਕਲ 'ਚ ਛਾਏ ਹੋਈ ਹੈ। ਸਾਦ-ਉੱਲਾ-ਸ਼ਾਹ ਦਾ ਪਹਿਲਾ ਪੇਸ਼ਾ ਲੈਕਚਰਾਰ ਦਾ ਸੀ ਤੇ ਅੰਗਰੇਜ਼ੀ ਦੇ ਉਸਤਾਦ ਦੀ ਹੈਸੀਅਤ ਨਾਲ਼ ਉਹਨੇ ਪੜ੍ਹਿਆਰਾਂ ਨੂੰ ਅੰਗਰੇਜ਼ੀ ਅਦਬ ਦੀ ਤਾਲੀਮ ਦਿੱਤੀ।

ਇਹਦੇ ਨਾਲ਼-ਨਾਲ਼ ਉਹ ਰੇਡੀਓ, ਅਖ਼ਬਾਰ ਤੇ ਟੈਲੀਵਿਜ਼ਨ ਲਈ ਆਪਣੀਆਂ ਖ਼ਿਦਮਾਤ ਪੇਸ਼ ਕਰਦਾ ਰਿਹਾ। ਸ਼ਾਹ ਜੀ ਨੇ 1998 ਤੋਂ 2000 ਤੀਕ "ਪੂਨਮਾ" ਰੋਜ਼ਨਾਵਾਂ ਦਿਨ ਵਿੱਚ ਕਾਲਮ ਨਗਾਰੀ ਕੀਤੀ। 2001 ਵਿੱਚ "ਨਵਾਏ" ਵਕਤ ਨਾਲ ਜੁੜਤ ਕਰ ਲਈ ਜਿੱਥੇ ਸ਼ਾਹ ਜੀ ਨੇ ਕੋਈ 10 ਸਾਲ ਤੱਕ ਆਪਣੀਆਂ ਖ਼ਿਦਮਾਤ ਦਿੱਤੀਆਂ। ਰੋਜ਼ਨਾਵਾਂ "ਦੁਨੀਆਂ" ਦੇ ਅਦਬੀ ਆਡੀਸ਼ਨ ਨੂੰ ਵਕਤ ਦਿੰਦਾ ਰਿਹਾ। ਸ਼ਾਹ ਜੀ ਦੀਆਂ ਅਦਬੀ ਖ਼ਿਦਮਾਤ ਤੇ ਢੇਰਾਂ ਐਵਾਰਡਜ਼ ਦਿੱਤੇ ਗਏ, ਜਿਨ੍ਹਾਂ ਵਿੱਚ ਮੈਕਸਮ ਵੱਲੋਂ ਬਿਹਤਰੀਨ ਡਾਕੂਮੈਂਟਰੀ ਐਵਾਰਡ, ਬੋਲਾਨ ਅਕੈਡਮੀ ਵੱਲੋਂ 1997 'ਚ ਬਿਹਤਰੀਨ ਸ਼ਾਇਰੀ ਦਾ ਐਵਾਰਡ ਸ਼ਾਮਿਲ ਹਨ। ਸ਼ਾਹ ਜੀ ਨੇ ਪੰਜਾਬੀ ਪੜ੍ਹਿਆਰਾਂ ਨੂੰ ਇੱਕ ਬਿਹਤਰੀਨ ਗੀਤਾਂ ਦੀ ਕਿਤਾਬ "ਮੁਖੜਾ" ਦਿੱਤੀ, ਜਿਹਦੇ ਕਈ ਗੀਤ ਗਾਇਕੀ ਰਾਹੀਂ ਪੇਸ਼ ਕੀਤੇ ਗਏ। ਨਿੱਕੀ ਜਿੰਨੀ ਹਿਯਾਤੀ ਵਿੱਚ ਪਹਾੜਾਂ ਜਿੰਨਾ ਕੰਮ ਕਰਨ ਤੋਂ ਬਾਅਦ ਵੀ ਸ਼ਾਹ ਜੀ ਆਪਣੇ ਕਮਰੇ 'ਚ ਬੈਠਾ ਸੋਚਾਂ ਦੀ ਦੀਵਾਰ 'ਤੇ ਟੰਗੀ ਇੱਕ ਤਸਵੀਰ ਨਾਲ਼ ਗੱਲਾਂ ਕਰਦਿਆਂ ਆਖ ਰਿਹਾ ਹੈ ਕਿ:

ਤੇਰਾ ਮੇਰਾ ਜੋੜ ਵੀ ਕੀ ਸੀ
ਪਰ ਇਸ ਇਸ਼ਕ ਦਾ ਤੋੜ ਵੀ ਕੀ ਸੀ
ਲੋਕਾਂ ਦਾ ਵੀ ਹਾਸਾ ਬਣਿਆ
ਇੰਜ ਰੋਵਣ ਦੀ ਲੋੜ ਵੀ ਕੀ ਸੀ।

ਸ਼ਾਹ ਜੀ ਨੇ ਮਾਰਚ 2017 ਨੂੰ ਰੋਜ਼ਨਾਵਾਂ "ਦਿਨ" ਨੂੰ ਛੱਡ ਕੇ "92 ਨਿਊਜ਼" ਅਖ਼ਬਾਰ ਜੁਆਇਨ ਕਰ ਲਿਆ ਹੈ। ਸ਼ਾਹ ਜੀ ਨੇ ਸਰਕਾਰੀ ਮੁਲਾਜ਼ਮਤ ਤੋਂ ਵੀ ਰਿਟਾਇਰਮੈਂਟ ਲੈ ਲਈ ਹੈ ਤੇ ਅੱਜ-ਕੱਲ੍ਹ ਲਾਹੌਰ ਸ਼ਹਿਰ 'ਚ ਹੀ ਰਹਿ ਰਹੇ ਨੇ ਤੇ ਸਾਲ 'ਚ ਇਕ ਅੱਧੀ ਵਾਰੀ ਆਪਣੇ ਅਬਾਈ ਸ਼ਹਿਰ ਚਿਸ਼ਤੀਆਂ ਆਣ ਕੇ ਇੱਕ ਭਰਵਾਂ ਮੁਸ਼ਇਰਾ ਵੀ ਕਰਵਾਉਂਦੇ ਹਨ ਤਾਂ ਕਿ ਬਹਾਵਲਨਗਰ ਤੇ ਉਹਦੇ ਵਸਨੀਕਾਂ ਦੀ ਮੁਹੱਬਤ ਦਿਲਾਂ 'ਚ ਕਾਇਮ ਰਹੇ ਤੇ ਉਹ ਆਪਣੀ ਮਾਂ ਵਰਗੀ ਧਰਤੀ ਨਾਲ਼ ਜੁੜਿਆ ਰਹੇ।

ਰੱਬ ਕਰੇ ਸ਼ਾਹ ਜੀ ਹਮੇਸ਼ਾ ਸ਼ਾਦ ਰਹਿਣ।

□□□

# ਉਰਦੂ ਸ਼ਬਦਾਂ ਦੇ ਪੰਜਾਬੀ ਅਰਥ

1. ਨਿਸ਼ਸ਼ਤ – ਇਕ ਵਾਰ 'ਚ
2. ਬਰਜਸਤਗੀ– ਰਵਾਨੀ
3. ਬੇਸਾਖ਼ਤਗੀ– ਇਕਦਮ ਆਇਆ ਖ਼ਿਆਲ
4. ਤਾਬੀਰ–ਅੰਦਾਜ਼ਾ
5. ਤਸੁੱਬਫ਼–ਸੂਫੀਆਂ ਨੂੰ ਪੜ੍ਹਨਾ
6. ਕਾਦੂਲ– ਲਿਖਣ 'ਚ ਮਾਹਿਰ
7. ਸਾਇਸ਼ਤਗੀ–ਖ਼ੂਬਸੂਰਤ ਤਰੀਕੇ ਨਾਲ਼ ਵਰਤਿਆ ਸ਼ਬਦ
8. ਮਾਰੂਫ–ਮਸ਼ਹੂਰ
9. ਸਿਨਫ਼–ਵਿਧਾਵਾਂ
10. ਇਸਾਤਜਾਹ–ਉਸਤਾਦ
11. ਹਿਸਾਰ–ਬੁੱਕਲ
12. ਮਜ਼ਮੂਆਂ–ਮੁਕੰਮਲ ਕਿਤਾਬ
13. ਮੁਸੱਦਸ–ਸ਼ੇਅਰੀ ਸਿਨਫ਼
14. ਜ਼ਖਾਮਤ–ਮੋਟਾਈ
15. ਮੁਤਾਰਿਫ਼–ਜਾਣਕਾਰੀ ਦੇਣਾ
16. ਜਨੂਬੀ–ਦੱਖਣੀ ਪਾਸਾ
17. ਬੇਸਾਖ਼ਤਾ–ਅਚਾਨਕ
18. ਤਨਕੀਦ–ਆਲੋਚਨਾ
19. ਤਹਿਕੀਕੀ ਮੁਤਾਲੇ–ਖੋਜ–ਪੱਤਰ
20. ਮੁਆਸ਼ਰੇ–ਸਮਾਜਿਕ
21. ਨੋਹੇ–ਵੈਣ
22. ਤਦਰੀਸੀ ਫਰਾਇਜ–ਪੜ੍ਹਾਉਣ ਦੀ ਜ਼ਿੰਮੇਵਾਰੀ
23. ਤਖ਼ਲੀਕ–ਸਿਰਜਣਾ
24. ਮਰਹਲਾ–ਕਿਸ਼ਤਵਾਰ
25. ਤਕਰੀਮ–ਇੱਜ਼ਤ ਦੇਣਾ
26. ਮਜ਼ਾਮੀਨ–ਵਿਸ਼ਾ
27. ਮੁਨਾਫ਼ਕਤ–ਧੋਖਾ ਦੇਣ ਵਾਲ਼ਾ
28. ਮੁਹੱਕਿਕ–ਖੋਜਕਾਰ
29. ਦਰਬਸਤਦਾਰ–ਅਸਤੀਫਾ ਦੇਣਾ

30. ਮੁਤਾਸਿਰ–ਪ੍ਰੇਰਿਤ ਹੋਣਾ
31. ਰਾਕਿਮ–ਲਿਖਣ ਵਾਲ਼ਾ
32. ਸਮਾਤ–ਸੁਣਨਾ
33. ਗੌਲ–ਡਾਰ
34. ਖੁਸ਼ਾਦਾ–ਖੁੱਲ੍ਹਾ
35. ਨਾਮ ਨਿਹਾਦ–ਬਨਾਵਟੀ
36. ਬਾਵਕਾਰ–ਆਪਣੇ–ਆਪ ਨੂੰ ਮਸ਼ਹੂਰ ਸਮਝਣ ਵਾਲ਼ਾ
37. ਮੁਸ਼ਤਾਮਿਲ–ਜਿਸ ਨਾਂ ਤੋਂ ਕੋਈ ਚੀਜ਼ ਮਸ਼ਹੂਰ ਹੋਵੇ
38. ਹਿਕਮਤ–ਸਿਆਣਪਤ
39. ਫੈਜ਼ੇਆਬ–ਕਿਸੇ ਚੀਜ਼ ਤੋਂ ਫ਼ਾਇਦਾ ਹਾਸਿਲ ਕਰਨਾ
40. ਆਜ਼ਜ਼ੀ–ਮਿਟਿਆ ਹੋਇਆ
41. ਤਸ਼ਬੀਹ–ਤੁਲਨਾ ਕਰਨਾ
42. ਤਲਮੀਹ–ਪੁਰਾਣੀ ਗੱਲ ਨੂੰ ਕਿੱਸੇ ਨਾਲ਼ ਜੋੜਨਾ
43. ਅਲਾਮਤਾਂ–ਚਿੰਨ੍ਹ ਵਰਤਣਾ
44. ਨੋਟੀ–ਘੁੱਟ ਕੇ ਬੰਦ ਕਰਨਾ
45. ਗਾਫ਼ਿਲ–ਪਤਾ ਨਾ ਹੋਣਾ
46. ਨੱਕਾਦ–ਆਲੋਚਕ
47. ਬੇਹੰਗਮ–ਸਮਝ ਨਾ ਆਉਣ ਵਾਲ਼ਾ ਬੇਤਹਾਸ਼ਾ ਸ਼ੋਰ
48. ਅਸਲੂਬ–ਅੰਦਾਜ਼
49. ਇਦਰਾਕ–ਕਿਸੇ ਚੀਜ਼ ਬਾਰੇ ਜਾਨਣਾ
50. ਤਨਕੀਦੀ–ਆਲੋਚਨਾਤਮਕ
51. ਰਮਜ਼ੀਅਤ–ਗੁੰਝਲਾਂ
52. ਇਸ਼ਤਿਆਰੇ–ਤੁਲਨਾ ਕਰਨਾ
53. ਇਸਰਾਰ–ਜ਼ਿੱਦ ਕਰਨਾ
54. ਨੁਮਾਇਆ–ਪੇਸ਼ ਕਰਨਾ
55. ਯਾਸੀਅਤ–ਮਾਯੂਸੀ
56. ਤਨਜ਼ੀਮਾਂ–ਸੰਗਠਨ
57. ਸ਼ਹਾਫ਼ਤ–ਪੱਤਰਕਾਰ
58. ਇਹਤਮਾਦ–ਵਿਸ਼ਵਾਸਯੋਗ
59. ਤਗੱਜ਼ੁਲ–ਮਿਠਾਸ ਭਰਿਆ
60. ਤਖੱਲੁਸ–ਕਲਮੀ ਨਾਂ



**ਸ.ਗੀਰ ਤਬੱਸੁਮ**

ਸ.ਗੀਰ ਤਬੱਸੁਮ ਦੁਆਰਾ ਲਿਖੀ ਵਾਰਤਕ ਦੀ ਪੁਸਤਕ 'ਕੂਕ ਸਰਹੱਦੋਂ ਪਾਰ ਦੀ' ਲਹਿੰਦੇ ਪੰਜਾਬ ਵੱਲੋਂ ਚੜ੍ਹਦੇ ਪੰਜਾਬ ਨੂੰ ਦਿੱਤਾ ਗਿਆ ਨਾਯਾਬ ਤੋਹਫ਼ਾ ਹੈ ਅਤੇ ਇਸ ਤੋਹਫ਼ੇ ਦਾ ਮਾਧਿਅਮ ਬਣੀ ਹੈ-ਸੁਖਮੰਦਰ ਕੌਰ। ਸ.ਗੀਰ ਤਬੱਸੁਮ ਦਾ ਸਬੰਧ ਪੰਜਾਬ ਦੇ ਵੱਡੇ ਜ਼ਿਲ੍ਹੇ ਬਹਾਵਲਨਗਰ ਨਾਲ ਹੈ। ਇਸ ਖੇਤਰ ਦੇ ਅਦਬ ਦੀ ਇਕ ਆਪਣੀ ਵਿਰਾਸਤ ਹੈ। ਇਸ ਖੇਤਰ ਦਾ ਸਬੰਧ ਚਿਸਤੀ ਸੰਪਰਦਾਇ ਨਾਲ ਸਬੰਧਤ ਸੂਫੀ ਸ਼ੇਖ ਖਵਾਜਾ ਤਾਜੁਦੀਨ ਚਿਸ਼ਤੀ ਨਾਲ ਹੈ ਜੋ ਪੰਜਾਬੀ ਅਦਬ ਦੇ ਪਿਤਾਮਾ ਦੇ ਤੌਰ 'ਤੇ ਜਾਣੇ ਜਾਂਦੇ ਸ਼ੇਖ ਫਰੀਦ-ਉਦ-ਦੀਨ ਗੰਜਸ਼ਕਰ ਦਾ ਪੋਤਾ ਸੀ। ਸਦੀਆਂ ਤੋਂ ਪੰਜਾਬੀ ਅਦਬ ਨਾਲ ਸਿੰਜੀ ਇਸ ਵਿਰਾਸਤੀ ਧਰਤੀ ਦਾ ਵਸਨੀਕ ਸ.ਗੀਰ ਤਬੱਸੁਮ ਲਹਿੰਦੇ ਪੰਜਾਬ ਦਾ ਮਕਬੂਲ ਸ਼ਾਇਰ ਹੈ। ਇਸ ਪੁਸਤਕ ਤੋਂ ਪਹਿਲਾਂ ਵੀ ਉਸ ਦੀ ਸ਼ਾਇਰੀ ਦੀ ਇਕ ਪੁਸਤਕ 'ਹੋਰ ਮੁਹੱਬਤ ਨਈਂ ਕਰਨੀ' ਸ਼ਾਹਮੁਖੀ ਤੋਂ ਗੁਰਮੁਖੀ ਵਿਚ ਲਿਪੀਆਂਤਰਿਤ ਹੋ ਚੁੱਕੀ ਹੈ। ਹੱਥਲੀ ਪੁਸਤਕ ਉਸ ਦੀ ਵਾਰਤਕ ਦੀ ਪੁਸਤਕ ਹੈ, ਜਿਸ ਵਿਚ ਉਸ ਨੇ ਬਹਾਵਲਪੁਰ ਇਲਾਕੇ ਦੇ 25 ਦੇ ਕਰੀਬ ਸ਼ਾਇਰਾਂ ਦੇ ਸ਼ਬਦ ਚਿਤਰ ਲਿਖੇ ਹਨ। ਲਹਿੰਦੇ ਪੰਜਾਬ ਦੀ ਠੇਠ ਪੰਜਾਬੀ ਨੂੰ ਸੂਫੀ ਦਰਸ਼ਨ ਦੀਆਂ ਛੂਹਾਂ ਦੇ ਕੇ ਜਿਸ ਰੌਚਕ ਅਤੇ ਲਿਸ਼ਕਵੇਂ-ਪੁਸ਼ਕਵੇਂ ਅੰਦਾਜ਼ ਵਿਚ ਉਸ ਨੇ ਪੇਸ਼ ਕੀਤਾ ਹੈ, ਉਹ ਬਾਕਮਾਲ ਹੈ। ਉਹ ਪਾਠਕ ਨੂੰ ਉਂਗਲ ਫੜ੍ਹ ਕੇ ਨਾਲ ਤੋਰ ਲੈਂਦਾ ਹੈ ਅਤੇ ਫਿਰ ਏਨਾ ਕੁ ਰਵਾਂ ਕਰ ਲੈਂਦਾ ਹੈ ਕਿ ਉਹ ਉਂਗਲ ਅਖੀਰ ਤੀਕ ਛੁਟਦੀ ਨਹੀਂ। ਵਧੀਆ ਸ਼ਬਦ ਚਿਤਰਕਾਰ ਉਹ ਹੁੰਦਾ ਹੈ ਜਿਸ ਦੁਆਰਾ ਚਿਤਰੇ ਵਿਅਕਤੀ ਬਾਰੇ ਹੋਰ ਜਾਣਨ ਅਤੇ ਪੜ੍ਹਨ ਦੀ ਲਾਲਸਾ ਪੈਦਾ ਹੋਵੇ ਤੇ ਸ.ਗੀਰ ਤਬੱਸੁਮ ਆਪਣੇ ਪਾਠਕ ਅੰਦਰ ਉਹ ਲਾਲਸਾ ਪੈਦਾ ਕਰਦਾ ਹੈ।

ਸੁਖਮੰਦਰ ਕੌਰ ਦੀ ਸ਼ਖਸੀਅਤ ਵੀ ਬਹੁਤ ਅਲਬੇਲੀ ਹੈ। ਉਹ ਇਕ ਅਧਿਆਪਕਾ ਹੈ, ਉਹ ਇਕ ਕੈਲੀਗ੍ਰਾਫਰ ਹੈ, ਉਹ ਇਕ ਚਿਤਰਕਾਰ ਹੈ, ਉਹ ਇਕ ਵਾਰਤਕਕਾਰ ਹੈ ਅਤੇ ਇਸ ਪੁਸਤਕ ਦੇ ਰੂਪ ਵਿਚ ਉਹ ਇਕ ਲਿਪੀਆਂਤਰਕਾਰ ਵੀ ਹੈ। ਮੈਨੂੰ ਇਹ ਲਗਦਾ ਕਿ ਇਹਨਾਂ ਸਾਰਿਆਂ ਤੋਂ ਵੱਧ ਉਹ ਇਕ ਜਨੂੰਨੀ ਹੈ ਕਿਉਂਕਿ ਬ.ਗੈਰ ਜਨੂੰਨ ਦੇ ਕੋਈ ਬੰਦਾ ਇੱਕੋ ਵੇਲੇ ਏਨਾ ਕੁਝ ਨਾ ਸੋਚਦਾ ਹੈ ਤੇ ਨਾ ਕਰਦਾ ਹੈ। ਪਤਾ ਨਹੀਂ ਕਿਵੇਂ ਉਸ ਨੇ ਸ.ਗੀਰ ਤਬੱਸੁਮ ਨੂੰ ਜਾਣਿਆ, ਪੜ੍ਹਿਆ, ਮਾਣਿਆ, ਫੇਰ ਸ਼ਾਹਮੁਖੀ ਸਿੱਖੀ, ਸ਼ਬਦ-ਸ਼ਬਦ ਕਰਕੇ ਲਿਪੀਆਂਤਰਨ ਕੀਤਾ ਅਤੇ ਫੇਰ ਸ.ਗੀਰ ਨਾਲ ਕਈ ਬੈਠਕਾਂ ਕਰਕੇ ਇਸ ਨੂੰ ਸੋਧਿਆ ਅਤੇ ਖਰੜਾ ਮੇਰੇ ਹੱਥਾਂ ਵਿਚ ਸੌਂਪ ਦਿੱਤਾ। ਜਨੂੰਨੀ ਇਹੋ ਜਿਹੇ ਹੀ ਤਾਂ ਹੁੰਦੇ ਹਨ।

ਸੋ ਆਓ, ਸੁਖਮੰਦਰ ਕੌਰ ਰਾਹੀਂ ਲਿਪੀਆਂਤਰਤ ਸ.ਗੀਰ ਤਬੱਸੁਮ ਦੀ ਇਸ ਪੁਸਤਕ ਦੇ ਬਹਾਨੇ ਲਹਿੰਦੇ ਪੰਜਾਬ ਦੇ ਆਪਣੇ ਹਮਬੋਲੀ ਸ਼ਾਇਰਾਂ ਨੂੰ ਜਾਣੀਏ ਅਤੇ ਉਸ ਇਸ਼ਕ ਦੇ ਸਮੁੰਦਰ ਵਿਚ ਤਾਰੀ ਲਾਈਏ ਜਿਸ ਬਾਰੇ ਸ.ਗੀਰ ਕਹਿੰਦਾ ਹੈ :

ਇਹੋ ਸੋਚ ਕੇ ਇਸ਼ਕ ਸਮੁੰਦਰ ਡੁੱਬਿਆ ਸਾਂ, ਉਸ ਦੀ ਬਸਤੀ ਨਾਲ ਕਿਨਾਰਾ ਲਗਦਾ ਹੈ...

**ਕੁਲਦੀਪ ਸਿੰਘ ਦੀਪ (ਡਾ.)**

**SAPTRISHI PUBLICATION**
www.saptrishipublication.com
M. 77174-65715, 94638-36591

ISBN 9 789348 639455
₹220.00